ਸੁਰਜੀਤ ਖ਼ੁਰਸ਼ੀਦੀ

ਸ਼ਬਦ ਲੀਲਾ

(ਭਾਸ਼ਾ-ਵਿਗਿਆਨ)

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਸ਼ਬਦ ਲੀਲਾ
(ਭਾਸ਼ਾ-ਵਿਗਿਆਨ)

Sri Satguru Jagjit Singh Ji Elibrary NamdhariElibrary@gmail.com

ਏਸੇ ਕਲਮ ਤੋਂ

1. ਪੰਜਾਬੀ ਸ਼ਬਦਾਰਥ ਦੀ ਰੂਪ ਰੇਖਾ (ਭਾਸ਼ਾ ਵਿਗਿਆਨ)
2. ਮੁੜ੍ਹਕੇ ਦੀ ਮਹਿਕ (ਕਵਿਤਾ)
3. ਮੀਨ ਪਿਆਸੀ (ਕਹਾਣੀਆਂ)
4. ਜਗਜੀਤ ਕੋਸ਼ (ਭਾਸ਼ਾ ਵਿਗਿਆਨ)

Sri Satguru Jagjit Singh Ji Elibrary NamdhariElibrary@gmail.com

ਸ਼ਬਦ ਲੀਲਾ

(ਭਾਸ਼ਾ-ਵਿਗਿਆਨ)

ਸੁਰਜੀਤ ਖ਼ੁਰਸ਼ੀਦੀ

ਨਵਯੁਗ ਪਬਲਿਸ਼ਰਜ਼
ਨਵੀਂ ਦਿੱਲੀ

Sri Satguru Jagjit Singh Ji Elibrary NamdhariElibrary@gmail.com

Shabad Leela
(Bhasha Vigyan)
By
Surjeet Khurshidi

© ਸੁਰਜੀਤ ਖ਼ੁਰਸ਼ੀਦੀ
1995

ਪਰਕਾਸ਼ਕ
ਨਵਯੁਗ ਪਬਲਿਸ਼ਰਜ਼
K-24, ਹੌਜ਼ ਖ਼ਾਸ, ਨਵੀਂ ਦਿੱਲੀ-16

ਛਾਪਕ
ਭਾਰਤੀ ਪ੍ਰਿੰਟਰਜ਼
ਨਵੀਨ ਸ਼ਾਹਦਰਾ, ਦਿੱਲੀ

ਮੁੱਲ : 85 ਰੁਪਏ

ISBN 81-86216-58-8

Sri Satguru Jagjit Singh Ji Elibrary NamdhariElibrary@gmail.com

ਅਰਘ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੂੰ
ਜਿਨ੍ਹਾਂ ਨੇ ਅਸ਼ੀਰਵਾਦ ਦਿੱਤਾ ਅਤੇ ਆਪਣੇ ਚਰਨਾਂ
ਨਾਲ ਜੋੜ ਕੇ ਮੌਕਾ ਪਰਦਾਨ ਕੀਤਾ ਕਿ ਇਹ ਕਾਰਜ
ਨੇਪਰੇ ਚਾੜ੍ਹਿਆ ਜਾ ਸਕੇ।

ਸੁਰਜੀਤ ਖ਼ੁਰਸ਼ੀਦੀ

ਸਮਰਪਤ

ਦਾਰ ਜੀ ਸ. ਗੁਰਬਖ਼ਸ਼ ਸਿੰਘ ਜੀ
ਪ੍ਰੀਤਲੜੀ ਦੀ ਯਾਦ ਨੂੰ
ਜਿਨ੍ਹਾਂ ਨੇ
ਪੰਜਾਬੀ ਭਾਸ਼ਾ ਦੇ ਸ਼ਬਦ ਭੰਡਾਰ
ਨੂੰ
ਮਾਲਾ ਮਾਲ ਕੀਤਾ।

ਸੁਰਜੀਤ ਖ਼ੁਰਸ਼ੀਦੀ

Sri Satguru Jagjit Singh Ji Elibrary NamdhariElibrary@gmail.com

ਨਾਗ ਛੇੜ ਲਿਆ ਕਾਲਾ
ਮੰਤਰ ਯਾਦ ਨਹੀਂ
ਭੂਮਿਕਾ ਵਜੋਂ ਕੁਝ ਸ਼ਬਦ

ਭਾਸ਼ਾ ਵਿਗਿਆਨ ਦੇ ਖੇਤ੍ਰ ਵਿਚ ਪਰੋਫ਼ੈਸਰਾਂ (ਡਾਕਟਰਾਂ) ਤੋਂ ਇਲਾਵਾ, ਮੇਰੇ ਵਰਗੇ, ਕਿਸੇ ਬੰਦੇ ਦਾ ਦਖ਼ਲ ਯੋਗ ਹੈ ਕਿ ਨਹੀਂ ਇਹ ਫ਼ੈਸਲਾ ਸਾਲਾਂ ਬਧੀ ਮੈਂ ਕਰ ਨਾ ਸਕਿਆ। ਪਰ ਸ਼ਬਦਾਂ ਦਾ ਸੰਸਾਰ ਇਤਨਾ ਅਦਭੁਤ ਹੈ ਕਿ ਇੱਕ ਵਾਰ ਵਿਅਕਤੀ ਇਸ ਵਿਚ ਪਰਵੇਸ਼ ਕਰ ਜਾਵੇ ਤਾਂ ਬਸ ਕੀਲਿਆ ਹੀ ਜਾਂਦਾ ਹੈ। ਇਹ ਉਂਝ ਤਾਂ ਗੂੰਗੇ ਦੇ ਗੁੜ ਖਾਣ ਵਾਲੀ ਗੱਲ ਹੈ। ਇਸ ਸੰਸਾਰ ਦੀ ਲੀਲਾ ਨੂੰ ਕੇਵਲ ਮਾਣਿਆ ਹੀ ਜਾ ਸਕਦਾ, ਬਿਆਨਣਾ ਮੁਸ਼ਕਲ ਹੈ। ਫੇਰ ਵੀ, ਮੈਂ ਕਿਉਂ ਜੋ ਇਸ ਟੂਣੇਹਾਰ ਸੰਸਾਰ ਵਿਚ ਪਰਵੇਸ਼ ਕਰ ਹੀ ਲਿਆ ਹੈ, ਮੈਂ ਆਪਣੇ ਮਨ ਦੀ ਖ਼ੁਸ਼ੀ, ਇਸ ਸੰਸਾਰ ਦੀ ਅਸਚਰਜਤਾ, ਨੂੰ ਹੋਰਾਂ ਨਾਲ ਸਾਂਝੀ ਕਰਨ ਤੋਂ ਆਪਣੇ ਆਪ ਨੂੰ ਹੋੜ ਨਾ ਸਕਿਆ। ਸਿੱਟਾ ਆਪ ਦੇ ਹੱਥਾਂ ਵਿਚ ਹੈ।

ਇਹ ਮਿਥਿਆ ਗਿਆ ਹੈ ਕਿ ਸਾਡੀ ਧਰਤੀ ਧੌਲੇ ਦੇ ਸਿੰਗਾਂ ਤੇ ਟਿਕੀ ਹੋਈ ਹੈ। ਪਰ ਇਹ ਕੋਈ ਮਿਥਿਆ ਨਹੀਂ ਹਕੀਕਤ ਹੈ ਕਿ ਸਾਰੀ ਸ੍ਰਿਸ਼ਟੀ ਸ਼ਬਦ ਦੇ ਆਧਾਰ ਤੇ ਟਿਕੀ ਹੋਈ ਹੈ। ਸ਼ਬਦ ਦੀ ਹੋਂਦ ਤੋਂ ਬਿਨਾਂ ਸਭ ਕੁਝ ਸੁੰਨਿਯਾ ਹੀ ਸੁੰਨਿਯ ਹੈ। ਸ਼ਬਦ ਹੀ ਸਾਰੀ ਦਿੱਖ ਅਤੇ ਅਦਿਖ ਸ੍ਰਿਸ਼ਟੀ ਦਾ ਸਿਰਜਣਹਾਰ ਹੈ। ਸ਼ਬਦ ਦੀ ਲੀਲਾ ਨਿਆਰੀ ਹੈ।

ਸ਼ਬਦ ਤੋਂ ਬਿਨਾਂ ਕੁਝ ਵੀ ਚਿਤਵਿਆ ਨਹੀਂ ਜਾ ਸਕਦਾ। ਸਾਰੇ ਗਿਆਨ, ਸਾਰਾ ਅਤੀਤ, ਵਰਤਮਾਨ ਅਤੇ ਭਵਿਖ ਸ਼ਬਦ ਦੀ ਜਕੜ ਵਿੱਚ ਹਨ। ਸ਼ਬਦ

Sri Satguru Jagjit Singh Ji Elibrary NamdhariElibrary@gmail.com

ਬਾਰੇ ਜਿਤਨਾਂ ਵੀ ਕੁਝ ਸੋਚਿਆ ਅਤੇ ਵਿਚਾਰਿਆ ਜਾਵੇ ਉਹ ਥੋੜ੍ਹਾ ਹੈ।

ਸਾਡੀ ਆਪਣੀ ਭਾਸ਼ਾ ਵਿਚ ਸ਼ਬਦਾਂ ਬਾਰੇ ਅਜੇ ਛੋਪ ਵਿਚੋਂ ਪੂਣੀ ਵੀ ਨਹੀਂ ਛੋਹੀ ਗਈ ਅਜੇ ਸਾਰਾ ਕੰਮ ਸਾਡੇ ਵਿਦਵਾਨਾਂ ਦੇ ਧਿਆਨ ਦੀ ਉਡੀਕ ਕਰ ਰਿਹਾ ਹੈ।

ਮੈਂ ਇਕ ਪੇਂਡੂ ਅਤੇ ਸਾਧਨਹੀਣ ਵਿਅਕਤੀ ਹਾਂ। ਪਿੰਡ ਵਿੱਚ ਬੈਠ ਕੇ ਨਰੋਲ ਆਪਣੇ ਸਾਧਨਾਂ ਅਤੇ ਨਿੱਜੀ ਪੁਸਤਕਾਂ ਦੇ ਸਹਾਰੇ ਇਹ ਕਾਰਜ ਨਿਭਾਣ ਦੀ ਕੋਸ਼ਿਸ਼ ਕੀਤੀ ਹੈ। ਹੋ ਸਕਦਾ ਹੈ ਕਿ ਇਹ ਨਗੂਣੀ ਕੋਸ਼ਿਸ਼ ਕਿਸੇ ਯੂਨੀਵਰਸਿਟੀ, ਵਿਭਾਗ, ਬੋਰਡ ਜਾਂ ਵਿਦਵਾਨ ਦੇ ਲਈ ਇਕ ਚੈਲਿੰਜ ਸਿਧ ਹੋ ਜਾਵੇ ਅਤੇ ਇਸ ਪਾਸੇ ਕੁਝ ਕੰਮ ਆਰੰਭਿਆ ਜਾਵੇ।

ਅਜੇ ਤਾਂ ਅਸੀਂ ਆਪਣੇ ਸ਼ਬਦਾਂ ਦੀ ਨਿਰੁਕਤੀ ਤਿਆਰ ਕਰਨੀ ਹੈ। ਕਿਹੜਾ ਸ਼ਬਦ ਸਾਡੀ ਭਾਸ਼ਾ ਵਿੱਚ ਕਦੋਂ ਸ਼ਾਮਿਲ ਹੋਇਆ ਇਸ ਬਾਰੇ ਕੰਮ ਕਰਨਾ ਹੈ। ਕਿਸ ਵਿਦਵਾਨ ਨੇ ਸਾਡੀ ਭਾਸ਼ਾ ਨੂੰ ਕਿਹੜੇ ਕਿਹੜੇ ਅਤੇ ਕਿਤਨੇ ਸ਼ਬਦ ਦਿੱਤੇ ਹਨ ਇਸ ਦਾ ਵੇਰਵਾ ਤਿਆਰ ਕਰਨਾ ਹੈ। ਕਿੱਸਾ ਕਾਵਿ, ਨਾਥਾਂ ਜੋਗਿਆਂ ਦੀ ਬਾਣੀ ਆਦਿ ਦੇ ਕੋਸ਼ ਤਿਆਰ ਕਰਨੇ ਹਨ। ਨਵੇਂ ਆ ਰਹੇ ਸ਼ਬਦਾਂ ਦਾ ਸਵਾਗਤ ਕਰਕੇ ਕੋਸ਼ ਵਿਚ ਸ਼ਾਮਿਲ ਕਰਨਾ ਹੈ। ਪੰਜਾਬੀ ਵਿੱਚ, ਅੰਗਰੇਜ਼ੀ, ਫਾਰਸੀ, ਤੁਰਕੀ, ਅਰਬੀ ਆਦਿ ਭਾਸ਼ਾਵਾਂ ਦੇ ਸ਼ਬਦਾਂ ਦੇ ਕੋਸ਼ ਤਿਆਰ ਕਰਨੇ ਹਨ।

ਮੇਰੀ ਇਹ ਕੋਸ਼ਿਸ਼ ਪੰਜਾਬੀ ਭਾਸ਼ਾ ਦੇ ਹਿਤੈਸ਼ੀਆਂ ਦਾ ਇਹਨਾਂ ਸਾਰੇ ਖੇਤ੍ਰਾਂ ਵਲ ਧਿਆਨ ਆਕਰਸ਼ਤ ਕਰਨ ਦੇ ਲਈ ਹੀ ਸਮਝੀ ਜਾਣੀ ਚਾਹੀਦੀ ਹੈ। ਉਂਝ ਇਸ ਪੁਸਤਕ ਦਾ ਮੂਲ ਆਧਾਰ ਮੇਰੀ ਪਹਿਲੀ ਪੁਸਤਕ "ਪੰਜਾਬੀ ਸ਼ਬਦਾਰਥ ਦੀ ਰੂਪ ਰੇਖਾ" ਹੀ ਹੈ। ਵੈਸੇ ਇਹ ਆਪਣੇ ਆਪ ਵਿਚ, ਹਰ ਪੱਖੋਂ, ਇਕ ਨਵੀਂ ਕੋਸ਼ਿਸ਼ ਹੈ। ਆਕਾਰ ਵਿਚ ਉਸ ਨਾਲੋਂ ਨਿੱਕੀ ਵਸਤੂ ਅਤੇ ਨਿੱਗਰਤਾ ਪੱਖੋਂ ਵੱਡੀ ਹੈ। ਗੂੜ੍ਹ "ਤੱਤਾ ਵਾਦੀ" ਭਾਸ਼ਾ ਨਾ ਮੈਂ ਜਾਣਦਾ ਹਾਂ ਅਤੇ ਨਾ ਹੀ ਵਰਤਣ ਦੀ ਉਚੇਚ ਕੀਤੀ ਹੈ। ਇਸ ਪਖੋਂ ਵਿਦਵਾਨ ਖਿਮਾ ਕਰਨ। ਉਂਝ ਵੀ ਇਹ ਪੁਸਤਕ ਵਿਦਵਾਨਾਂ ਲਈ ਨਹੀਂ ਲਿਖੀ ਗਈ। ਆਪਣੇ ਵਰਗਿਆਂ ਦੇ ਨਾਲ ਹੀ ਸੰਵਾਦ ਸਮਝਿਆ ਜਾਵੇ ਤਾਂ ਲੇਖਕ ਨਾਲ ਇਨਸਾਫ਼ ਹੋਵੇਗਾ।

ਸੁਰਜੀਤ ਖ਼ੁਰਸ਼ੀਦੀ
ਸ੍ਰੀ ਭੈਣੀ ਸਾਹਿਬ
ਜ. ਲੁਧਿਆਣਾ

Sri Satguru Jagjit Singh Ji Elibrary NamdhariElibrary@gmail.com

ਤਤਕਰਾ

(1)	ਭਾਸ਼ਾ ਦੀ ਉਤਪਤੀ	15
(2)	ਪੰਜਾਬੀ ਭਾਸ਼ਾ	20
(3)	ਸ਼ਬਦ ਲੀਲਾ	23
(4)	ਸ਼ਬਦ ਦਾ ਅਰਥ ਸੰਕੋਚ ਅਤੇ ਅਰਥ ਵਿਸਤਾਰ	29
(5)	ਸ਼ਬਦ ਦਾ ਅਲੰਕਾਰਕ ਹੋ ਜਾਣਾ	36
(6)	ਸ਼ਬਦ ਦੇ ਘਿਰਣਤ ਅਰਥ ਹੋ ਜਾਣੇ	39
(7)	ਸ਼ਬਦ ਦਾ ਅਰਥ ਪ੍ਰੀਵਰਤਨ	41
(8)	ਪੰਜਾਬੀ ਭਾਸ਼ਾ ਦੀ ਪਾਚਣ ਸਮਰੱਥਾ	45
(9)	ਪੰਜਾਬੀ ਨਿਰੁਕਤੀ	50
(10)	ਵੱਖ ਵੱਖ ਭਾਸ਼ਾਵਾਂ ਦੀਆਂ ਸੰਧੀਆਂ	56
(11)	ਸ਼ਬਦ ਸਾਂਝਾਂ	58
(12)	ਸਮਅਰਥੀ ਸ਼ਬਦਾਵਲੀ	60
(13)	ਬੌਧਕ ਅਤੇ ਸਾਧਾਰਨ ਸ਼ਬਦ	62
(14)	ਮਨੁੱਖੀ ਸਰੀਰ ਅਤੇ ਅੰਗ-ਕਿਰਿਆਵਾਂ ਤੋਂ ਸ਼ਬਦ ਅਤੇ ਉਪਮਾਵਾਂ	66
(15)	ਪਹਿਰਾਵੇ ਤੋਂ ਸ਼ਬਦ ਅਤੇ ਉਪਮਾਵਾਂ	70
(16)	ਚੌਗਿਰਦੇ ਅਤੇ ਨਿਤਾਪ੍ਰਤੀ ਜੀਵਨ ਤੋਂ ਸ਼ਬਦ	73
(17)	ਪਸ਼ੂ-ਪੰਛੀਆਂ ਤੋਂ ਸ਼ਬਦ ਅਤੇ ਉਮਾਵਾਂ	81
(18)	ਰੱਸਈ ਤੋਂ ਸ਼ਬਦ	86
(19)	ਰਾਜਨੀਤੀ ਦੇ ਖੇਤ੍ਰ ਤੋਂ ਸ਼ਬਦ	89
(20)	ਰਾਜਸੱਤਾ ਅਰਥਾਤ ਮਹਿਕਮਿਆਂ ਤੋਂ ਸ਼ਬਦ	91

Sri Satguru Jagjit Singh Ji Elibrary NamdhariElibrary@gmail.com

(21) ਵਿਦਿਆ ਦੇ ਖੇਤ੍ਰ 'ਚੋਂ ਸ਼ਬਦ 93

(22) ਗਣਿਤ ਤੋਂ ਸ਼ਬਦ ਅਤੇ ਉਪਮਾਵਾਂ 95

(23) ਚਕਿਸਤਾ ਦੇ ਖੇਤ੍ਰ 'ਚੋਂ ਸ਼ਬਦ 96

(24) ਬਿਜਲੀ ਦੇ ਖੇਤ੍ਰ 'ਚੋਂ ਸ਼ਬਦ 97

(25) ਫਿਲਮਾਂ ਦੇ ਖੇਤ੍ਰ 'ਚੋਂ ਸ਼ਬਦ 98

(26) ਨਸ਼ੇ, ਪਾਰਟੀਆਂ ਅਤੇ ਕਲੱਬ ਤੋਂ ਸ਼ਬਦ 99

(27) ਕਿੱਤਿਆਂ ਤੋਂ ਸ਼ਬਦ ਅਤੇ ਉਪਮਾਵਾਂ 100

(28) ਹੱਥਿਆਰਾਂ ਅਤੇ ਯੁੱਧਾਂ ਤੋਂ ਸ਼ਬਦ 102

(29) ਆਵਾਜਾਈ ਦੇ ਸਾਧਨਾਂ ਤੋਂ ਸ਼ਬਦ 104

(30) ਧਰਮ ਤੋਂ ਸ਼ਬਦ ਅਤੇ ਉਪਮਾਵਾਂ 105

(31) ਖੇਡ ਕੁੱਦ ਦੇ ਖੇਤ੍ਰ 'ਚੋਂ ਸ਼ਬਦ 107

(32) ਹਾਰ-ਸ਼ਿੰਗਾਰ ਅਤੇ ਜ਼ੇਵਰਾਂ ਤੋਂ ਸ਼ਬਦ 108

(33) ਦੇਸ ਦੀ ਵੰਡ ਅਤੇ ਸੰਪਰਦਾਇਕ ਘੱਲੂਘਾਰੇ ਤੋਂ ਸ਼ਬਦ 109

(34) ਜਨਸਾਧਾਰਨ ਦੀ ਟਕਸਾਲ ਵਿਚੋਂ ਸ਼ਬਦ 110

(35) ਸਾਧਾਂ ਦੀ ਸ਼ਬਦਾਵਲੀ 112

(36) ਨਾਮਧਾਰੀ ਸਿੰਘਾਂ ਦੀ ਸ਼ਬਦਾਵਲੀ 113

(37) ਤਰੀਮਤਾਂ ਦੀ ਸ਼ਬਦਾਵਲੀ 116

(38) ਨਿਹੰਗ ਸਿੰਘਾਂ ਦੀ ਸ਼ਬਦਾਵਲੀ 120

(39) ਪਸ਼ੂਆਂ ਦੇ ਵਿਉਪਾਰੀਆਂ ਦੀ ਸ਼ਬਦਾਵਲੀ 124

(40) ਖ਼ੁਸ਼ ਬੋਲੇ 127

(41) ਪ੍ਰੇਮੀਆਂ ਦੀ ਸ਼ਬਦਾਵਲੀ 129

(42) ਉਚਾਰਨ ਵਿਚ ਸ਼ਬਦ ਦਾ ਤਰਲ ਹੋ ਜਾਣਾ 130

(43) ਮਾਂ ਮਹਿਟਰ ਸ਼ਬਦਾਵਲੀ 131

(44) ਤਿਆਗੀ ਹੋਈ ਸ਼ਬਦਾਵਲੀ ਅਤੇ ਉਪਮਾਵਾਂ 140

(45) ਸ਼ਬਦ ਵਿੱਚ ਅੱਖਰ ਲੋਪ 144

(46) ਅਲੋਪ ਹੋ ਰਹੀ ਸ਼ਬਦਾਵਲੀ ਅਤੇ ਉਪਮਾਵਾਂ 146

(47) ਅਲੋਪ ਹੋ ਚੁੱਕੀ ਸ਼ਬਦਾਵਲੀ 148

Sri Satguru Jagjit Singh Ji Elibrary NamdhariElibrary@gmail.com

(48) ਅਣਹੋਣੀਆਂ ਚੀਜ਼ਾਂ ਦੇ ਨਾਵਾਂ ਤੋਂ ਸ਼ਬਦ 150
(49) ਸ੍ਰੈਨਿਕ ਸ਼ਬਦਾਵਲੀ 152
(50) ਮਿਥਿਹਾਸ, ਲੋਕ ਕਹਾਣੀਆਂ ਅਤੇ ਵਿਸ਼ੇਸ਼ ਘਟਨਾਵਾਂ ਤੋਂ ਸ਼ਬਦ 154
(51) ਭਾਸ਼ਾ ਵਿਗਿਆਨ ਦਾ ਦੂਜੇ ਵਿਗਿਆਨਾਂ ਅਤੇ ਗਿਆਨ ਸਾਸਤਰਾਂ ਨਾਲ ਸੰਬੰਧ 161
(52) ਸੰਦਰਭ ਪੁਸਤਕ ਸੂਚੀ 165
(53) ਸ਼ਬਦ ਵੇਰਵਾ (ਇੰਡੈਕਸ) 168

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਭਾਸ਼ਾ ਦੀ ਉਤਪਤੀ

ਭਾਸ਼ਾ ਮੂਲ ਰੂਪ ਵਿਚ ਉਚਰਿਤ ਹੈ। ਲਿਖਤ ਭਾਸ਼ਾ ਇਸੇ ਉਚਰਿਤ ਰੂਪ ਦਾ ਇਕ ਪ੍ਰਤਿਲਿਪੀ ਹੈ। ਸੰਸਾਰ ਦੀਆਂ ਭਾਸ਼ਾਵਾਂ ਦੀ ਬਹੁਤ ਭਾਰੀ ਸੰਖਿਆ ਅਜੇ ਤਕ ਵੀ ਕੇਵਲ ਉਚਰਿਤ ਰੂਪ ਵਿਚ ਹੀ ਹੈ। ਲਿਖਤ ਰੂਪ ਵਿਚ ਤਾਂ ਕੁਝ ਗਿਣਤੀ ਦੀਆਂ ਭਾਸ਼ਾਵਾਂ ਹੀ ਮਿਲਦੀਆਂ ਹਨ। ਸ਼ਬਦ "ਭਾਸ਼ਾ" ਦਾ ਅਰਥ ਹੀ ਉਚਰਿਤ ਭਾਸ਼ਾ ਹੈ–ਬੋਲੇ ਜਾਣ ਵਾਲੀ–। ਭਾਸ਼ਾ ਮਨੁੱਖ ਦੇ ਮੂਹੋਂ ਉਚਰੀਆਂ ਧੁਨੀਆਂ ਨਾਲ ਬਣਦੀ ਹੈ। ਮਨੁੱਖ ਦੇ ਧੁਨੀ–ਅੰਗ (ਜਾਂ ਯੰਤਰ) ਅਣਗਿਣਤ ਧੁਨੀਆਂ ਉਚਾਰ ਸਕਦੇ ਹਨ ਪਰ ਉਹ ਉਚਾਰੇ ਹੋਏ ਸ਼ਬਦ ਹੀ ਨਿਰੇ ਭਾਸ਼ਾ ਨਹੀਂ ਹੁੰਦੇ। ਹਰ ਸ਼ਬਦ ਦੇ ਨਿਸ਼ਚਿਤ ਅਰਥ ਹੁੰਦੇ ਹਨ ਅਤੇ ਇਸੇ ਪਰਕਾਰ ਸ਼ਬਦਾਂ ਦੀ ਨਿਸ਼ਚਿਤ ਤਰਤੀਬ ਨਾਲ ਵਾਕ ਬਣਦੇ ਹਨ ਅਤੇ ਭਾਸ਼ਾ ਰੂਪਮਾਨ ਹੁੰਦੀ ਹੈ।

ਲਿਖਤ ਭਾਸ਼ਾ ਉਚਰਿਤ ਭਾਸ਼ਾ ਦਾ ਹੀ ਇਕ ਰੂਪ ਹੈ ਜਿਸ ਵਿਚ ਧੁਨੀਆਤਮਕ ਚਿੰਨ੍ਹਾਂ ਦੀ ਥਾਂ ਉਲੀਕੇ ਹੋਏ (ਜਾਂ ਉਕਰੇ ਹੋਏ) ਚਿੰਨ੍ਹ ਵਰਤੇ ਜਾਂਦੇ ਹਨ।

ਭਾਸ਼ਾ ਅਸਲ ਵਿਚ ਮੂਹੋਂ ਉਚਾਰੇ ਗਏ ਧੁਨੀ-ਆਤਮਕ ਚਿੰਨ੍ਹਾਂ ਦੀ ਉਹ ਵਿਉਂਤਬਧ ਪ੍ਰਣਾਲੀ ਹੈ ਜਿਸ ਦੁਆਰਾ ਮਨੁੱਖ ਆਪਣੇ ਵਿਚਾਰ, ਇਛਾਵਾਂ, ਹਾਵ-ਭਾਵ ਆਦਿ ਦੂਜੇ ਮਨੁੱਖ ਤੱਕ ਪਹੁੰਚਾਉਂਦਾ ਹੈ।

ਭਾਸ਼ਾ ਦਾ ਇਤਿਹਾਸ ਮਨੁੱਖ ਦੇ ਇਤਿਹਾਸ ਨਾਲੋਂ ਵਖਰਾਇਆ ਨਹੀਂ ਜਾ ਸਕਦਾ। ਜਾਂ ਦੂਜੇ ਸ਼ਬਦਾਂ ਵਿਚ ਇੰਜ ਕਹਿ ਲਓ ਕਿ ਭਾਸ਼ਾ ਮਨੁੱਖ ਦੇ ਵਿਕਾਸ ਦਾ ਇਤਿਹਾਸ ਹੈ।

Sri Satguru Jagjit Singh Ji Elibrary NamdhariElibrary@gmail.com

ਜਿਵੇਂ ਜਿਵੇਂ ਮਨੁੱਖ ਵਿਚ ਵਿਵੇਕਸ਼ੀਲ ਚੇਤੰਨਤਾ ਜਾਗਦੀ ਗਈ ਤਿਵੇਂ ਤਿਵੇਂ ਆਪਾ ਪ੍ਰਗਟਾਉਣ ਲਈ ਪ੍ਰਫੁੱਲਤ ਸ਼ਬਦਾਵਲੀ ਦੀ ਲੋੜ ਭਾਸਦੀ ਰਹੀ ਅਤੇ ਭਾਸ਼ਾ ਵਿਕਾਸ ਕਰਦੀ ਗਈ।

ਮਨੁੱਖ ਦੀਆਂ ਸਾਰੀਆਂ ਪੁਰਾਤਨ ਭਾਸ਼ਾਵਾਂ, ਜਿਨ੍ਹਾਂ ਵਿਚ ਇਬਰਾਨੀ, ਲਾਤੀਨੀ ਅਤੇ ਸੰਸਕ੍ਰਿਤ ਆਦਿ ਸ਼ਾਮਿਲ ਹਨ, ਕਿਸੇ ਇਕ ਵਡੇਰੀ ਭਾਸ਼ਾ ਵਿਚੋਂ ਨਿਕਲੀਆਂ ਜਾਂ ਉਨਤ ਹੋਈਆਂ ਪਰਤੀਤ ਹੁੰਦੀਆਂ ਹਨ। ਇਹ ਆਦਿ-ਵਡੇਰੀ-ਭਾਸ਼ਾ, ਜਿਸ ਦੀ ਝਾਅ ਇਹਨਾਂ ਵਡੇਰੀਆਂ ਭਾਸ਼ਾਵਾਂ ਵਿਚ ਪੈਂਦੀ ਹੈ, ਦਰਸਾਉਂਦੀ ਹੈ ਕਿ ਮਨੁੱਖ ਦੀਆਂ ਵੱਖ ਵੱਖ ਨਸਲਾਂ ਵੀ ਇਕੋ ਵੱਡ-ਵਡੇਰੇ ਦੀ ਸੰਤਾਨ ਹਨ। ਜਾਂ ਪਹਿਲੇ ਮਨੁੱਖ ਦਾ ਵਿਕਾਸ-ਖੇਤ੍ਰ ਇੱਕ ਹੀ ਹੈ।

ਇਹ ਪੁਰਾਤਨ ਭਾਸ਼ਾਵਾਂ ਮਨੁੱਖ ਦੇ ਵੱਖ ਵੱਖ ਭੂਗੋਲਕ ਖੇਤ੍ਰਾਂ ਵਿਚ ਖਿੰਡ ਜਾਣ ਦੇ ਨਾਲ ਆਪਣੀਆਂ ਧੁਨਾਂ, ਸੁਰਾਂ ਬਦਲਦੀਆਂ ਰਹੀਆਂ ਹਨ। ਇਹੋ ਕਾਰਨ ਹੈ ਕਿ ਇਹਨਾਂ ਦੀ ਲਿੱਪੀ ਵੱਖ ਵੱਖ ਹੈ।

ਭਾਸ਼ਾ ਦੀ ਵਰਤੋਂ ਸੰਚਾਰ ਦੇ ਮੰਤਵ ਲਈ ਕੀਤੀ ਜਾਂਦੀ ਹੈ। ਸੰਚਾਰ ਦੇ ਹੋਰ ਸਾਧਨ ਵੀ ਹਨ ਪਰ ਉਹਨਾਂ ਦੀ ਹੋਂਦ ਭਾਸ਼ਾ ਜਾਂ ਸ਼ਬਦ ਤੋਂ ਬਾਹਰ ਨਹੀਂ ਹੋ ਸਕਦੀ, ਜਿਵੇਂ ਸੰਕੇਤਕ ਭਾਸ਼ਾ, ਟਰੈਫਿਕ ਅਤੇ ਰੇਲ ਦੇ ਸਿਗਨਲ। ਖ਼ੁਫ਼ੀਆ ਇਸ਼ਾਰੇ-ਸੰਕੇਤ ਜਿਵੇਂ ਸਾਇਫਰ ਵਿਧੀ, ਟੈਲੀਗਰਾਮ ਆਦਿ।

ਭਾਸ਼ਾ ਦੀ ਉਤਪਤੀ ਬਾਰੇ ਸਾਰੇ ਦੇ ਸਾਰੇ ਵਿਦਵਾਨ ਇੱਕ ਗੱਲ ਤੇ ਸਹਿਮਤ ਹਨ ਕਿ ਇਹ ਨਿਸ਼ਚਿਤ ਨਹੀਂ ਹੋ ਸਕਦਾ ਕਿ ਭਾਸ਼ਾ ਦੀ ਉਤਪਤੀ ਕਿਵੇਂ ਹੋਈ। ਕੇਵਲ ਅੰਦਾਜ਼ੇ ਹੀ ਹਨ। ਇਹਨਾਂ ਅੰਦਾਜ਼ਿਆਂ ਵਿਚ ਆਪਣੇ ਆਪਣੇ ਸਮੇਂ ਦਾ ਸੱਚ ਪਰੋਇਆ ਪਿਆ ਹੈ ਅਤੇ ਇਹ ਅੰਦਾਜ਼ੇ ਭਾਸ਼ਾ ਵਿਗਿਆਨ ਵਿਚ ਵੱਖ ਵੱਖ ਪੜਾਅ ਹਨ, ਮੰਜ਼ਲ ਨਹੀਂ ਹਨ। ਹੋ ਸਕਦਾ ਹੈ ਕਿ ਮੰਜ਼ਲ ਤੱਕ ਮਨੁੱਖੀ ਗਿਆਨ ਦਾ ਪ੍ਰਕਾਸ਼ ਕਦੇ ਵੀ ਨਾ ਪੁੱਜ ਸਕੇ ਪਰ ਮੰਜ਼ਲ ਦੇ ਆਸ-ਪਾਸ ਜ਼ਰੂਰ ਪੁੱਜੇਗਾ। ਭਾਸ਼ਾ ਵਿਗਿਆਨੀ ਇਹਨਾਂ ਪੜਾਵਾਂ ਨੂੰ ਉਲੰਘ ਕੇ ਨਹੀਂ ਜਾ ਸਕਦੇ। ਭਾਸ਼ਾ ਦੀ ਉਤਪਤੀ ਬਾਰੇ ਵੱਖ ਵੱਖ ਸਿਧਾਂਤ ਇੰਜ ਹਨ :-

1. ਧਾਰਮਿਕ ਵਿਚਾਰ ਰੱਖਣ ਵਾਲੇ ਵਿਦਵਾਨਾਂ ਦਾ ਵਿਚਾਰ ਹੈ ਕਿ ਈਸ਼ਵਰ ਨੇ ਜਦੋਂ ਪ੍ਰਥਮ ਮਨੁੱਖ ਦੀ ਸਿਰਜਣਾ ਕੀਤੀ ਤਾਂ ਆਪ ਉਸਨੂੰ ਭਾਸ਼ਾ ਸਿਖਾਈ। ਹਰ ਧਰਮ ਦੇ ਅਨੁਇਆਈ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਉਸੇ ਦੇ ਧਰਮ ਗਰੰਥ ਦੀ ਭਾਸ਼ਾ ਅਨਾਦੀ ਹੈ ਅਤੇ ਈਸ਼ਵਰ ਨੇ ਪਹਿਲੇ ਮਨੁੱਖ ਦੇ ਨਾਲ ਉਸੇ ਭਾਸ਼ਾ ਵਿੱਚ ਗੱਲ ਕੀਤੀ ਸੀ। ਪਰ ਇਹ ਸਿਧਾਂਤ ਵਿਕਾਸ ਸਿਧਾਂਤ ਦੇ

Sri Satguru Jagjit Singh Ji Elibrary NamdhariElibrary@gmail.com

ਸਾਹਮਣੇ ਖਲੋ ਨਾ ਸਕਿਆ।

2. ਦੂਜਾ ਸਿਧਾਂਤ ਇਹ ਸੀ ਕਿ ਭਾਵੇਂ ਈਸ਼ਵਰ ਨੇ ਮਨੁੱਖ ਦੀ ਸਿਰਜਣਾ ਨਾਲ ਭਾਸ਼ਾ ਨਹੀਂ ਸਿਰਜੀ ਫਿਰ ਵੀ ਮਨੁੱਖ ਜਾਤੀ ਨੇ ਸਿਰ ਜੋੜ ਕੇ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਲਈ ਭਾਸ਼ਾ ਦੀ ਕਾਢ ਕੱਢੀ। ਇਹ ਸਿਧਾਂਤ ਵੀ ਅਜੋਕੇ ਭਾਸ਼ਾ ਵਿਗਿਆਨੀਆਂ ਨੂੰ ਸੰਤੁਸ਼ਟ ਕਰਨ ਤੋਂ ਅਸਮਰਥ ਹੈ। ਅੱਜ ਵਿਕਾਸ ਸਿਧਾਂਤ ਦੀ ਮਾਨਤਾ ਦਾ ਯੁਗ ਹੈ।

3. ਤੀਜਾ ਸਿਧਾਂਤ ਇਹ ਸੀ ਕਿ ਇਕ ਤਰ੍ਹਾਂ ਦੀ ਅੰਤ੍ਰੀਵ ਅਤੇ ਸੁਭਾਵਕ ਪ੍ਰੇਰਣਾ ਨਾਲ, ਜਿਸ ਦੇ ਵੇਗ ਨੂੰ ਰੋਕਣਾ ਮਨੁੱਖ ਦੇ ਲਈ ਸੰਭਵ ਨਹੀਂ ਸੀ, ਮਨੁੱਖ ਦੇ ਭਾਵ ਭਾਸ਼ਾ ਰਾਹੀਂ ਪ੍ਰਗਟ ਹੋਏ ਬਿਨਾ ਨਾ ਰਹਿ ਸਕੇ ਅਤੇ ਭਾਸ਼ਾ ਦੀ ਉਤਪਤੀ ਦਾ ਕਾਰਨ ਬਣੇ।

4. ਚੌਥਾ ਸਿਧਾਂਤ ਭਾਸ਼ਾ ਨੂੰ ਵਿਕਾਸ ਦਾ ਸਿੱਟਾ ਤਾਂ ਮੰਨਦਾ ਹੈ ਪਰ ਡਾਰਵਿਨ ਦੇ ਵਾਂਗ ਨਹੀਂ। ਇਸ ਸਿਧਾਂਤ ਦੇ ਇਕੋ ਜਿਹੇ ਦੋ ਮਤ ਹਨ।

(ੳ) ਪਹਿਲਾ ਮੱਤ ਇਹ ਹੈ ਕਿ ਮਨੁੱਖ ਨੇ ਜਿਵੇਂ ਸੁਣਿਆ ਤਿਵੇਂ ਬੋਲਿਆ ਅਤੇ ਇੰਜ ਭਾਸ਼ਾ ਪ੍ਰਗਟ ਹੋ ਗਈ। ਪੰਛੀਆਂ ਦੇ ਨਾਂ ਆਦਿ ਉਹਨਾਂ ਦੀਆਂ ਆਵਾਜ਼ਾਂ ਸੁਣ ਕੇ ਰੱਖ ਲਏ। ਜਿਵੇਂ ਇੱਕ ਪੰਛੀ ਦੀ ਆਵਾਜ਼ ਕਾਂ-ਕਾਂ ਤੋਂ ਉਸਦਾ ਨਾਂ ਹੀ ਕਾਂ ਰੱਖ ਲਿਆ। ਇਹ ਮੱਤ ਕਹਿੰਦਾ ਹੈ ਕਿ ਇੰਝ ਪਸ਼ੂ-ਪੰਛੀਆਂ ਦੀ ਨਕਲ ਉਤਾਰਨ ਤੋਂ ਭਾਸ਼ਾ ਦਾ ਵਿਕਾਸ ਹੋਇਆ। ਇਸ ਸਿਧਾਂਤ)ਨੂੰ ਬਊ ਬਊ (bow-bow Theory) ਸਿਧਾਂਤ ਕਹਿੰਦੇ ਹਨ।

(ਅ) ਦੂਜਾ ਸਿਧਾਂਤ ਇੰਝ ਹੈ ਕਿ ਦੁੱਖ ਜਾਂ ਸੁੱਖ ਵੇਲੇ ਹਰ ਮਨੁੱਖ ਆਪ ਮੁਹਾਰੇ ਕੁਝ ਆਵਾਜ਼ਾਂ ਕਢਦਾ ਹੈ। ਜਿਵੇਂ ਹਾਇ, ਉਹ, ਵਾਹ, ਸੀ, ਹੂੰ ਆਦਿ। ਸਮੇਂ ਦੇ ਨਾਲ ਨਾਲ ਇਹਨਾਂ ਧੁਨੀਆਂ ਨੇ ਭਾਸ਼ਾਂ ਦੇ ਬਣਾਉਣ ਵਿਚ ਹਿੱਸਾ ਪਾਇਆ। ਇਸ ਸਿਧਾਂਤ ਦਾ ਨਾਂ ਪੂਹ-ਪੂਹ ਵਾਦ (Pooh-Pooh Theory) ਹੈ।

5. ਪੰਜਵਾਂ ਸਿਧਾਂਤ ਹੈ ਚਾਰਲਸ ਡਾਰਵਨ ਦਾ ਵਿਕਾਸ ਸਿਧਾਂਤ। ਡਾਰਵਨ ਨੇ ਅੰਤਾਂ ਦੀ ਮਿਹਨਤ ਨਾਲ, ਸਾਲਾਂ ਬੱਧੀ ਇਕਾਗਰ ਸਾਧਨਾ ਨਾਲ ਪ੍ਰਯੋਗ ਕਰਕੇ, ਸਿਧ ਕੀਤਾ ਕਿ ਮਨੁੱਖ ਵਾਂਗ ਹੋਰ ਪਸ਼ੂਆਂ ਪਾਸ ਵੀ ਭਾਸ਼ਾ ਹੈ। ਭਾਵੇਂ ਸੀਮਤ ਸ਼ਬਦਾਵਲੀ ਹੀ ਹੈ। ਉਹ ਭਾਸ਼ਾ ਰਾਹੀਂ ਆਪਣਾ ਦੁੱਖ, ਖ਼ੁਸ਼ੀ ਅਤੇ ਹੋਰ ਇੱਕਾ ਦੁੱਕਾ ਪਰਭਾਵ ਦੂਜਿਆਂ ਤੀਕ ਪੁਜਾ ਸਕਦੇ ਹਨ। ਪਰ ਮਨੁੱਖ ਵਿਚ, ਵਿਕਾਸ ਕਾਰਨ, ਵਿਵੇਕਸ਼ੀਲ ਚੇਤਨਤਾ ਜਾਗਦੀ ਗਈ ਅਤੇ ਇੰਜ ਉਸਦੇ

Sri Satguru Jagjit Singh Ji Elibrary NamdhariElibrary@gmail.com

ਸ਼ਬਦ ਭੰਡਾਰ ਦੀ ਗ਼ਰੀਬੀ ਨੇ ਉਸਨੂੰ ਆਪਾ ਪ੍ਰਗਟਾਵੇ ਲਈ ਹੋਰ ਸ਼ਬਦ ਉਚਾਰਨ ਲਈ ਮਜਬੂਰ ਕੀਤਾ। ਇੰਜ ਉਸਦਾ ਸ਼ਬਦ ਭੰਡਾਰ ਅਮੀਰ ਹੁੰਦਾ ਗਿਆ। ਭਾਸ਼ਾ ਦੀ ਰੂਪ ਰੇਖਾ ਨਿੱਖਰਦੀ ਗਈ। ਇਹ ਸਿਧਾਂਤ ਅੱਜ ਭਾਸ਼ਾ ਵਿਗਿਆਨ ਦਾ ਧੁਰਾ ਹੈ।

6. ਇਕ ਹੋਰ ਸਿਧਾਂਤਕਾਰ ਮਿਸਟਰ ਆਰ. ਏ. ਵਿਲਸਨ ਭਾਸ਼ਾ ਦੀ ਉਤਪਤੀ ਬਾਰੇ ਆਪਣਾ ਸਿਧਾਂਤ ਲੈ ਕੇ ਆਏ ਹਨ। ਇਹ ਸਿਧਾਂਤ ਵਿਦਵਾਨਾਂ ਦੇ ਵਿਚਾਰ ਅਧੀਨ ਹੈ। ਇਸ ਦੀ ਪੁਣ ਛਾਣ ਹੋ ਰਹੀ ਹੈ। ਇਹ ਸਿਧਾਂਤ ਹੈ ਕਾਲ ਅਤੇ ਪੁਲਾੜ ਦਾ ਸਿਧਾਂਤ (Time and space Theory) ਇਸ ਸਿਧਾਂਤ ਨੇ ਸਾਰੇ ਪੂਰਬ ਸਿਧਾਂਤਾਂ ਦਾ ਨਿਖੇਧ ਕੀਤਾ ਹੈ। ਖ਼ਾਸ ਕਰ ਕੇ ਡਾਰਵਨ ਦੀ ਵਿਕਾਸ ਥਿਊਰੀ ਦਾ। ਕਿਉਂ ਜੋ, ਇਹ ਸਿਧਾਂਤ ਇਸ ਤੋਂ ਪੂਰਬ ਸਾਰੀਆਂ ਥਿਊਰੀਆਂ ਦਾ ਪਹਿਲਾਂ ਹੀ ਨਿਖੇਧ ਕਰ ਚੁੱਕਾ ਹੋਇਆ ਹੈ। ਡਾਰਵਨ ਦਾ ਸਿਧਾਂਤ ਕਹਿੰਦਾ ਹੈ ਕਿ ਮਨੁੱਖ ਵਾਂਗ ਪਸ਼ੂ ਵੀ ਭਾਸ਼ਾ ਰਖਦੇ ਹਨ। ਜੇ ਉਹਨਾਂ ਦੀ ਸ਼ਬਦਾਵਲੀ ਸੀਮਤ ਹੈ ਤਾਂ ਕੇਵਲ ਇਸ ਲਈ ਕਿ ਉਹਨਾਂ ਦੀ ਆਪਾ ਪ੍ਰਗਟਾਵੇ ਦੀ ਲਾਲਸਾ ਮਨੁੱਖ ਵਾਂਗ ਵਿਕਾਸ ਨਹੀਂ ਕਰ ਸਕੀ। ਨਾਂ ਹੀ ਉਹਨਾਂ ਦੀ ਬੁੱਧੀ ਵਿਕਾਸ ਕਰਕੇ ਵਿਵੇਕਸ਼ੀਲ ਹੋ ਸਕੀ ਹੈ। ਪਰ ਕਾਲ ਅਤੇ ਪੁਲਾੜ ਸਿਧਾਂਤ ਦੇ ਧਾਰਨੀ ਮਿਸਟਰ ਆਰ. ਏ. ਵਿਲਸਨ ਕਹਿੰਦੇ ਹਨ ਕਿ ਵਿਕਾਸ ਸਿਧਾਂਤ ਸਮਾਜਕ ਵਿਗਿਆਨ ਅਤੇ ਭਾਸ਼ਾ ਵਿਗਿਆਨ ਦੋਹਵਾਂ ਖੇਤਰਾਂ ਵਿਚ ਪਏ ਖੱਪਿਆਂ ਨੂੰ ਪੂਰਿਆਂ ਨਹੀਂ ਕਰ ਸਕਿਆ ਸਗੋਂ ਟੁੱਟੀਆਂ ਲੜੀਆਂ ਨੂੰ ਹੋਰ ਉਲਝਾ ਦਿੰਦਾ ਹੈ। ਕੇਵਲ "ਕਾਲ ਅਤੇ ਪੁਲਾੜ" ਦਾ ਸਿਧਾਂਤ ਹੀ ਵਿਕਾਸ ਦੇ ਇਹਨਾਂ ਖੱਪਿਆਂ ਨੂੰ ਪੂਰਾ ਕਰ ਸਕਦਾ ਹੈ। ਇਸ ਸਿਧਾਂਤ ਅਨੁਸਾਰ ਪਸ਼ੂ ਦੀ ਭਾਸ਼ਾ ਇਸ ਲਈ ਵਿਕਸਤ ਨਹੀਂ ਹੋ ਸਕੀ ਕਿ ਉਹ ਆਪਣੇ ਕਾਲ ਅਤੇ ਸਥਾਨ ਤੋਂ ਅੱਗੇ ਜਾਂ ਪਿੱਛੇ ਕਿਸੇ ਵੀ ਮਾਨਸਕ ਸੰਪਰਕ ਸਥਾਪਤ ਨਹੀਂ ਕਰ ਸਕਦਾ। ਪਰ ਮਨੁੱਖੀ ਮਨ ਸੀਮਿਤ ਵਿਚ ਗਤੀਵਿਧੀਆਂ ਦੀ ਸਰੀਰ, ਕਾਲ ਅਤੇ ਪੁਲਾੜ ਦੀ ਜਕੜ ਤੋਂ ਮੁਕਤ ਹੈ। ਉਹ ਅਤੀਤ ਅਤੇ ਭਵਿੱਖ ਵਿਚ ਵਿੱਚਰ ਸਕਦਾ ਹੈ। ਆਪਣੇ ਅਸਥਾਨ ਤੇ ਬੈਠਾ ਬੈਠਾ ਯਾਤਰੀਆਂ ਜਾ ਸਕਦਾ ਹੈ। ਇਸ ਤਰ੍ਹਾਂ ਮਨੁੱਖ ਦੇ ਸਨਮੁਖ ਦੋ ਜਗਤ ਪ੍ਰਕਾਸ਼ਮਾਨ ਹੋ ਜਾਂਦੇ ਹਨ। ਇਹਨਾ ਜਗਤਾਂ ਦੀ ਰੂਪ ਰੇਖਾ ਵੀ ਮਨੁੱਖ ਦੇ ਵਿਕਾਸ ਦੇ ਨਾਲ ਨਾਲ ਵਿਕਾਸ ਕਰਦੀ ਰਹਿੰਦੀ ਹੈ। ਇਕ ਹੁੰਦਾ ਹੈ ਭੌਤਕ ਜਗਤ, ਜਿਸ ਉਹ ਸਰੀਰਕ ਤੌਰ ਤੇ ਵਿਚਰ ਰਿਹਾ ਹੁੰਦਾ ਹੈ ਅਤੇ ਵਰਤਮਾਨ ਦੀ ਜਕੜ ਵਿਚ ਹੁੰਦਾ ਹੈ। ਦੂਸਰਾ ਜਗਤ ਹੁੰਦਾ ਹੈ ਮਾਨਸਕ ਜਗਤ, ਜੋ

Sri Satguru Jagjit Singh Ji Elibrary NamdhariElibrary@gmail.com

ਵਰਤਮਾਨ ਦੀ ਜਕੜ ਤੋਂ ਸੁਤੰਤਰ ਅਤੇ ਅਤੀਤ ਤੇ ਭਵਿੱਖ ਦਾ ਝਲਕਾਰਾ ਹੁੰਦਾ ਹੈ। ਇਸ ਦੂਸਰੇ ਜਗਤ ਨੂੰ ਵਰਤਮਾਨ ਵਿਚ ਪ੍ਰਗਟਾਉਣ ਦੇ ਲਈ ਮਨੁੱਖ ਨੂੰ ਭਾਸ਼ਾ ਦੀ ਲੋੜ ਪਈ ਅਤੇ ਇੰਜ ਭਾਸ਼ਾ ਦੀ ਉਤਪਤੀ ਅਤੇ ਵਿਕਾਸ ਹੋਇਆ।

7. ਭਾਸ਼ਾ ਦੀ ਉਤਪਤੀ ਦੇ ਬਾਰੇ ਮਾਰਕਸਵਾਦ ਦਸਦਾ ਹੈ ਕਿ ਜਦੋਂ ਹੱਥ ਦੀ ਕਿਰਿਆਸ਼ੀਲਤਾ ਦਾ ਸਰੀਰ ਦੇ ਦੂਸਰੇ ਅੰਗਾਂ ਤੇ ਪਰਭਾਵ ਪਿਆ ਅਤੇ ਜਦੋਂ ਹੱਥ ਦੇ ਵਿਕਸਤ ਹੋਣ ਦੇ ਨਾਲ, ਮਿਹਨਤ ਸਦਕਾ, ਪ੍ਰਕਿਰਤੀ ਤੇ ਮਾਨਵੰ ਦਾ ਅਧਿਕਾਰ ਵਧਣ ਲਗਾ ਅਤੇ ਇਨਸਾਨ ਦੀ ਸੂਝ ਬੂਝ ਦਾ ਖੇਤ੍ਰ ਵਿਸ਼ਾਲ ਤੋਂ ਵਿਸ਼ਾਲਤਰ ਹੁੰਦਾ ਗਿਆ ਤਾਂ ਉਸਦੇ ਗਿਆਨ ਵਿਚ ਨਿਰੰਤਰ ਵਾਧਾ ਹੁੰਦਾ ਗਿਆ। ਅਗਿਆਤ ਗਿਆਤ ਹੁੰਦਾ ਗਿਆ। ਕਿਰਤ ਦੇ ਵਿਕਸਤ ਹੋਣ ਦੇ ਨਾਲ ਸਮਾਜ ਵਿਚਲੇ ਵਿਅਕਤੀ ਨੇੜੇ ਹੁੰਦੇ ਗਏ ਜਿਸ ਨਾਲ ਆਪਸੀ ਸਹਾਰੇ ਦਾ ਆਦਾਨ ਪਰਦਾਨ ਵਧ ਗਿਆ ਅਤੇ ਸਾਂਝੀਆਂ ਸਰਗਰਮੀਆਂ ਆਰੰਭ ਹੋਈਆਂ। ਇਹਨਾਂ ਸਾਂਝੀਆਂ ਸਰਗਰਮੀਆਂ ਦੀ ਲਾਭਦਾਇਕਤਾ ਸਭ ਤੇ ਸਪਸ਼ਟ ਹੁੰਦੀ ਰਹੀ। ਇਹੋ ਮੌਕਾ ਸੀ ਜਦੋਂ ਮਾਨਵ ਦਾ ਰੂਪ ਧਾਰ ਰਹੇ ਜੀਵ ਨੂੰ ਕੁਝ ਕਹਿਣ ਦੀ ਲੋੜ ਮਹਿਸੂਸ ਹੋਈ। ਇਸ ਲੋੜ ਨੇ ਉਸ ਮਾਨਸ ਦੇ ਉਚਾਰਨ ਤੰਤੂਆਂ ਨੂੰ ਹੌਲੀ ਹੌਲੀ ਵਿਕਸਤ ਕੀਤਾ ਅਤੇ ਮੂੰਹ ਦੇ ਤੰਤੂ ਇਕ ਤੋਂ ਬਾਅਦ ਦੂਸਰੀ ਧੁਨੀ ਦੇ ਉਚਾਰਨ ਦੇ ਯੋਗ ਹੁੰਦੇ ਗਏ।

ਭਾਸ਼ਾ ਦੀ ਉਤਪਤੀ ਦਾ ਕਾਰਨ ਮਾਰਕਸਵਾਦ ਅਨੁਸਾਰ, ਮਨੁੱਖ ਦਾ, ਹੱਥ ਦੇ ਵਿਕਸਤ ਹੋਣ ਉਪਰੰਤ, ਕਿਰਤ ਕਰਨਾ ਹੈ। ਕਿਰਤ ਨੇ ਮਨੁੱਖ ਨੂੰ ਸਮਾਜ ਦੀ ਪਾਬੰਦੀ ਵਿਚ ਲਿਆਂਦਾ ਅਤੇ ਇਸ ਪਾਬੰਦੀ ਨੇ ਭਾਸ਼ਾ ਨੂੰ ਜਨਮ ਦਿੱਤਾ। ਇਹੋ ਕਾਰਨ ਹੈ ਕਿ ਹੋਰ ਪਰਾਣੀਆਂ ਜਾਂ ਪਸ਼ੂਆਂ ਵਿਚ, ਇਹ ਹੱਥ ਜਾਂ ਸਮਾਜਕ ਕਿਰਤ ਦੀ ਅਣਹੋਂਦ ਦੇ ਕਾਰਨ ਉਚਾਰਨ ਤੰਤੂ ਵਿਕਸਤ ਨਹੀਂ ਹੋਏ। ਨਾ ਹੀ ਉਹਨਾਂ ਨੂੰ ਇਸਦੀ ਕੋਈ ਘਾਟ ਹੀ ਮਹਿਸੂਸ ਹੁੰਦੀ ਹੈ। ਉਹਨਾਂ ਦੀ ਭਾਸ਼ਾ ਦੀ ਉਤਪਤੀ ਵੀ ਨਹੀਂ ਹੋਈ।

ਇੰਜ ਕਿਰਤ ਨੇ ਭਾਸ਼ਾ ਨੂੰ ਜਨਮ ਦਿੱਤਾ। ਭਾਸ਼ਾ ਦੇ ਜਨਮ ਦੇ ਨਾਲ ਦਿਮਾਗ਼ ਉੱਨਤ ਹੋਇਆ। ਦਿਮਾਗ਼ ਦੇ ਉੱਨਤ ਹੋ ਜਾਣ ਦੇ ਨਾਲ ਭਾਸ਼ਾ ਅਮੀਰ ਹੁੰਦੀ ਰਹੀ ਹੈ ਅਤੇ ਇਹ ਕਾਰਜ ਨਿਰੰਤਰ ਜਾਰੀ ਹੈ।

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਭਾਸ਼ਾ

ਪੰਜਾਬ ਤੇ ਕੋਈ ਇਕ ਹਜ਼ਾਰ ਵਰ੍ਹਿਆਂ ਤੋਂ ਗ਼ੈਰਾਂ ਦਾ ਰਾਜ ਰਿਹਾ ਹੈ। ਇਕ ਅੱਖ ਪਲਕਾਰੇ ਮਾਤ੍ਰ ਸਿਖਾਂ ਦਾ ਰਾਜ ਇਕ ਛੋਟ ਹੀ ਹੈ। ਇਸ ਲੰਮੀ ਦਾਸਤਾ ਨੇ ਪੰਜਾਬੀਆਂ ਵਿਚ ਕਈ, ਪੱਖਾਂ ਤੋਂ ਹੀਣ ਭਾਵਨਾ ਨੂੰ ਜਨਮ ਦਿੱਤਾ। ਇਹ ਹੀਣ ਭਾਵਨਾ ਉਸ ਨੇ ਆਪਣੀ ਭਾਸ਼ਾ ਦੇ ਜਨਮ ਅਤੇ ਵਿਕਾਸ ਦੇ ਸੋਮਿਆਂ ਦੀ ਖੋਜ ਸਮੇਂ ਵੀ ਨਹੀਂ ਤਿਆਗੀ। ਆਪਣੀ ਭਾਸ਼ਾ ਨੂੰ ਵਡਿਆਣ ਦੇ ਜਤਨ ਵਿਚ ਫੂਟਿਆ ਮਾਰਿਆ। ਹੀਣ-ਭਾਵ ਦੀ ਹੱਦ ਉਦੋਂ ਹੁੰਦੀ ਹੈ ਜਦੋਂ ਪੰਜਾਬੀ ਦਾ ਹਰ ਭਾਸ਼ਾ ਵਿਗਿਆਨੀ ਘੁਮਾ ਫਿਰਾ ਕੇ ਸਿੱਧ ਕਰਦਾ ਹੈ ਕਿ ਪੰਜਾਬੀ ਸ਼ਬਦਾਂ ਦਾ ਮੂਲ ਸੋਮਾ ਸੰਸਕ੍ਰਿਤ ਭਾਸ਼ਾ ਹੈ ਅਤੇ ਨਾਲ ਦੀ ਨਾਲ ਇਸ ਨੂੰ ਪ੍ਰਾਕ੍ਰਿਤ ਅਰਥਾਤ ਕੁਦਰਤੀ ਬੋਲੀ ਵੀ ਕਹਿੰਦਾ ਹੈ।

ਕੇਵਲ ਪੰਜਾਬੀ ਵਿਦਵਾਨ ਹੀ ਨਹੀਂ ਸਗੋਂ ਹੋਰਨਾਂ ਆਰਿਆਈ ਭਾਸ਼ਾਵਾਂ ਦੇ ਪੰਡਤ ਵੀ ਇਹੋ ਸਿਧ ਕਰਨ ਵਿਚ ਮਾਣ ਸਮਝਦੇ ਹਨ। ਪਰ ਵਾਸਤਵ ਵਿਚ ਇਸ ਪਾਸੇ ਜ਼ੋਰ ਲਾਉਣਾ ਅਕਾਰਥ ਹੈ। ਕਿਉਂਜੋ ਸਾਧਾਰਨ ਬੁੱਧੀ ਵੀ ਇਹ ਸਮਝਣ ਤੋਂ ਅਸਮਰਥ ਹੈ ਕਿ ਕਿਸੇ ਨਹਿਰ ਵਿਚੋਂ ਕੋਈ ਦਰਿਆ ਨਿਕਲ ਸਕਦਾ ਹੈ। ਆਪ ਮੁਹਾਰੇ ਵਗਦੇ ਪਾਣੀਆਂ ਨੂੰ ਬੰਨ੍ਹ ਮਾਰ ਕੇ ਤਾਂ ਨਹਿਰ ਕੱਢੀ ਜਾ ਸਕਦੀ ਹੈ। ਜੇ ਕਰ ਦਰਿਆ ਅਤੇ ਨਹਿਰ ਦੇ ਪਾਣੀ, ਉਸ ਵਿਚਲੀ ਬਨਸਪਤੀ ਅਤੇ ਜੀਵ ਜੰਤੂਆਂ ਵਿਚ ਸਮਾਨਤਾ ਹੋਵੇ ਤਾਂ ਉਸਦਾ ਇਹ ਅਰਥ ਤਾਂ ਨਹੀਂ ਕਿ ਦਰਿਆ ਹੀ ਨਹਿਰ 'ਚੋਂ ਨਿਕਲਿਆ ਹੋਇਆ ਹੈ।

ਪੰਜਾਬੀ ਭਾਸ਼ਾ ਇੱਕ੍ਰ ਭੁਗੋਲਕ ਖੇਤ੍ਰ ਵਿਸ਼ੇਸ਼ ਦੀ ਜਨ-ਸਾਧਾਰਨ ਦੀ ਆਪ ਮੁਹਾਰੇ ਵਿਕਸਤ ਹੋਈ ਭਾਸ਼ਾ ਹੈ ਅਤੇ ਇਸ ਗੱਲ ਨੂੰ ਤਾਂ ਪ੍ਰਮਾਣ ਦੀ ਲੋੜ

Sri Satguru Jagjit Singh Ji Elibrary NamdhariElibrary@gmail.com

ਨਹੀਂ ਕਿ ਵੇਦ ਰਚਨਾ ਤੋਂ ਪਹਿਲਾਂ ਵੀ ਪੰਜਾਬੀ ਜਨ-ਸਾਧਾਰਨ ਹੋਂਦ ਵਿਚ ਸੀ। ਭਾਸ਼ਾਈ ਪੰਡਤਾਂ ਨੇ ਉਸ ਜਨ-ਸਾਧਾਰਨ ਦੀ ਸਾਧਾਰਨ ਪ੍ਰਕਿਰਤਕ ਭਾਸ਼ਾ ਨੂੰ ਬੌਧਕ ਕੰਮਾਂ ਲਈ ਇਕ ਲੀਹ ਵਿਚ ਲਿਆ ਕੇ, ਵਿਆਕਰਨ ਬੱਧ ਕਰਕੇ ਬੌਧਕ ਬਣਾ ਲਿਆ ਅਤੇ ਉਸ ਸੁਲਝੀ ਹੋਈ ਬੌਧਕ ਭਾਸ਼ਾ ਨੂੰ ਸੰਸਕ੍ਰਿਤ ਕਿਹਾ, ਪ੍ਰਾਕ੍ਰਿਤ ਦੇ ਵਪਰੀਤ। ਰਿਗ ਵੇਦ ਦੀ ਰਚਨਾ ਇਸੇ ਪੰਜਾਬ ਵਿਚ ਅਤੇ ਪੰਜਾਬ ਦੀ ਸਭਿਆ ਬਣਾਈ ਹੋਈ ਸੰਸਕ੍ਰਿਤ ਭਾਸ਼ਾ ਅਰਥਾਤ ਬੌਧਕ ਭਾਸ਼ਾ, ਵਿਚ ਹੋਈ। ਜਨਤਕ ਭਾਸ਼ਾ-ਨਦੀ ਪੰਜਾਬੀ ਪ੍ਰਾਕ੍ਰਿਤ (ਅਰਥਾਤ ਕੁਦਰਤੀ ਬੋਲੀ) ਵਿਚੋਂ ਭਾਸ਼ਾਈ ਪੰਡਤਾਂ ਨੇ ਸੰਸਕ੍ਰਿਤ ਨਾਮੀ-ਨਹਿਰ ਕਢ ਲਈ। ਸ਼ਬਦਾਂ ਦਾ ਮੂਲ ਇਸ ਕਰਕੇ ਇਕੋ ਹੋਣਾ ਸੀ। ਇਸ ਤੋਂ ਸਿਧ ਹੁੰਦਾ ਹੈ ਕਿ **ਸੰਸਕ੍ਰਿਤ ਪੰਜਾਬੀ ਦੀ ਨਹੀਂ ਸਗੋਂ ਪੰਜਾਬੀ ਸੰਸਕ੍ਰਿਤ ਦੀ ਮਾਂ ਹੈ।** ਪੰਜਾਬੀ ਆਦਿ ਕਾਲ ਤੋਂ ਪੰਜਾਬੀਆਂ ਦੇ ਅੰਗ ਸੰਗ ਹੈ। ਸੰਸਕ੍ਰਿਤ ਨਹਿਰ ਅਗੇ ਜਾ ਕੇ ਬੌਧਕਤਾ ਦੇ ਮਾਰੂਥਲ ਵਿਚ ਅਲੋਪ ਹੋ ਗਈ ਹੈ। ਵਿਗਿਆਨੀ ਉਸਦੇ ਚਿੰਨ੍ਹ ਦੂਸਰੀਆਂ ਭਾਸ਼ਾਵਾਂ ਵਿਚੋਂ ਭਾਲਦੇ ਫਿਰਦੇ ਹਨ। ਪੰਜਾਬੀ ਨਦੀ ਆਪ ਮੁਹਾਰੇ ਵਹਾਅ ਵਿਚ ਉਸੇ ਤਰ੍ਹਾਂ ਰਵਾਂ ਦਵਾਂ ਹੈ ਅਤੇ ਕਾਇਮ ਹੈ। ਇਹ ਉਸੇ ਤਰ੍ਹਾਂ ਮਟਕਦੀ, ਮਚਲਦੀ, ਨਚਦੀ ਆਪਣੇ ਪ੍ਰਾਕ੍ਰਿਤਕ ਵਹਾਉ ਵਿਚ ਵਹਿ ਰਹੀ ਹੈ ਅਤੇ ਪ੍ਰਾਕ੍ਰਿਤੀ ਦੇ ਹੋਰਾਂ ਚਮਤਕਾਰਾਂ ਦੇ ਵਾਂਗ ਇਕ ਚਮਤਕਾਰ ਬਣੀ ਰਹੇਗੀ।

ਸੰਸਕ੍ਰਿਤ ਇਕ ਨਹਿਰ ਰੂਪ ਹੋਣ ਦੇ ਨਾਤੇ ਪ੍ਰੀਵਰਤਨ ਤੋਂ ਅਸਮਰਥ ਹੈ ਪ੍ਰਾਕ੍ਰਿਤ ਭਾਸ਼ਾ ਪ੍ਰੀਵਰਤਨ ਸ਼ੀਲ ਹੈ। ਅੱਜ ਉਹ ਪ੍ਰਾਕ੍ਰਿਤ ਨਵੇਂ ਰੂਪ ਵਿਚ, ਵਿਕਾਸ ਦੇ ਪੰਧ ਤੈਅ ਕਰਦਿਆਂ ਕਰਦਿਆਂ ਸਾਡੇ ਸਾਹਮਣੇ ਹੈ। ਇਹ ਵਿਕਾਸ-ਮਈ ਪ੍ਰੀਵਰਤਨ ਅਜੇ ਜਾਰੀ ਹੈ ਅਤੇ ਜਾਰੀ ਰਹੇਗਾ ਵੀ। ਸੰਸਕ੍ਰਿਤ ਉਥੇ ਹੀ ਥਧੀ ਖੜੋਤੀ ਹੈ ਜਿਥੇ ਉਸ ਨੂੰ ਭਾਸ਼ਾਈ ਪੰਡਤਾਂ ਨੇ ਬੌਧਕ ਬਣਾਕੇ ਖੜਾ ਕਰ ਦਿੱਤਾ ਸੀ ਅਤੇ ਵਿਆਕਰਨ ਦੀ ਬੇੜੀ ਪੈਰੀਂ ਪਾ ਦਿੱਤੀ ਸੀ। ਇਹ ਸਤ-ਹੀਣ ਉਸ ਬੇੜੀ ਨੂੰ ਦੂਸਰੀਆਂ ਭਾਸ਼ਾਵਾਂ ਵਾਂਗ ਉਲੰਘ ਵੀ ਨਾ ਸਕੀ।

ਕਾਲੀਦਾਸ ਦੇ ਨਾਟਕ ਆਦਿ ਜੇ ਦੇਖੀਏ ਤਾਂ ਜਨ-ਸਾਧਾਰਨ ਦੀ ਭਾਸ਼ਾ ਪ੍ਰਾਕ੍ਰਿਤ ਅਤੇ ਜਨ-ਵਿਸ਼ੇਸ਼ ਦੀ ਭਾਸ਼ਾ ਸੰਸਕ੍ਰਿਤ ਹੋਇਆ ਕਰਦੀ ਸੀ। ਭਾਵ ਪ੍ਰਾਕ੍ਰਿਤੀ ਵਿਚ ਵਿਚਰਨ ਵਾਲੇ ਦੀ ਭਾਸ਼ਾ ਪ੍ਰਾਕ੍ਰਿਤ ਅਤੇ ਵੇਹਲੜ ਰਾਜ ਮਹਿਲੀਂ ਵਿਚਰਨ ਵਾਲੇ ਦੀ ਸੰਸਕ੍ਰਿਤ ਸੀ। ਹੁਣ ਹੌਲੀ ਹੌਲੀ ਸੰਸਕ੍ਰਿਤ ਅਰਥਾਤ ਸਭਿਅ ਭਾਸ਼ਾ ਖੂੰਜੇ ਲੱਗ ਗਈ ਹੈ। ਕਿਉਂਜੋ ਅੱਜ ਪ੍ਰਾਕ੍ਰਿਤ ਅਤੇ ਉਸ ਤੋਂ ਵਿਕਸਤ ਹੋਈਆਂ ਭਾਸ਼ਾਵਾਂ ਹੀ ਸਭਿਆ ਹੋ ਗਈਆਂ ਹਨ।

Sri Satguru Jagjit Singh Ji Elibrary NamdhariElibrary@gmail.com

ਅੱਜ ਡਾਕਟਰ ਸੁਨੀਤੀ ਕੁਮਾਰ ਚੈਟਰਜੀ ਅਤੇ ਹੋਰ ਭਾਸ਼ਾ ਵਿਗਿਆਨੀ ਇੱਕ-ਮੱਤ ਹਨ ਕਿ ਪੰਜਾਬ ਦੀ ਆਰਿਆਈ ਭਾਸ਼ਾ ਤੋਂ ਹੀ ਰਿਗ ਵੇਦ ਦੀ ਸਾਹਿਤਕ ਭਾਸ਼ਾ ਤਿਆਰ ਹੋਈ। ਡਾਕਟਰ ਚੈਟਰਜੀ ਕਹਿੰਦੇ ਹਨ :-

Sanskrit was not exactly the home language of any Part of the country. Only in the centuries B.C. the dialects of the Punjab and the mid - land appear to have given to Sanskrit its basic form.

(Indo-Aryan and Hindi page-150)

ਮਿਸਟਰ ਜਾਰਜ ਗਰੇਰਸਨ ਦਾ ਮੱਤ ਹੈ ਕਿ ਪ੍ਰਾਕ੍ਰਿਤ (ਲੋਕਾਂ ਦੀ ਕੁਦਰਤੀ ਬੋਲੀ) ਤੋਂ ਵੇਦਕ ਭਾਸ਼ਾ ਅਤੇ ਸੰਸਕ੍ਰਿਤ ਪ੍ਰਗਟ ਹੋਈਆਂ ਅਤੇ ਪਰੋਫੈਸਰ ਪਿਆਰਾ ਸਿੰਘ ਪਦਮ ਕਹਿੰਦੇ ਹਨ ਕਿ ਅੱਜ ਤੋਂ ਢਾਈ ਤਿੰਨ ਹਜ਼ਾਰ ਵਰ੍ਹੇ ਪਹਿਲਾਂ ਪੰਜਾਬ ਦੀ ਪ੍ਰਾਕ੍ਰਿਤ ਨੂੰ ਹੀ ਮਾਂਜ ਸੁਆਰ ਕੇ ਸੰਸਕ੍ਰਿਤ ਬਣਾਈ ਗਈ।

ਵਿਅਕਤੀ ਆਪਣੀ ਮਾਂ-ਬੋਲੀ ਦੀ ਦੁਨੀਆਂ ਵਿਚ ਹੀ ਜਿਉਂਦਾ ਹੈ। ਜਦੋਂ ਉਹ ਹੋਰ ਬੋਲੀਆਂ ਸਿਖਦਾ ਹੈ ਤਾਂ ਦੂਸਰੀ ਦੁਨੀਆਵਾਂ ਦੀ ਸੈਰ-ਮਾਤ੍ਰ ਹੀ ਕਰ ਰਿਹਾ ਹੁੰਦਾ ਹੈ। ਬੰਦੇ ਦਾ ਚੌਗਿਰਦਾ ਉਸ ਦੀ ਭਾਸ਼ਾ ਸਮਰਥਾ ਦੇ ਅਨੁਸਾਰ ਹੀ ਹੁੰਦਾ ਹੈ। ਕਿਸੇ ਇਕ ਥਾਂ ਜਾਂ ਵਸਤੂ ਦਾ ਵਰਨਣ ਵੱਖਰੀਆਂ ਭਾਸ਼ਾਵਾਂ ਦੇ ਬੋਲਣ ਵਾਲਿਆਂ ਦਾ ਇਕ ਦੂਜੇ ਤੋਂ ਭਿੰਨ ਹੀ ਹੋਵੇਗਾ।

ਮਾਂ-ਭਾਸ਼ਾ, ਦੇਸ-ਭਾਸ਼ਾ ਅਤੇ ਸੰਸਾਰ-ਭਾਸ਼ਾ ਤੋਂ ਹੁਣ ਬ੍ਰਹਿਮੰਡੀ-ਭਾਸ਼ਾ ਵੱਲ ਨੂੰ ਭਾਸ਼ਾ ਦਾ ਵਿਕਾਸ ਹੋਣਾ ਹੈ। ਮਨੁੱਖ ਹੁਣ ਬ੍ਰਹਿਮੰਡ-ਯਾਤ੍ਰਾ ਦਾ ਯਤਨ ਜੁ ਕਰ ਰਿਹਾ ਹੈ। ਇਹ ਬ੍ਰਹਿਮੰਡੀ ਭਾਸ਼ਾ ਮਨੁੱਖ ਦੀ ਆਦਿ-ਭਾਸ਼ਾ ਵਾਂਗ ਅਜੇ ਚਿੰਨ੍ਹ-ਭਾਸ਼ਾ ਹੀ ਹੋਵੇਗੀ। ਅਗਲੇ ਵਿਕਾਸ ਪੜਾਅ ਬਾਰੇ ਤਾਂ ਅਜੇ ਕਿਆਸ ਵੀ ਨਹੀਂ ਕੀਤਾ ਜਾ ਸਕਦਾ।

Sri Satguru Jagjit Singh Ji Elibrary NamdhariElibrary@gmail.com

ਸ਼ਬਦ ਲੀਲਾ

ਭਾਸ਼ਾ ਦੇ ਜੇ ਇੱਕ ਇੱਕ ਸ਼ਬਦੇ ਦੇ ਮੂਲ ਵੱਲ ਨੂੰ ਪਰਤਿਆ ਜਾਵੇ ਤਾਂ ਇਕ ਅਦਭੁਤ ਸੰਸਾਰ ਦੇ ਦਰਸ਼ਨ ਹੋਣਗੇ। ਇਕ ਵਿਸ਼ਾਲ ਸੰਸਾਰ ਦੇ। ਕਦੇ ਤੁਸੀਂ ਮੂਲ ਦੀ ਭਾਲ ਵਿੱਚ ਹਿੰਦੂਕੁਸ਼ ਅਤੇ ਕੁਰਾਕੁਰਮ ਦੀਆਂ ਪਹਾੜੀਆਂ ਉਪਰ ਦੀ ਲੰਘ ਕੇ ਫ਼ਰਗ਼ਾਨਾ ਦੀ ਵਾਦੀ ਵਿਚ ਪੁੱਜ ਜਾਓਗੇ ਜਿਥੋਂ ਉਠ ਕੇ ਕਦੇ ਤੁਰਕ ਅਤੇ ਉਜ਼ਬੇਕ ਸਾਡੇ ਦੇਸ ਵਿਚ ਆਏ ਸਨ। ਕਦੇ ਤੁਸੀਂ ਇਸ ਭਾਲ ਵਿਚ ਈਰਾਨ ਪੁੱਜ ਜਾਓਗੇ ਅਤੇ ਕਦੇ ਅਰਬ ਦੇ ਥੱਲ ਵਿੱਚ। ਇਹ ਮੂਲ ਦੀ ਖੋਜ ਤੁਹਾਨੂੰ ਯੂਰਪ ਦੇ ਭਿੰਨ ਭਿੰਨ ਦੇਸਾਂ ਵਿਚ ਲੈ ਜਾਵੇਗੀ। ਆਰੀਆ ਜਾਤੀ ਦੇ ਮੁਢਲੇ ਵਾਸੇ ਦੇ ਚੱਕਰ ਲਗਵਾਏਗੀ। ਉਥੋਂ ਜਿਧਰ ਜਿਧਰ ਨੂੰ ਉਹਨਾਂ ਦੇ ਟੋਲੇ ਗਏ ਇਹ ਸ਼ਬਦ ਵੀ ਤੁਹਾਨੂੰ ਉਹਨਾਂ ਦੇ ਪਿਛੇ ਪਿਛੇ ਤੋਰਨਗੇ।

ਕਦੇ ਤੁਸੀਂ ਕਿਸੇ ਸ਼ਬਦ ਦੀ ਉਂਗਲ ਲੱਗ ਕੇ ਇੰਗਲੈਂਡ ਜਾਣਾ ਚਾਹੋਗੇ ਪਰ ਉਹ ਤੁਹਾਨੂੰ ਇੰਗਲੈਂਡ ਤੋਂ ਅੱਗੇ ਫਰਾਂਸ ਵਿੱਚ, ਕਦੇ ਪੁਰਤਗਾਲ ਵਿਚ, ਕਦੇ ਯੂਨਾਨ ਵਿਚ ਅਤੇ ਕਦੇ ਇਟਲੀ ਵਿਚ ਲਈਂ ਫਿਰੇਗਾ। ਤੁਸੀਂ ਹੈਰਾਨ ਰਹਿ ਜਾਓਗੇ। ਫੇਰ ਕਿਸੇ ਹੋਰ ਸ਼ਬਦ ਦੇ ਮਗਰ ਲੱਗ ਕੇ ਈਰਾਨ ਜਾਣਾ ਚਾਹੋਗੇ ਉਹ ਤੁਹਾਨੂੰ ਉਥੇ ਨਹੀਂ ਟਿਕਣ ਦੇਵੇਗਾ। ਅਰਬ ਦੇਸਾਂ ਦੀ ਦੱਸ ਪਾਏਗਾ। ਇਸਰਾਇਲ ਲੈ ਜਾਵੇਗਾ। ਸ਼ਬਦ ਅਸਲ ਵਿਚ ਇਕ ਤਲਿਸਮ ਹੈ ਜੋ ਤੁਹਾਨੂੰ ਵਰਤਮਾਣ ਤੋਂ ਅਤੀਤ ਅਤੇ ਭਵਿਸ਼ ਦੀ ਦੁਨੀਆਂ ਵਿਚ ਲੈ ਜਾ ਸਕਦਾ ਹੈ। ਕਾਲ, ਅਸਥਾਨ ਅਤੇ ਸਰੀਰਕ ਸੀਮਾ ਬੰਦੀ ਤੋਂ ਮੁਕਤ ਕਰ ਸਕਦਾ ਹੈ।

ਸ਼ਬਦਾਂ ਦੇ ਮੈਦਾਨ ਦੇ ਖਿਡਾਰੀ ਨੂੰ ਕਈ ਕਈ ਭੂਮਕਾਵਾਂ ਨਿਭਾਣੀਆਂ ਪੈਂਦੀਆਂ ਹਨ। ਨਾ ਕੇਵਲ ਭਾਸ਼ਾ ਵਿਸ਼ੇਸ਼ੱਗ ਦੀ ਭੂਮਕਾ ਸਗੋਂ ਦਾਰਸ਼ਨਕ, ਜੀਵ

Sri Satguru Jagjit Singh Ji Elibrary NamdhariElibrary@gmail.com

ਵਿਗਿਆਨੀ, ਮਨੋ-ਵਿਗਿਆਨੀ ਅਤੇ ਸਾਹਤਕ ਆਲੋਚਕ ਦੀਆਂ ਭੂਮਕਾਵਾਂ ਵੀ। ਭਾਸ਼ਾ ਇਹੋ ਜਿਹਾ ਇਕ ਯੰਤ੍ਰ ਹੈ ਜਿਸ ਦੁਆਰਾ ਮਨੁੱਖੀ ਸਭਿਅਤਾ ਅਤੇ ਸਭਿਆਚਾਰ ਹੋਂਦ ਵਿਚ ਆਏ ਹਨ ਅਤੇ ਉਹਨਾਂ ਨੇ ਵਿਕਾਸ ਕੀਤਾ ਹੈ।

ਇਹ ਤਾਂ ਨਿਰਵਿਵਾਦ ਹੀ ਹੈ ਕਿ ਕਿਰਤ ਨੇ ਹੀ ਮਾਨਵ ਨੂੰ ਮਾਨਵ ਬਣਾਇਆ ਹੈ ਪਰ ਮਾਨਵ ਦੇ ਵਿਕਾਸ ਵਿਚ ਭਾਸ਼ਾ ਦਾ ਮੁਖ ਯੋਗਦਾਨ ਹੈ। ਸ਼ਬਦ ਅਰਥਾਤ ਭਾਸ਼ਾ ਤੋਂ ਬਿਨਾ ਮਨੁੱਖ ਕੁਝ ਵੀ ਸੋਚ ਜਾਂ ਚਿਤਵ ਨਹੀਂ ਸਕਦਾ। ਇਹ ਸ਼ਬਦ ਜਾਂ ਭਾਸ਼ਾ ਹੀ ਹੈ ਜੋ ਮਨੁੱਖ ਨੂੰ ਪਸ਼ੂ ਤੋਂ ਵੱਖਰਾਂਦੀ ਹੈ।

ਸ਼ਬਦ ਉਤਪਤੀ ਮਨੁੱਖ ਦੀ ਵਿਕਾਸ-ਮਈ ਉਤਪਤੀ ਦੇ ਨਾਲ ਹੀ ਹੋਈ ਜਾਪਦੀ ਹੈ। ਜਦੋਂ ਮਨੁੱਖ ਨੂੰ ਆਪਾ ਪ੍ਰਗਟਾਵੇ ਦੀ ਲੋੜ ਜਾਪੀ ਤਾਂ ਆਪਣਾ ਕੰਮ ਚਲਾਣ ਦੇ ਲਈ ਸੰਕੇਤਾਂ ਤੋਂ ਕੰਮ ਲੈਣ ਲੱਗਾ ਹੋਵੇਗਾ। ਫੇਰ ਕੁਝ ਆਵਾਜ਼ਾਂ ਦੀ ਉਤਪਤੀ ਹੋਈ ਹੋਵੇਗੀ। ਫੇਰ ਇਹਨਾਂ ਦੋਹਾਂ ਦੇ ਵਿਕਾਸ ਨਾਲ ਸ਼ਬਦ ਅਤੇ ਉਸਦੇ ਅਰਥ ਜੀਵਨ ਦੇ ਰੰਗ-ਮੰਚ ਤੇ ਆਏ ਹੋਣਗੇ। ਅੱਜ ਵੀ ਜਦੋਂ ਵੱਖਰੀਆਂ ਭਾਸ਼ਾਵਾਂ ਦੇ ਬੋਲਣ ਵਾਲੇ ਮਿਲ ਪੈਣ ਤਾਂ ਆਪਣੀ ਆਦਿ ਸਾਂਝੀ ਭਾਸ਼ਾ ਅਰਥਾਤ ਸੰਕੇਤ੍ਕ ਭਾਸ਼ਾ ਦੀ ਵਰਤੋਂ ਕਰਦੇ ਹਨ। ਇਹ ਭਾਸ਼ਾ ਮਨੁੱਖ ਦੇ ਅਚੇਤ ਮੰਨ ਵਿਚ ਅਜੇ ਵੀ ਮਹਿਫੂਜ਼ ਪਈ ਹੈ। ਮੈਨੂੰ ਅੰਡੇਮਾਨ (ਕਾਲੇ ਪਾਣੀ) ਦੇ ਟਾਪੂਆਂ ਵਿਚ ਕੁਝ ਸਮਾਂ ਰਹਿਣ ਦਾ ਅਵਸਰ ਮਿਲਿਆ ਹੈ। ਉਥੇ ਅੰਗਰੇਜ਼ ਨੇ ਆਦਿਵਾਸੀ ਬਣ-ਕਬੀਲਿਆਂ ਤੇ ਹਮਲਾ ਕਰਕੇ ਇਕ ਇਸਤਰੀ, ਜੋ ਸਭਿਆ ਦੁਨੀਆਂ ਵਿਚ ਓਪਰੀ ਸੀ, ਫੜ ਲਿਆਂਦੀ ਸੀ। ਉਹ ਇਸਤਰੀ ਆਪਣੇ ਲੋਕਾਂ ਦੇ ਮਾਰੇ ਜਾਣ ਦੀ ਵਾਰਤਾ ਦਰਦ ਭਰੀ ਸੰਕੇਤਕ ਭਾਸ਼ਾ ਵਿਚ ਸਮਝਾਇਆ ਕਰਦੀ ਸੀ ਅਤੇ ਸਾਡੇ ਇਸ਼ਾਰੇ ਸਮਝ ਲੈਂਦੀ ਸੀ। ਅਜੋਕੀ ਸਭਿਅਤਾ ਤੋਂ ਦੂਰ ਉਸ ਇਸਤ੍ਰੀ ਨੇ ਇਹ ਭਾਵ ਪੂਰਨ ਇਸ਼ਾਰੇ ਕਿਥੋਂ ਸਿੱਖੇ ਜੋ ਕਿ ਸਾਡੇ ਨਾਲ ਸਾਝੇ ਸਨ? ਇਸ ਤੋਂ ਸਿਧ ਹੁੰਦਾ ਹੈ ਕਿ ਸੰਕੇਤਕ ਭਾਸ਼ਾ ਮਨੁੱਖ ਦੀ ਪ੍ਰਾਕ੍ਰਿਤਕ ਅਤੇ ਸਰਬ-ਸਾਂਝੀ ਭਾਸ਼ਾ ਹੈ।

ਇਕ ਹੋਰ ਉਦਾਹਰਨ। ਜਿਵੇਂ ਫ਼ਾਰਸੀ ਅਤੇ ਪੰਜਾਬੀ ਭਾਸ਼ਾਵਾਂ ਦੇ ਮੇਲ ਸਮੇਂ ਤੋਂ ਪੀਲਾ ਪੰਜਾਬੀ ਅਤੇ ਜ਼ਰਦ ਫਾਰਸੀ ਇੱਕ ਸੰਧੀ ਹੋ ਗਿਆ। ਪੀਲਾ ਜ਼ਰਦ ਜਾਂ ਕਾਲਾ ਸਿਆਹ, ਲਾਲ ਸੁਰਖ਼, ਚਿੰਤਾ ਫ਼ਿਕਰ, ਦਵਾ ਦਾਰੂ ਆਦਿ ਦੋਹਾਂ ਭਾਸ਼ਾਵਾਂ ਦੇ ਸਮਾਨ ਅਰਥੀ ਅਨੇਕਾਂ ਸ਼ਬਦਾਂ ਦੀ ਵਰਤੋਂ ਹੋਈ ਅਤੇ ਅੱਜ ਵੀ ਹੋ ਰਹੀ ਹੈ। ਇਸੇ ਤਰ੍ਹਾਂ ਜਦੋਂ ਸੰਕੇਤਕ ਭਾਸ਼ਾ ਅਤੇ ਮੌਖਿਕ ਭਾਸ਼ਾ ਦਾ ਸੁਮੇਲ ਹੋਇਆ ਤਾਂ ਇਹ ਦੋਵੇਂ ਵੀ ਇਸੇ ਤਰ੍ਹਾਂ ਵਰਤੋਂ ਵਿਚ ਆਉਣ ਲੱਗੀਆਂ। ਜਿਵੇਂ

Sri Satguru Jagjit Singh Ji Elibrary NamdhariElibrary@gmail.com

ਪੀਲੇ ਦਾ ਭਾਵ ਅਰਥ ਸਮਝਾਣ ਦੇ ਲਈ ਪੀਲੇ ਦੇ ਨਾਲ ਜ਼ਰਦ ਵੀ ਕਹਿਣਾ ਪਿਆ, ਉਵੇਂ ਹੀ ਮੌਖ਼ਿਕ ਸ਼ਬਦ ਨੂੰ ਸਮਝਾਉਣ ਦੇ ਲਈ ਹੱਥ, ਉਂਗਲ, ਬੁਲ੍ਹ ਅਤੇ ਅੱਖ ਆਦਿ ਅੰਗਾਂ ਦੇ ਸੰਕੇਤ ਵੀ ਨਾਲ ਹੀ ਦੇਣੇ ਪਏ। ਕੁਝ ਸੰਕੇਤ ਤਾਂ ਅੱਜ ਵੀ ਉਚਰਿਤ ਭਾਸ਼ਾ ਦੇ ਅੰਗ ਸੰਗ ਹੀ ਹਨ। ਟੈਲੀਫੂਨ ਤੇ ਗੱਲ ਕਰਦਿਆਂ ਵੀ ਅਕਸਰ ਲੋਕ ਸਰੀਰਕ ਅੰਗਾਂ ਦੇ ਸੰਕੇਤ ਕਰਦੇ ਰਹਿੰਦੇ ਹਨ।

ਮਨੁੱਖ ਦੇ ਮੁਢਲੇ ਉਚਰਿਤ ਸ਼ਬਦ ਕੀ ਸਨ? ਇਹ ਅਨੁਮਾਨ ਲਾਉਣਾ ਤਾਂ ਸੰਭਵ ਨਹੀਂ ਹੈ। ਸਭ ਵਿਕਾਸ ਕਰ ਕੇ ਸਾਡੇ ਪਾਸ ਪੁੱਜੇ ਹਨ। ਹਾਂ, ਕੁਝ ਰਹਿੰਦੇ ਖੂਹੰਦ ਅਜੇ ਹੈ। ਸਾਡੀ ਵਿਕਾਸਮਈ ਭਾਸ਼ਾ ਨੇ ਉਹਨਾਂ ਨੂੰ ਜਿਵੇਂ ਦਾ ਤਿਵੇਂ ਕਬੂਲ ਕਰ ਲਿਆ ਹੋਇਆ ਹੈ। ਸੰਸਾਰ ਦੀਆਂ ਲਗਭੱਗ ਸਾਰੀਆਂ ਹੀ ਭਾਸ਼ਾਵਾਂ ਵਿਚ ਇਹ ਮੌਜੂਦ ਹਨ ਅਤੇ ਆਪਣੇ ਪੁਰਾਤਨ ਨਿਸ਼ਚਿਤ ਕੀਤੇ ਅਰਥਾਂ ਨਾਲ ਹੀ ਹਨ। ਜਿਵੇਂ, **ਆਹ, ਉਹ, ਹਾਏ, ਹਾਅ, ਊਈ, ਸੀ, ਵਾਹ!, ਉਹੋ** ਆਦਿ ।

ਜੇਕਰ ਦੇਖਿਆ ਜਾਵੇ ਤਾਂ ਅੱਜ ਦੀ ਲਿਖਤੀ ਸ਼ਬਦਾਵਲੀ ਕਲ੍ਹ ਦੀ ਸੰਕੇਤਕ ਭਾਸ਼ਾ ਦਾ ਵਿਕਾਸ-ਮਈ ਅਤੇ ਸੁਲਝਿਆ ਹੋਇਆ ਸੰਕੇਤਕ ਰੂਪ ਹੀ ਹੈ। ਪਹਿਲਾਂ ਸੰਕੇਤ ਅੱਖ, ਬੁਲ੍ਹ, ਜੀਭ, ਉਂਗਲ, ਪੈਰ, ਮੋਢੇ ਅਤੇ ਦੂਸਰੇ ਸਰੀਰਕ ਅੰਗਾਂ ਦੇ ਹੁੰਦੇ ਸਨ। ਜੋ ਅੱਜ ਸਥਿਰ ਹਨ। ਪਰ ਜਦ ਮਨੁੱਖ ਨੂੰ ਸਵੈ-ਪ੍ਰਗਟਾਵੇ ਦੇ ਲਈ, ਸਮਾਜਿਕ ਪ੍ਰਸਥਿਤੀਆਂ ਦੇ ਕਾਰਨ, ਅਧਿਕ ਸੰਕੇਤਾਂ ਦੀ ਲੋੜ ਪਈ ਤਾਂ ਉਸਨੇ ਆਪਣੇ ਉਚਾਰਨ ਅੰਗਾਂ ਨੂੰ ਵਰਤਿਆ। ਇਹਨਾਂ ਦੇ ਰੂਪ ਨੂੰ ਚਿੰਨ੍ਹ ਰੂਪ ਦੇ ਕੇ ਲਿਖਿਆ ਵੀ ਜਾਣ ਲੱਗਾ। ਇੰਝ ਇਹ ਚਿੰਨ੍ਹ ਵਿਕਾਸ ਕਰਦੇ ਕਰਦੇ ਅੱਖਰ ਤੋਂ ਸ਼ਬਦ ਅਤੇ ਫੇਰ ਭਾਸ਼ਾ ਦਾ ਰੂਪ ਧਾਰਨ ਕਰ ਗਏ। ਲਿਖਤ ਰੂਪੀ ਚਿੰਨ੍ਹਾਂ ਤੋਂ ਮਗਰੋਂ ਵੀ ਪਹਿਲੇ, ਅੰਗਾਂ ਦੇ, ਸੰਕੇਤ ਕਾਇਮ ਰਹੇ ਜਿੰਨ੍ਹਾਂ ਦੇ ਭਾਵ-ਅਰਥ ਦੇ ਲਈ ਹੁਣ ਸਿਧੇ ਚਿੰਨ੍ਹ ਤਾਂ ਕੋਈ ਨਹੀਂ ਪਰ ਇਨ੍ਹਾਂ ਉਚਾਰਨ-ਅੰਗਾਂ ਰਾਹੀਂ ਇਨ੍ਹਾਂ ਸੰਕੇਤਾਂ ਵਲ ਸੰਕੇਤ ਹੋ ਜਾਂਦਾ ਹੈ। ਜਿਵੇਂ ਕਿ :- ਉਸਨੇ ਅੱਖ ਮਾਰੀ, ਛਾਤੀ ਠੋਕ ਕੇ ਕਿਹਾ, ਪੱਟ ਤੇ ਥਾਪੀ ਮਾਰ ਕੇ ਵੰਗਾਰਿਆ। ਸੀਟੀ ਮਾਰ ਕੇ ਸੱਦਿਆ, ਜੀਭ ਜਾਂ ਬੁਲ੍ਹ ਕਢ ਕੇ ਮੂੰਹ ਚੜਾਇਆ, ਘੂਰੀ ਵੱਟੀ, ਉਂਗਲ ਬੁਲ੍ਹ ਤੇ ਰੱਖ ਕੇ ਚੁਪ ਰਹਿਣ ਲਈ ਕਿਹਾ, ਚੁਮਣ ਦੇ ਕੇ ਪਿਆਰਿਆ, ਹੱਥ ਮਿਲਾ ਕੇ ਜੀ ਆਇਆਂ ਕਿਹਾ, ਠੀਠੂ ਦਿਖਾ ਦਿੱਤਾ, ਆਦਿ।

ਇਨ੍ਹਾਂ ਸੰਕੇਤਾਂ ਦੇ ਲਈ ਤਾਂ ਕੋਈ ਨਿਸ਼ਚਿਤ ਚਿੰਨ੍ਹ ਨਾਂ ਬਣੇ ਪਰ ਉਚਾਰਨ ਅੰਗਾਂ ਦੇ ਸੰਕੇਤਾਂ ਲਈ ਸਮਾਂ ਪਾ ਕੇ ਚਿੰਨ੍ਹ ਬਣ ਗਏ। ਇਨ੍ਹਾਂ ਚਿੰਨ੍ਹਾਂ ਦੇ ਸੁਮੇਲ

Sri Satguru Jagjit Singh Ji Elibrary NamdhariElibrary@gmail.com

ਦੇ ਨਾਲ ਸ਼ਬਦ ਬਣੇ। ਸ਼ਬਦਾਂ ਦੀ ਲੜੀ ਭਾਸ਼ਾ ਦਾ ਰੂਪ ਧਾਰ ਗਈ।

ਜਿਵੇਂ ਵਿਅਕਤੀ ਨੂੰ ਇਹ ਧਿਆਨ ਨਹੀਂ ਰਹਿੰਦਾ ਕਿ ਉਸਨੇ ਭਾਸ਼ਾ ਕਦੋਂ ਸਿਖੀ। ਕਦੋਂ ਪਹਿਲਾ ਸ਼ਬਦ ਸਿਖਿਆ ਅਤੇ ਉਸਦਾ ਉਚਾਰਨ ਕੀਤਾ। ਕਦੋਂ ਉਸਦੇ ਨਿਸ਼ਚਿਤ ਅਰਥ ਉਸਨੂੰ ਸਮਝ ਪਏ। ਇਸੇ ਤਰ੍ਹਾਂ ਸਮੂਹ ਮਨੁੱਖਤਾ ਨੂੰ ਵੀ ਇਹ ਅਨੁਭਵ ਨਹੀਂ ਹੋ ਸਕਦਾ ਕਿ ਕਦੋਂ ਭਾਸ਼ਾ ਦੀ ਲੋੜ, ਉਤਪਤੀ ਅਤੇ ਉਚਾਰਨ ਹੋਇਆ। ਕਦੋਂ ਉਸਦੇ ਅਰਥ ਨਿਸ਼ਚਿਤ ਹੋਏ। ਇਹ ਮਨੁੱਖਤਾ ਦੀ ਬਾਲ ਅਵਸਥਾ ਦਾ ਕਰਮ ਹੈ। ਅਤੇ ਵਿਕਾਸ ਸ਼ੀਲ ਕਰਮ ਹੈ। ਪੈਰ ਚਿੰਨ੍ਹ ਤਲਾਸ਼ ਕਰਨੇ ਇਕ ਹੈਰਾਨ ਕਰਨ ਵਾਲਾ ਅਤੇ ਪਰਸੰਨਤਾ ਦਾਇਕ ਕਰਮ ਹੈ। ਇਸ ਵਿਕਾਸ ਸ਼ੀਲ ਕਰਮ ਹੈ। ਭਾਸ਼ਾ ਵਿਗਿਆਨ ਇੱਕ ਸਮੁੰਦਰ ਹੈ। ਜੋ ਕੋਈ ਸਮੁੰਦਰ ਵਿਚ ਮੋਤੀਆਂ ਦੀ ਭਾਲ ਵਿਚ ਡੁਬਕਣੀਆਂ ਮਾਰਨ ਲੱਗ ਜਾਂਦਾ ਹੈ, ਉਹ ਲਾਲਚ-ਵਸ ਇਸੇ ਕਰਮ ਜੋਗਾ ਰਹਿ ਜਾਂਦਾ ਹੈ। ਸ਼ਬਦ ਦਾ ਜਨਮ ਕਦੋਂ ਹੋਇਆ ਇਸ ਬਾਰੇ ਠੀਕ ਠੀਕ ਕਹਿਣਾ ਕਠਿਨ ਹੈ ਪਰ ਸ਼ਬਦ ਨੇ ਲਿਪੀ ਦੇ ਵਸਤਰ ਕਦੋਂ ਪਹਿਨੇ ਇਹ ਅਜੇ ਕਲ੍ਹ ਦੀ ਗੱਲ ਹੈ।

ਅਨੁਮਾਨ ਹੈ ਕਿ ਸੰਸਾਰ ਦੀਆਂ ਕੁਲ ਚਾਰ ਹਜ਼ਾਰ ਭਾਸ਼ਾਵਾਂ ਵਿਚੋਂ ਪੰਜ (5%) ਪ੍ਰਤੀਸ਼ਤ ਦੇ ਪਾਸ ਹੀ ਲਿਪੀ-ਵਸਤਰ ਹਨ। ਬਾਕੀ ਦੀਆਂ ਪੰਚਾਨਵੇਂ (95%) ਪ੍ਰਤੀਸ਼ਤ ਭਾਸ਼ਾਵਾਂ ਲਿਪੀ ਬਧ ਨਹੀਂ ਹਨ। ਉਹ ਲਿਪੀ-ਬਧ ਹੋਣ ਵੱਲ ਵਿਕਾਸ ਸ਼ੀਲ ਜ਼ਰੂਰ ਹਨ। ਸ਼ਬਦ ਤਾਂ ਭਾਵਾਂ ਦਾ ਚਿਨ੍ਹ ਹਨ ਅਤੇ ਲਿਪੀ ਇਸ ਤੋਂ ਅੱਗੇ, ਭਾਵ ਚਿੰਨ੍ਹ ਦਾ ਵੀ ਚਿੰਨ੍ਹ ਹੈ। ਇਸ ਲਈ ਭਾਵਾਂ ਦੇ ਵਟਾਂਦਰੇ ਠੀਕ ਠੀਕ ਹੋਣੇ ਅਸੰਭਵ ਹਨ। ਇਹ ਲਿਪੀ-ਵਸਤਰ ਸ਼ਬਦ ਦੀ ਸੁਰ ਅਤੇ ਧੁਨ ਅਨੁਸਾਰ ਕਤਰ-ਵਿਉਂਤ ਕਰਕੇ ਬਣਦੇ ਹਨ। ਸ਼ਬਦ ਲਿਪੀ ਤੋਂ ਬਿਨਾਂ ਉਸੇ ਤਰ੍ਹਾਂ ਪੂਰਨ ਹੈ ਜਿਵੇਂ ਮਨੁੱਖ ਵਸਤਰਾਂ ਤੋਂ ਬਿਨਾਂ ਪੂਰਨ ਹੈ।

ਹਰ ਸ਼ਬਦ ਜੋ ਉਚਰਿਆ ਜਾਂਦਾ ਹੈ, ਇੱਕ ਚਿੰਨ੍ਹ ਹੈ। ਇਸ ਚਿੰਨ੍ਹ ਦਾ ਭਾਵ-ਅਰਥ ਸੁਣਨ ਵਾਲੇ ਨੂੰ ਜੇ ਪਤਾ ਨਾ ਹੋਵੇ ਤਾਂ ਸ਼ਬਦ ਅਰਥਹੀਣ ਹੀ ਹੈ। ਜਿਵੇਂ ਵੱਖ ਵੱਖ ਭਾਸ਼ਾ-ਚਿੰਨ੍ਹਾਂ ਦੇ ਵਰਤਣ ਵਾਲਿਆਂ ਲਈ ਇੱਕ ਦੂਸਰੇ ਦੇ ਸ਼ਬਦ ਅਰਥਹੀਣ ਹਨ। ਕਿਉਂਜੋ ਵੱਖ ਵੱਖ ਸਮਾਜਾਂ ਵਿੱਚ ਵੱਖ ਵੱਖ ਭਾਸ਼ਾ ਚਿੰਨ੍ਹਾਂ ਦੇ ਵੱਖ ਵੱਖ ਅਰਥ ਨਿਸ਼ਚਿਤ ਹਨ। ਇਸ ਤੋਂ ਇਹ ਸਿੱਧ ਹੋਇਆ ਕਿ ਭਾਵ ਦਰਸਾਣ ਦੇ ਲਈ ਸ਼ਬਦ ਚਿੰਨ੍ਹਾਂ ਦੇ ਅਰਥ, ਅਰਥਾਤ ਭਾਵ ਪਹਿਲਾਂ ਤੋਂ ਨਿਸਚਿਤ ਹੋਣੇ ਜ਼ਰੂਰੀ ਹਨ।

ਸ਼ਬਦ ਨਿੱਤਾ ਪ੍ਰਤੀ ਦੇ ਉਤੇ ਉਠ ਕੇ ਭਾਵਾਂ, ਤਰਕ ਅਤੇ ਦਰਸ਼ਨ ਆਦਿ

Sri Satguru Jagjit Singh Ji Elibrary NamdhariElibrary@gmail.com

ਦੇ ਲਈ ਇਕ ਵਟਾਂਦਰੇ ਦੀ ਵਸਤੂ ਹੋ ਗਈ ਹੈ। ਪਰ ਸ਼ਬਦ ਅਜੇ ਮਨੁੱਖੀ ਹਾਵਾਂ ਭਾਵਾਂ ਨੂੰ ਪੂਰੀ ਤਰ੍ਹਾਂ ਨਿਭਾਣ ਤੋਂ ਅਸਮਰਥ ਹੈ। ਆਪਣੇ ਹਾਵਾਂ ਭਾਵਾਂ ਨੂੰ ਦੂਸਰੇ ਤੇ ਪਰਗਟ ਕਰਨ ਦੇ ਲਈ ਪਹਿਲਾਂ ਤਾਂ ਢੁਕਵਾਂ ਸ਼ਬਦ ਟੋਲਣਾ ਪੈਂਦਾ ਹੈ। ਫੇਰ ਉਸ ਨੂੰ ਢੁਕਵੇਂ ਵਾਕ ਵਿਚ ਜੜਨਾ ਪੈਂਦਾ ਹੈ। ਇਸ ਤੋਂ ਬਾਅਦ ਹਰ ਪੜ੍ਹਨ ਜਾਂ ਸੁਣਨ ਵਾਲੇ ਦੀ ਸਮਰੱਥਾ ਤੇ ਨਿਰਭਰ ਹੈ ਕਿ ਉਹ ਇਸ ਸ਼ਬਦ ਦੇ ਅਰਥਾਂ ਅਤੇ ਭਾਵਾਂ ਦੇ ਕਿਤਨੇ ਕੁ ਨੇੜੇ ਪਹੁੰਚਦਾ ਹੈ। ਇੰਝ ਪਰਤੀਤ ਹੁੰਦਾ ਹੈ ਕਿ ਸ਼ਬਦ ਕਦੇ ਵੀ ਮਨੁੱਖ ਦੇ ਠੀਕ ਮਨੋ-ਅਰਥ ਦੂਸਰੇ ਤੀਕ ਲੈ ਜਾਣ ਦੇ ਸਮਰਥ ਨਹੀਂ ਹੋ ਸਕੇਗਾ। ਇਹ ਇੱਕ ਹੋਰ ਵੀ ਸੁਆਦਲੀ ਗੱਲ ਹੈ। ਇੰਜ ਸ਼ਬਦਾਂ ਦੇ ਅਰਥ ਬਦਲਦੇ ਰਹਿਣਗੇ, ਘਟਦੇ ਵਧਦੇ ਰਹਿਣਗੇ। ਵਰਤੇ ਹੋਏ ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਦੀ ਸਮੱਸਿਆ ਸਥਿਰ ਰਹੇਗੀ। ਸਿੱਧ ਹੋਇਆ ਕਿ ਸ਼ਬਦ ਮਨੁੱਖ ਦੇ ਭਾਵ ਵਟਾਂਦਰੇ ਲਈ ਇੱਕ ਕਮਜ਼ੋਰ ਵਾਹਨ ਹਨ। ਪਰ ਹਾਲੇ ਕੋਈ ਹੋਰ ਇਲਾਜ ਵੀ ਤਾਂ ਨਜ਼ਰ ਨਹੀਂ ਆਉਂਦਾ, ਅਗੇ ਦੀ ਰਾਮ ਜਾਣੇ।

ਸ਼ਬਦ ਮੂਰਤੀਮਾਨ ਭਾਵ ਹਨ। ਜਿਸ ਤਰ੍ਹਾਂ ਮੂਰਤੀ ਦੇ ਸੁਹਜ ਨੂੰ ਹਰ ਕੋਈ ਆਪਣੀ ਸਹੁਜ ਸਮਰੱਥਾ ਅਨੁਸਾਰ ਪਰਖਦਾ ਹੈ, ਇਸੇ ਤਰ੍ਹਾਂ ਹਰ ਕੋਈ ਸ਼ਬਦ 'ਚੋਂ ਵੀ ਆਪਣੀ ਸਮਰੱਥਾ ਅਨੁਸਾਰ ਅਰਥ ਕੱਢਦਾ ਹੈ। ਭਾਵ ਨੂੰ ਸ਼ਬਦਾਂ ਦੁਆਰਾ ਮੂਰਤੀਮਾਨ ਕਰਨਾ ਵੀ ਉਸੇ ਤਰ੍ਹਾਂ ਇੱਕ ਕਲਾ ਹੈ ਜਿਵੇਂ ਖ਼ਿਆਲਾਂ ਨੂੰ ਮੂਰਤੀਮਾਨ ਕਰਨਾ।

ਜਦੋਂ ਕਿਸੇ ਭਾਵ ਦੇ ਪਰਗਟਾਵੇ ਦੀ ਲੋੜ ਨਾ ਰਹੇ ਤਾਂ ਉਸ ਦੇ ਸ਼ਬਦ ਚਿੰਨ੍ਹ ਵੀ ਬੇਲੋੜੇ ਹੋ ਜਾਂਦੇ ਹਨ ਅਤੇ ਅਤੀਤ ਵਿਚ ਅਲੋਪ ਹੋ ਜਾਂਦੇ ਹਨ ਜਿਵੇਂ ਵੇਸਵਾ ਬਾਜ਼ਾਰ ਬੰਦ ਹੋ ਜਾਣ ਨਾਲ ਇਸ ਨਾਲ ਸੰਬੰਧਤ ਸ਼ਬਦਾਵਲੀ। ਅਫੀਮ ਖਾਣੀ ਵਿਵਰਜਤ ਹੋ ਜਾਣ ਦੇ ਨਾਲ ਅਮਲੀਆਂ ਦੀ ਸ਼ਬਦਾਵਲੀ। ਚੜਸ, ਦੀਗਰੀ ਅਤੇ ਹਲਟ ਨਾਲ ਸਿੰਜਾਈ ਬੰਦ ਹੋ ਜਾਣ ਦੇ ਨਾਲ ਇਹਨਾਂ ਦੇ ਨਾਲ ਸੰਬੰਧਤ ਸ਼ਬਦਾਵਲੀ। ਰੱਥ ਗਏ ਉਹਨਾਂ ਦੇ ਨਾਲ ਸੰਬੰਧਤ ਸ਼ਬਦ ਵੀ ਗਏ। ਬੇਲੋੜੀਆਂ ਵਸਤੂਆਂ ਨੂੰ ਕੌਣ ਸਾਂਭਦਾ ਹੈ?

ਇਹ ਜ਼ਰੂਰੀ ਨਹੀਂ ਕਿ ਲਿਖਤ ਤੋਂ ਬਾਹਰ ਰਹੇ ਸ਼ਬਦ ਅਲੋਪ ਹੋ ਜਾਣ। ਸ਼ਬਦ, ਜਿਵੇਂ ਉਪਰ ਦਸਿਆ ਹੈ, ਲਿਖਤ ਤੋਂ ਬਗੈਰ ਵੀ ਪੂਰਾ ਹੈ। ਲਿਖਤ ਤੋਂ ਬਗ਼ੈਰ ਵੀ ਜਿਉਂਦਾ ਰਹਿੰਦਾ ਹੈ ਅਤੇ ਗੱਜ ਵੱਜ ਕੇ ਜਿਉਂਦਾ ਹੈ। ਜਿਵੇਂ ਕਿ ਦੁਨੀਆਂ ਭਰ ਵਿਚ ਪੰਜਾਬੀ ਗਾਲਾਂ ਸਭ ਨਾਲੋਂ ਵਧ ਖੜਕਵੀਆਂ ਹਨ ਪਰ

Sri Satguru Jagjit Singh Ji Elibrary NamdhariElibrary@gmail.com

ਲਿਖਤੀ ਰੂਪ ਵਿਚ ਨਹੀਂ ਆਉਂਦੀਆਂ, ਕਿਉਂ ਜੋ ਕੋਈ ਵੀ ਲਿਖਤ ਵਿਚ ਅਸਭਿਆ ਨਹੀਂ ਹੋਣਾ ਚਾਹੁੰਦਾ।

ਇਸੇ ਤਰ੍ਹਾਂ ਕੁਝ ਹੋਰ ਸ਼ਬਦਾਵਲੀ ਵੀ ਹੈ ਜੋ ਲਿਖਤ ਵਿਚ ਨਹੀਂ ਆਉਂਦੀ ਅਤੇ ਜੀ ਰਹੀ ਹੈ। ਉਹ ਸ਼ਬਦ ਵਿਸ਼ੇਸ਼ ਘੇਰਿਆਂ ਵਿਚ ਲੁਕ ਛਿਪ ਕੇ ਵਰਤੇ ਜਾਂਦੇ ਹਨ। ਖੁਲ੍ਹੇ ਆਮ ਉਨ੍ਹਾਂ ਨੂੰ ਕੋਈ ਨਹੀਂ ਅਪਣਾਂਦਾ। ਜਿਵੇਂ ਸਮਗਲਰਾਂ ਦੀ ਵਿਸ਼ੇਸ਼ ਸ਼ਬਦਾਵਲੀ, ਚੋਰਾਂ ਦੀ ਸ਼ਬਦਾਵਲੀ, ਦਲਾਲਾਂ ਦੀ ਸ਼ਬਦਾਵਲੀ, ਨਾਜਾਇਜ਼ ਸ਼ਰਾਬ ਕੱਢਣ ਵਾਲਿਆਂ ਦੀ ਸ਼ਬਦਾਵਲੀ, ਚੋਰ ਬਾਜ਼ਾਰ ਦੀ ਸ਼ਬਦਾਵਲੀ ਅਤੇ ਲਿੰਗ-ਅੰਗਾਂ ਦੇ ਨਾਲ ਸੰਬੰਧਤ ਸ਼ਬਦਾਵਲੀ ਆਦਿ।

ਕਿਸੇ ਪੱਛਮੀ ਵਿਦਵਾਨ ਦਾ ਕਥਨ ਹੈ ਕਿ 'ਸ਼ਬਦ ਮਰੀਆਂ ਹੋਈਆਂ ਉਪਮਾਵਾਂ ਹੁੰਦੀਆਂ ਹਨ। ਅਸੀਂ ਇਸ ਕਥਨ ਵਿਚ ਕੁਝ ਵਾਧਾ ਕਰਦੇ ਹਾਂ ਕਿ ਸ਼ਬਦ ਮਰੀਆਂ ਹੋਈਆਂ ਉਪਮਾਵਾਂ, ਮਰੇ ਹੋਏ ਅਖਾਣ ਅਤੇ ਮਰੀ ਹੋਈ ਕਵਿਤਾ ਹੁੰਦੇ ਹਨ।

ਜਿਵੇਂ ਜਿਵੇਂ ਮਨੁੱਖ ਨਵੀਆਂ ਨਵੀਆਂ ਉਪਮਾਵਾਂ ਅਤੇ ਅਖਾਣ ਘੜਦਾ ਰਹਿੰਦਾ ਹੈ, ਜਿਵੇਂ ਜਿਵੇਂ ਕਵਿਤਾ ਨੇ ਵਿਕਾਸ ਕੀਤਾ ਹੈ ਉਵੇਂ ਉਵੇਂ ਮਰੀਆਂ ਹੋਈਆਂ ਉਪਮਾਵਾਂ, ਅਖਾਣ ਅਤੇ ਕਵਿਤਾਵਾਂ ਸ਼ਬਦ ਭੰਡਾਰ ਵਿਚ ਇੱਕਤਰਤ ਹੁੰਦੀਆਂ ਗਈਆਂ। ਮਰੀਆਂ ਹੋਈਆਂ ਉਪਮਾਵਾਂ ਅਤੇ ਮਰੇ ਹੋਏ ਅਖਾਣ ਤਾਂ ਸਮਝ ਆ ਸਕਦੇ ਹਨ ਪਰ ਮਰੀ ਹੋਈ ਕਵਿਤਾ ਕਿਵੇਂ? ਕਿਉਂ ਜੁ ਸਾਡੇ ਗਿਆਨ ਵਿਚ ਕਵਿਤਾ ਦਾ ਅਜਿਹਾ ਬਿੰਬ ਹੈ ਕਿ ਜੋ ਇਕ ਸ਼ਬਦ ਵਿਚ ਨਹੀਂ ਸਮਾ ਸਕਦਾ। ਪਰ ਜੇਕਰ ਅਸੀਂ ਆਪਣੀ ਸਭਿਅਤਾ ਦੀਆਂ ਪੈੜਾਂ ਉਤੇ ਮੁਢੋਂ ਸੁਢੋਂ ਤੁਰੀਏ ਤਾਂ ਪਤਾ ਲੱਗੇਗਾ ਕਿ ਭਾਸ਼ਾ ਦੇ ਖੇਤਰ ਵਿਚ ਅਸੀਂ ਹਜ਼ਾਰਾਂ ਸਾਲਾਂ ਤੋਂ ਕਵਿਤਾ ਰਚ ਰਹੇ ਹਾਂ। ਮਨੁੱਖ ਨੇ ਜਦੋਂ ਪ੍ਰਾਕ੍ਰਿਤੀ ਦੀ ਹਰ ਸ਼ੈ ਇੱਕ ਕਾਵਿ ਮਈ ਇੱਕਸੁਰਤਾ ਵਿਚ ਵੇਖੀ ਹੋਵੇਗੀ ਤਾਂ ਆਪ ਵੀ ਉਸੇ ਤਰ੍ਹਾਂ ਕਾਵਿਕ ਸ਼ਬਦ ਉਚਾਰੇ ਹੋਣਗੇ। ਅੱਜ ਵੀ ਕੁਝ ਸ਼ਬਦ ਦਿੱਤੇ ਜਾ ਸਕਦੇ ਹਨ ਜਿਨ੍ਹਾਂ ਦੇ ਉਚਾਰਿਆਂ ਜਾਂ ਸੁਣਿਆਂ ਕਵਿਤਾ ਜਹੀ ਲਗਦੀ ਹੈ। ਜਿਵੇਂ ਮਾਂ, ਮਮਤਾ, ਮੁੱਖੜਾ, ਲਹੂਰ, ਲਾੜਾ, ਲਾੜੀ, ਲਾਡੋ ਆਦਿ। ਕਵਿਤਾ ਸ਼ਬਦ ਤੋਂ ਉਠ ਕੇ ਮਹਾ ਕਾਵਿ ਤਕ ਜਾ ਪੁੱਜੀ ਅਤੇ ਹੁਣ ਫੇਰ ਇਕ ਸ਼ਬਦ ਵਲ ਨੂੰ ਮੁੜੀ ਆ ਰਹੀ ਹੈ। ਇਕ-ਇਕ ਦੋ-ਦੋ ਵਾਕਾਂ ਦੀ ਕਵਿਤਾ ਦੀ ਰਚਨਾ ਹੋ ਰਹੀ ਹੈ।

Sri Satguru Jagjit Singh Ji Elibrary NamdhariElibrary@gmail.com

ਸ਼ਬਦ ਦਾ ਅਰਥ ਸੰਕੋਚ ਜਾਂ ਅਰਥ ਵਿਸਥਾਰ

ਇਹ ਗੱਲ ਤਾਂ ਕਿੰਤੂ ਰਹਿਤ ਹੈ ਕਿ, ਭਾਸ਼ਾ ਵੀ ਮੁਦਰਾ ਦੇ ਵਾਂਗ ਆਪਣੇ ਸ਼ਬਦਾਂ ਦਾ ਮੁੱਲ ਘਟਾਉਂਦੀ ਵਧਾਉਂਦੀ ਰਹਿੰਦੀ ਹੈ। ਕਈ ਸ਼ਬਦ ਵਿਚਾਰੇ ਇਸ ਅਵਿਮੂਲਨ ਵਿਚ ਆ ਕੇ ਬੁਰੀ ਤਰ੍ਹਾਂ ਰਗੜੇ ਗਏ ਹਨ। ਪਤਾ ਨਹੀਂ ਇਹ ਸ਼ਬਦ ਹੁਣ ਕਦੇ ਆਪਣਾ ਪੂਰਾ ਮੁੱਲ ਪੁਵਾਣਗੇ ਵੀ ਕਿ ਨਹੀਂ। ਜਿਵੇਂ :-

ਮੁੰਡੂ :- ਮੁੰਡੂ ਪਹਾੜੀ ਉਪ-ਭਾਸ਼ਾ ਵਿੱਚ ਮੁੰਡੇ ਜਾਂ ਲੜਕੇ ਨੂੰ ਕਹਿੰਦੇ ਹਨ। ਪਰ ਸਾਡੇ ਪੰਜਾਬ ਵਿਚ ਘਰੇਲੂ ਕੰਮ ਕਰਨ ਵਾਲੇ ਜਾਂ ਢਾਬਿਆਂ ਤੇ ਭਾਂਡੇ ਮਾਂਜਣ ਆਦਿ ਦਾ ਕੰਮ ਕਰਨ ਵਾਲੇ ਬੱਚਿਆਂ ਨੂੰ ਕਹਿੰਦੇ ਹਨ। ਮੁੰਡੂ ਦਾ ਮਤਲਬ ਹੁਣ ਨੌਕਰ ਮੁੰਡਾ ਹੋ ਗਿਆ ਹੈ। ਇਸ ਦਾ ਕਾਰਨ ਕੇਵਲ ਇਹੋ ਹੈ ਕਿ ਪਹਾੜੀ ਲੋਕ ਗ਼ਰੀਬ ਹੋਣ ਦੇ ਕਾਰਨ ਆਪਣੇ ਬਚਿਆਂ ਨੂੰ ਅਜਿਹੇ ਕੰਮਾਂ ਤੇ ਲਾ ਦੇਂਦੇ ਰਹੇ ਹਨ। ਵਿਚਾਰਾ ਉਹ ਮੁੰਡੂ ਹੁਣ ਆਪਣਾ ਲਾਡਲਾ ਅਸਥਾਨ ਖੋ ਕੇ ਭਾਂਡੇ ਮਾਂਜਣ ਵਾਲਾ ਹੋ ਗਿਆ ਹੈ।

ਪੂਰਬੀਆ ਜਾਂ ਪੂਰਬਣ :- ਭਾਵ ਪੂਰਬ ਦਾ ਵਸਨੀਕ। ਵਾਸਤਵ ਵਿਚ ਦੇਖੀਏ ਤਾਂ ਇਸ ਵਿਚ ਕੋਈ ਅਪਮਾਨ ਜਾਂ ਅਵਿਮੂਲਨ ਵਾਲੀ ਗੱਲ ਨਹੀਂ ਹੈ। ਪਰ ਇਹ ਦੋਵੇਂ ਸ਼ਬਦ ਵੀ ਗਿਲ੍ਹਣ ਵਿਚ ਫਸੇ ਹੋਏ ਹਨ। ਪੂਰਬੀਆ ਵਿਚਾਰਾ ਗ਼ਰੀਬੀ ਦਾ ਮਾਰਿਆ ਪੰਜਾਬ ਵਿਚ ਕਮਾਈ ਲਈ ਆਇਆ ਅਤੇ ਆ ਕੇ ਹਰ ਚੰਗਾ ਮੰਦਾ ਕੰਮ ਕਰਨ ਲੱਗਾ, ਜੋ ਵੀ ਮਿਲਿਆ। ਗ਼ਰੀਬੀ ਨੇ ਸ਼ਬਦ ਵੀ ਗ਼ਰੀਬ ਕਰ ਦਿੱਤਾ। ਵਿਚਾਰੀ ਪੂਰਬਣ ਦੀ ਤਾਂ ਲੰਮੀ ਦੁਖਾਂ ਭਰੀ ਕਹਾਣੀ ਹੈ। ਸਦੀਆਂ ਤੋਂ ਪੰਜਾਬ ਦੀ ਵਸੋਂ ਵਿਚ ਇਸਤ੍ਰੀਆਂ ਦੀ ਘਾਟ ਰਹੀ ਹੈ। ਇਸ ਘਾਟ

Sri Satguru Jagjit Singh Ji Elibrary NamdhariElibrary@gmail.com

ਨੂੰ ਪੂਰਿਆਂ ਕਰਨ ਦੇ ਲਈ ਪੰਜਾਬੀ ਬਾਂਗਰ, ਹਰਿਆਣਾ, ਰਾਜਿਸਥਾਨ, ਯੂ.ਪੀ., ਸੀ.ਪੀ. ਅਤੇ ਬਿਹਾਰ ਬੰਗਾਲ ਆਦਿ ਤੋਂ ਤ੍ਰੀਮਤਾਂ ਲੈ ਆਉਂਦੇ ਰਹੇ ਹਨ। ਇਨ੍ਹਾਂ ਨੂੰ ਪੰਜਾਬ ਵਿਚ ਪੂਰਬਣਾ ਕਿਹਾ ਜਾਂਦਾ ਰਿਹਾ। ਕਿਸੇ ਜੱਟੀ ਨੂੰ ਪੂਰਬਣ ਕਹਿ ਦੇਣਾ ਜਾਂ ਕਿਸੇ ਨੂੰ ਪੂਰਬਣ ਦਾ ਪੁੱਤ ਹੀ ਕਹਿ ਦੇਣਾ ਗਾਲ੍ਹ ਕੱਢ ਦੇਣ ਸਮਾਨ ਹੈ। ਕਿਸੇ ਹੋ ਰਹੇ ਰਿਸ਼ਤੇ ਨਾਤੇ ਵਿਚ ਪੂਰਬਣ ਦਾ ਪੁੱਤ ਜਾਂ ਧੀ ਕਹਿ ਕੇ ਸਹਿਜੇ ਹੀ ਭਾਨੀ ਮਾਰੀ ਜਾ ਸਕਦੀ ਹੈ।

ਭਈਆ :- ਭਈਆ ਵੀ ਮੁੰਡੂ ਵਾਂਗ ਹੀ ਹੈ। ਯੂ.ਪੀ. ਵਿਚ ਭਰਾ ਨੂੰ ਭਈਆ ਕਹਿੰਦੇ ਹਨ। ਵਿਚਾਰੇ ਪੂਰਬੀਏ ਆਪਣੇ ਪੰਜਾਬੀ ਭਾਈ ਨੂੰ ਵੀ ਭਈਆ ਸੱਦਣ ਲਗ ਪਏ। ਉਨ੍ਹਾਂ ਨੂੰ ਕੀ ਪਤਾ ਸੀ ਕਿ ਮੰਦੇ ਭਾਗਾਂ ਨੂੰ ਉਨ੍ਹਾਂ ਦਾ ਵਿਸ਼ੇਸ਼ਣ ਹੀ ਭਈਆ ਹੋ ਕੇ ਰਹਿ ਜਾਵੇਗਾ। ਭਈਆ ਦਾ ਮਤਲਬ ਹੁਣ ਪੂਰਬੀਆ ਨੌਕਰ ਹੋ ਗਿਆ।

ਲੜਕੀ :- ਲੜਕੀ ਕਿਸੇ ਵੀ ਕੁੜੀ ਨੂੰ ਕਿਹਾ ਜਾ ਸਕਦਾ ਹੈ। ਪਰ ਆਫ਼ਰੀਨ ਹੈ ਪੰਜਾਬੀ ਸ਼ਬਦ ਟੱਕਸਾਲ ਦੇ। ਲੜਕੀ ਸ਼ਬਦ ਪੰਜਾਬੀ ਸਹੁਰਾ ਆਪਣੀ ਨੂੰਹ ਲਈ ਵਰਤਦਾ ਹੈ। ਜਦੋਂ ਕਈ ਬਜ਼ੁਰਗ ਲੜਕੀ ਦੀ ਗੱਲ ਕਰ ਰਿਹਾ ਹੋਵੇ ਤਾਂ ਸਮਝ ਲਵੋ ਕਿ ਆਪਣੀ ਨੂੰਹ ਦੀ ਗੱਲ ਕਰ ਰਿਹਾ ਹੈ।

ਕੁਰਸੀ :- ਅਰਬੀ ਭਾਸ਼ਾ ਵਿਚ ਚੌਕੀ ਨੂੰ ਕਹਿੰਦੇ ਹਨ। ਅਰਥਾਤ ਬੈਠਣ ਦੇ ਲਈ ਵਸਤ। ਪੰਜਾਬੀ ਵਿਚ ਕੁਰਸੀ ਦਾ ਆਦਰ ਮਾਣ ਇਤਨਾ ਵਧ ਗਿਆ ਹੈ ਕਿ ਹਰ ਕੋਈ ਕੁਰਸੀ ਦੇ ਪਿਛੇ ਨੱਸਿਆ ਫਿਰਦਾ ਹੈ। ਅੱਜ ਕੁਰਸੀ ਇੱਜ਼ਤ, ਮਾਣ, ਅਹੁਦੇ ਅਤੇ ਦਬਦਬੇ ਦਾ ਪ੍ਰਤੀਕ ਹੈ।

ਦਲਾਲ :- ਅਰਬੀ ਭਾਸ਼ਾ ਵਿਚ ਰਾਹ ਦੱਸਣ ਵਾਲੇ ਨੂੰ ਕਹਿੰਦੇ ਹਨ। ਸਾਡੀ ਭਾਸ਼ਾ ਵਿਚ ਦਲਾਲ ਨੂੰ ਹੋਰ ਵੀ ਫ਼ਾਂਗ ਦਿੱਤਾ ਗਿਆ ਹੈ। ਇਸਨੂੰ ਦੱਲਾ ਬਣਾ ਕੇ ਉਹ ਦੁਰਗਤ ਬਣਾਈ ਹੈ ਕਿ ਵਾਚਾਰਾ ਪਛਾਣਿਆ ਵੀ ਨਹੀਂ ਜਾਂਦਾ।

ਪੇਸ਼ਾ :- ਫਾਰਸੀ ਵਿਚ ਹੁਨਰ ਜਾਂ ਕੰਮਕਾਰ ਨੂੰ ਕਹਿੰਦੇ ਹਨ। ਪਰ ਸਾਡੀ ਭਾਸ਼ਾ ਵਿਚ ਜੇਕਰ ਕਿਸੇ ਇਸਤ੍ਰੀ ਨੂੰ ਪੇਸ਼ਾ ਕਰਦੀ ਕਹਿ ਦੇਈਏ ਤਾਂ ਗਾਲ੍ਹ ਕਢ ਦੇਣ ਨਾਲੋਂ ਵੀ ਵਧ ਭੈੜੀ ਗੱਲ ਕਹਿ ਦੇਣੀ ਹੈ।

ਬੁਆਏ :- ਅੰਗਰੇਜ਼ੀ ਵਿਚ ਲੜਕੇ ਨੂੰ ਕਹਿੰਦੇ ਹਨ। ਭਾਵੇਂ ਬੁਆਏ ਦਾ ਦੇਸ਼ ਦੀ ਰਾਜਸੱਤਾ ਵਿੱਚ ਹੱਥ ਸੀ ਪਰ ਉਸਦੀ ਵਡੇ ਹੋਟਲਾਂ ਵਿਚ ਉਹ ਦੁਰਗਤ ਹੋਈ ਜੋ ਘਰ ਦੀ ਰਸੋਈ ਵਿਚ ਜਾਂ ਢਾਬਿਆਂ ਉਤੇ ਮੁੰਡੂ ਅਤੇ ਭਈਆ ਦੀ ਹੋਈ ਹੈ। ਅੰਗਰੇਜ਼ ਆਪ ਤਾਂ ਚਲਿਆ ਗਿਆ ਪਰ ਵਿਚਾਰਾ ਬੁਆਏ

Sri Satguru Jagjit Singh Ji Elibrary NamdhariElibrary@gmail.com

ਯਤੀਮ ਹੋ ਕੇ ਭਾਰਤ ਵਿਚ ਹੀ ਰਹਿ ਗਿਆ।

ਸਾਲਾ, ਮਾਮਾ :- ਦੋ ਬੜੇ ਹੀ ਪਿਆਰੇ ਰਿਸ਼ਤੇ ਹਨ। ਅਸਲ ਵਿਚ ਇਕੋ ਰਿਸ਼ਤੇ ਦੇ ਦੋ ਰੂਪ ਹਨ। ਕਿਉਂਕਿ ਸਾਲਾ ਹੀ ਅੱਗੇ ਜਾ ਕੇ ਮਾਮਾ ਬਣਦਾ ਹੈ। ਪਿਆਰੀ ਅਰਧਅੰਗੀ ਜਾਂ ਜਨਮ-ਦਾਤੀ ਦਾ ਭਾਈ ਵੀ ਉਤਨਾ ਹੀ ਪਿਆਰਾ ਹੋਣਾ ਚਾਹੀਦਾ ਹੈ। ਪਰ ਕਿਤਨੀ ਘਿਰਣਾ ਨਾਲ ਇਨ੍ਹਾਂ ਦੋਹਾਂ ਸ਼ਬਦਾਂ ਨੂੰ ਗਾਲ੍ਹਾਂ ਹੀ ਬਣਾ ਛਡਿਆ ਹੈ। ਅਸਲ ਵਿਚ ਇਹ ਘਿਰਣਾ ਉਸ ਸਮੇਂ ਦੀ ਰਹਿੰਦ ਖੂਹਿੰਦ ਹੈ ਜਦੋਂ ਲੋਕ ਕੁੜੀਆਂ ਮਾਰ ਦਿਆ ਕਰਦੇ ਸਨ। ਅੱਜ ਵੀ ਇਹਨਾਂ ਦੇ ਇਸਤ੍ਰੀ ਲਿੰਗ ਸਾਲੀ ਅਤੇ ਮਾਮੀ ਬੜੇ ਪਿਆਰ ਪੂਰਬਕ ਰਿਸ਼ਤੇ ਹਨ।

ਸੂਰਦਾਸ :- ਇਕ ਪ੍ਰਸਿਧ ਭਗਤ ਕਵੀ ਹੋਇਆ ਹੈ। ਪਰ ਹੁਣ ਹਰ ਨੇਤ੍ਰ-ਹੀਣ ਨੂੰ ਸੂਰਦਾਸ ਕਹਿੰਦੇ ਹਨ ਕਿਉਂ ਜੋ ਮਹਾਂ-ਕਵੀ ਸੂਰਦਾਸ ਨੇਤ੍ਰ-ਹੀਣ ਸਨ।

ਬਾਲਮੀਕੀ :- ਬਾਲਮੀਕ ਰਿਸ਼ੀ ਨੂੰ ਮੰਨਣ ਵਾਲਾ। ਪਰ ਇਹ ਵਿਸ਼ੇਸ਼ਣ ਕੇਵਲ ਹਿੰਦੂ ਹਰੀਜਨਾਂ ਲਈ ਹੋ ਗਿਆ ਹੈ।

ਮਜ਼ਹਬੀ :- ਭਾਵ ਮਜ਼ਹਬ ਨੂੰ ਮੰਨਣ ਵਾਲਾ ਪਰ ਇਹ ਹੁਣ ਬਾਲਮੀਕੀ ਦਾ ਸਿੱਖ ਰੂਪ ਹੈ।

ਬਜ਼ੁਰਗ :- ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਅਰਥ ਹਨ ਸਿਆਣਾ, ਸਰਪ੍ਰਸਤ, ਭੱਦਰ ਪੁਰਸ਼ ਆਦਿ। ਪਰ ਇਹ ਈਰਾਨ ਤੋਂ ਭਾਰਤ ਆ ਕੇ ਆਪਣੇ ਅਰਥ ਗੁਆ ਬੈਠਾ ਹੈ। ਹੁਣ ਬਜ਼ੁਰਗ ਦੇ ਅਰਥ ਕ਼ੇਵਲ ਵੱਡੀ ਉਮਰ ਵਾਲੇ ਦੇ ਹਨ। ਹੋ ਸਕਦਾ ਹੈ ਕਿ ਇਹ ਅਰਥ ਇਸ ਦੇ ਇਸ ਲਈ ਹੋ ਗਏ ਹੋਣ ਕੇ ਸਾਡੇ ਦੇਸ ਵਿਚ ਹਰ ਅਕਲ ਦਾ ਅੰਨ੍ਹਾਂ, ਜੋ ਬੁਢਾ ਹੋ ਗਿਆ ਹੋਵੇ, ਆਪਣੇ ਅਕਲਮੰਦ ਅਤੇ ਸਿਆਣਾ ਹੋਣ ਦਾ ਦਾਅਵਾ ਕਰ ਦੇਂਦਾ ਹੈ।

ਸਿਆਣਾ :- ਅਰਥ ਹਨ ਬਜ਼ੁਰਗ ਜਾਂ ਅਕਲਮੰਦ। ਪਰ ਇਹ ਸ਼ਬਦ ਆਪਣੇ ਅਰਥ ਬਦਲ ਕੇ ਹੁਣ ਪਿੰਡਾਂ ਵਿਚ ਜਾਦੂ ਟੂਣੇ ਅਤੇ ਭੂਤਾਂ ਪ੍ਰੇਤਾਂ ਆਦਿ ਦਾ ਹੱਥ-ਹੌਲਾ ਜਾਂ ਫਾਂਡਾ ਕਰਨ ਵਾਲੇ ਦੇ ਲਈ ਨਿਸ਼ਚਤ ਹੈ। ਸ਼ਬਦ ਦੀ ਬਦਕਿਸਮਤੀ ਦੇਖੋ।

ਅਮਲ :- ਅਰਬੀ ਭਾਸ਼ਾ ਦਾ ਸ਼ਬਦ ਹੈ। ਅਰਥ ਹਨ ਕੰਮ, ਕਾਰਵਾਈ, ਜਾਦੂ ਆਦਿ। ਪਰ ਪੰਜਾਬੀ ਵਿਚ ਇਹ ਆਪਣੇ ਅਮਲ ਤੋਂ ਥਿੜਕ ਗਿਆ ਹੈ। ਅਮਲ ਕਰਨ ਤੋਂ ਭਾਵ ਕੋਈ ਨਸ਼ਾ ਆਦਿ ਕਰਨਾ ਹੋ ਗਿਆ ਹੈ। ਇਸ ਦਾ

Sri Satguru Jagjit Singh Ji Elibrary NamdhariElibrary@gmail.com

ਕਿਰਿਆ ਵਾਚਕ ਸ਼ਬਦ ਅਮਲੀ ਹੈ, ਭਾਵ ਅਮਲ ਅਰਥਾਤ ਨਸ਼ਾ ਵਰਤਣ ਵਾਲਾ ਹੈ।

ਚਾਕ :- ਅਰਥਾਤ ਚਾਕਰ। ਫ਼ਾਰਸੀ ਵਿਚ ਨੌਕਰ ਜਾਂ ਖ਼ਿਦਮਤਗਾਰ ਹੈ। ਪਰ ਇਸ ਦਾ ਦਰਜਾ ਅਸਲ ਵਿਚ ਨੌਕਰ ਤੋਂ ਵੀ ਹੇਠ ਹੈ। ਇਸ ਤੇ ਵੀ ਜਿਤਨਾ ਮੁੱਲ ਇਸ ਦਾ ਵਧਿਆ ਹੈ ਹੋਰ ਸ਼ਾਇਦ ਹੀ ਕਦੇ ਕਿਸੇ ਸ਼ਬਦ ਦਾ ਇਤਨਾ ਵਧਿਆ ਹੋਵੇ। ਹੀਰ ਦੇ ਚਾਕ ਰਾਂਝੇ ਨਾਲ ਪਿਆਰ ਸਦਕੇ ਇਸਦਾ ਮੁੱਲ ਇਤਨਾ ਵਧਿਆ ਹੈ ਕਿ ਬੜੇ ਬੜੇ ਸ਼ਬਦ ਇਸ ਤੇ ਰਸ਼ਕ ਕਰਦੇ ਹਨ। ਚਾਕ ਦਾ ਅਰਥ ਹੁਣ ਨੌਕਰ ਤੋਂ ਉਠ ਕੇ ਆਸ਼ਕ ਅਰਥਾਤ ਪ੍ਰੇਮੀ ਹੋ ਗਿਆ ਹੋਇਆ ਹੈ।

ਰਖੇਲ :- ਰਖਿਆ ਹੋਇਆ ਜਾਂ ਰੱਖੀ ਹੋਈ। ਕੋਈ ਵਸਤੂ ਵੀ ਹੋ ਸਕਦੀ ਹੈ। ਪਰ ਪੰਜਾਬੀ ਵਿਚ ਹੁਣ ਇਸ ਦੇ ਅਰਥ ਹਨ ਵਿਆਹ ਦੇ ਬੰਧੇਜ ਤੋਂ ਬਾਹਰ ਰੱਖੀ ਹੋਈ ਇਸਤ੍ਰੀ। ਜਿਸਨੂੰ ਫ਼ਾਰਸੀ ਵਿਚ ਦਾਸ਼ਤਾ ਕਹਿੰਦੇ ਹਨ।

ਮਹਿਲ :- ਅਰਬੀ ਭਾਸ਼ਾ ਦਾ ਸ਼ਬਦ। ਅਰਥ ਹਨ, ਮਕਾਨ, ਕੋਠੀ ਉਤਾਰਾ ਕਰਨ ਦੀ ਥਾਂ। ਪਰ ਇਹ ਸ਼ਬਦ ਆਮ ਮਕਾਨ ਤੋਂ ਉਠ ਕੇ ਸ਼ਾਨ ਨਾਲ ਬਾਦਸ਼ਾਹ ਦੇ ਮਕਾਨ ਦੇ ਅਰਥਾਂ ਵਿਚ ਵਰਤਿਆ ਜਾਣ ਲੱਗਾ ਹੈ।

ਮੰਦਰ :- ਸੰਸਕ੍ਰਿਤ ਵਿਚ ਘਰ ਲਈ ਵਰਤਦੇ ਹਨ। ਪਰ ਹੁਣ ਇਹ ਐਨਾ ਪਵਿੱਤਰ ਹੋ ਗਿਆ ਹੈ ਕਿ ਆਮ ਘਰ ਨਹੀਂ ਰਿਹਾ ਸਗੋਂ ਭਗਵਾਨ ਦਾ ਘਰ ਹੋ ਗਿਆ ਹੈ।

ਪਾਠ :- ਅਰਥ ਹਨ ਸਬਕ ਜਾਂ ਉੱਤ ਪਾਠ ਕਰਨ ਦਾ ਅਰਥ ਹੈ ਪੜ੍ਹਣਾ। ਪਰ ਪੰਜਾਬੀ ਵਿਚ ਪਾਠ ਦਾ ਅਰਥ ਹੈ ਗੁਰਬਾਣੀ ਆਦਿ ਪੜ੍ਹਣਾ।

ਚਮਚਾ :- ਤੁਰਕੀ ਭਾਸ਼ਾ ਦਾ ਸ਼ਬਦ ਹੈ। ਅਰਥ ਹਨ ਡੋਈ। ਹੁਣ ਚਮਚਾ ਦਾਲ ਜਾਂ ਕੁਝ ਹੋਰ ਵਸਤੂ ਦੇ ਖਾਣ ਦੇ ਲਈ ਵਰਤੋਂ ਦੇ ਵਿਚ ਆਉਣ ਵਾਲੇ ਸੰਦ ਨੂੰ ਕਹਿੰਦੇ ਹਨ। ਇਸ ਸ਼ਬਦ ਚਮਚੇ ਦੀ ਉਹ ਪਤ-ਘਟਾਈ ਹੋਈ ਹੈ ਕਿ ਰੱਬ ਦੀ ਪਨਾਹ। ਚਮਚੇ ਦਾ ਹੁਣ ਅਰਥ ਹੈ ਖ਼ੁਸ਼ਾਮਦੀ, ਚਾਪਲੂਸੀ ਕਰਨ ਵਾਲਾ, ਕਿਸੇ ਦੇ ਹੱਥ ਵਿੱਚ ਦੁਰ-ਵਰਤੋਂ ਲਈ ਖੇਡਣ ਵਾਲਾ। ਅਰਥਾਤ ਹੁਣ ਇਹ ਇਕ ਘਿਰਣਤ ਗਾਲ ਹੋ ਗਿਆ ਹੈ।

ਭਾਈ ਜੀ :- ਅਰਥ ਹਨ ਭਰਾ। ਗੁਰਦਵਾਰੇ ਦੇ ਗ੍ਰੰਥ ਨੂੰ ਆਦਰ ਮਾਣ ਵਜੋਂ ਭਾਈ ਜੀ ਬਲਾਉਂਦੇ ਹਨ। ਪਰ ਇਸ ਦੇ ਅਜੋਕੇ ਅਰਥ "ਜੇਠ ਹੋ ਕੇ ਰਹਿ ਗਏ ਹਨ। ਅੱਜ ਭਾਈ ਜੀ ਤੇ ਭਾਵ ਭਰਾ ਨਹੀਂ ਸਗੋਂ ਜੇਠ ਹੈ।

ਸਾਹਿਬ :- ਅਰਬੀ ਭਾਸ਼ਾ ਦਾ ਸ਼ਬਦ ਹੈ ਅਰਥ ਹਨ ਸਾਥੀ ਜਾਂ ਮਿਤ੍ਰ।

Sri Satguru Jagjit Singh Ji Elibrary NamdhariElibrary@gmail.com

ਪਰ ਅੱਜ ਸਾਹਿਬ ਸ਼ਬਦ ਸਾਥੀ ਅਰਥਾਤ ਕਾਮਰੇਡ ਦਾ ਵਿਰੋਧ ਹੈ। ਅੱਜ ਸਾਹਿਬ ਸ਼ਬਦ ਵਿਚੋਂ ਸਾਥੀ ਵਾਲਾ ਨਿੱਘ ਨਹੀਂ ਪਰਾਪਤ ਹੋ ਰਿਹਾ। ਸਗੋਂ ਹਕੂਮਤ ਦੀ ਬੋ ਆ ਰਹੀ ਹੈ। ਸਿਖ ਧਰਮ ਵਿੱਚ ਸਾਹਿਬ ਨੂੰ ਧਾਰਮਕ ਸਤਿਕਾਰ ਵੀ ਮਿਲਿਆ ਹੋਇਆ ਹੈ। ਸੂਫੀਆਂ ਨੇ ਤਾਂ ਇਸ ਨੂੰ ਸਿਰਜਣਹਾਰ ਪਰਮਾਤਮਾ ਦੇ ਲਈ ਵਰਤਿਆ ਹੈ।

ਪੀਣਾ ਜਾਂ ਪੀਣੀ :- ਇਹ ਇਕ ਕਾਰਜ ਵਾਚਕ ਸ਼ਬਦ ਹੈ। ਪਰ ਜਦੋਂ ਵਾਰਤਾਲਾਪ ਵਿਚ ਇੱਕਲਿਆਂ ਵਰਤਿਆਂ ਜਾਂਦਾ ਹੈ ਤਾਂ ਇਸ ਪੀਣ ਤੋਂ ਭਾਵ ਸ਼ਰਾਬ ਪੀਣਾ ਹੁੰਦਾ ਹੈ। ਇਸੇ ਤਰ੍ਹਾਂ ਬੋਤਲ ਸ਼ਬਦ ਤੋਂ ਭਾਵ ਵੀ ਸ਼ਰਾਬ ਦੀ ਬੋਤਲ ਹੁੰਦਾ ਹੈ।

ਦੇਗ :- ਫਾਰਸੀ ਭਾਸ਼ਾ ਦਾ ਸ਼ਬਦ ਹੈ। ਅਰਥ ਹਨ ਪਤੀਲਾ। ਪਰ ਇਸ ਦੇ ਅਰਥ ਗੁਰਦਵਾਰੇ ਦੇ ਕੜਾਹ ਪ੍ਰਸ਼ਾਦ ਦੀ ਦੇਗ ਹੋ ਕੇ ਰਹਿ ਗਏ ਹਨ।

ਸ਼ੀਰਨੀ :- ਫਾਰਸੀ ਭਾਸ਼ਾ ਦਾ ਸ਼ਬਦ ਹੈ। ਅਰਥ ਹਨ ਮਿਠਾਈ ਜਾਂ ਮਿੱਠੀ ਚੀਜ਼। ਪੰਜਾਬੀ ਵਿਚ ਕਬਰਾਂ ਆਦਿ ਤੇ ਵੰਡੀ ਜਾਣ ਵਾਲੀ ਜਾਂ ਰੋਜ਼ੇ ਦੀ ਇਫਤਾਰੀ ਲਈ ਵਰਤੀ ਜਾਣ ਵਾਲੀ ਮਿਠਾਈ ਨੂੰ ਹੀ ਸ਼ੀਰਨੀ ਕਿਹਾ ਜਾਂਦਾ ਹੈ।

ਛਕਣਾ :- ਹਿੰਦੀ ਭਾਸ਼ਾ ਦਾ ਸ਼ਬਦ ਚੱਖਣਾ ਹੈ। ਅਰਥ ਹਨ ਖਾਣਾ। ਪੰਜਾਬੀ ਵਿਚ ਇਹ ਧਾਰਮਕ ਵਡਿਆਈ ਲੈ ਗਿਆ ਹੈ। ਕਿਸੇ ਨੂੰ ਜੇਕਰ ਆਦਰ ਮਾਣ ਨਾਲ ਕੁਝ ਖਾਣ ਜਾਂ ਪੀਣ ਲਈ ਕਹਿਣਾ ਹੋਵੇ ਤਾਂ ਕਹਿੰਦੇ ਹਨ : "ਛਕੋ ਮਹਾਰਾਜ"।

ਲੈਂਡ ਲਾਰਡ :- ਅੰਗਰੇਜ਼ੀ ਹੈ। ਅਰਥ ਹਨ ਭੂਮੀਪਤੀ। ਇਸ ਸ਼ਬਦ ਦੀ ਉਹ ਸ਼ਾਨ ਹੈ ਪੰਜਾਬੀ ਵਿਚ ਕਿ ਛੋਟੇ ਮੋਟੇ ਭੂਮੀ-ਪਤੀ ਨੂੰ ਖ਼ਾਤਰ ਵਿਚ ਨਹੀਂ ਲਿਆਂਦਾ। ਪੰਜਾਬੀ ਵਿਚ ਲੈਂਡ ਲਾਰਡ ਬਹੁਤ ਵਡੇ ਜ਼ਿਮੀਦਾਰ ਨੂੰ ਕਹਿੰਦੇ ਹਨ।

ਆਵਾਗੌਣ :- ਹਿੰਦੂ ਮੱਤ ਅਨੁਸਾਰ ਆਤਮਾ ਆਪਣੇ ਕਰਮਾਂ ਅਨੁਸਾਰ ਵਾਰ ਵਾਰ ਸੰਸਾਰ ਤੇ ਆਂਦੀ ਅਤੇ ਜਾਂਦੀ ਹੈ। ਇਸ ਕਿਰਿਆ ਨੂੰ ਆਵਾਗੌਣ ਕਿਹਾ ਜਾਂਦਾ ਹੈ। ਪਰ ਹੁਣ ਹਰ ਐਰੇ ਗ਼ੈਰੇ ਕਿਸਮ ਦੇ, ਫਿਰਤੂ, ਧੰਦੇ ਨੂੰ ਆਵਾਗੌਣ ਮੰਨਿਆ ਜਾਂਦਾ ਹੈ। ਸ਼ਬਦ ਦੀ ਕਦਰ-ਘਟਾਈ ਹੋ ਗਈ ਹੈ।

ਤੇਲ :- ਤਿਲਾਂ ਵਿਚੋਂ ਪਰਾਪਤ ਹੋਣ ਵਾਲਾ ਪਦਾਰਥ । ਪਰ ਹੁਣ ਇਸ ਸ਼ਬਦ ਦੇ ਅਰਥਾਂ ਨੂੰ ਵਿਸਥਾਰ ਮਿਲ ਗਿਆ ਹੈ। ਹੁਣ ਤਿਲ ਤੋਂ ਉਪਰੰਤ ਸਰ੍ਹੋਂ, ਤੋਰੀਆਂ, ਤਾਰਾਮੀਰਾ, ਅਲਸੀ, ਅਰਿੰਡ, ਮੂੰਗਫਲੀ ਅਤੇ ਗਿਰੀ ਆਦਿ ਵਿਚੋਂ

ਨਿਕਲੇ ਹੋਏ ਪਦਾਰਥ ਨੂੰ ਤੇਲ ਹੀ ਕਹਿੰਦੇ ਹਨ। ਏਥੋਂ ਤੀਕ ਕਿ ਧਰਤੀ ਹੇਠੋਂ ਨਿਕਲਣ ਵਾਲਾ ਵੀ ਤੇਲ ਹੀ ਅਖਵਾਉਂਦਾ ਹੈ।

ਕਤਲ :- ਅਰਬੀ ਦਾ ਸ਼ਬਦ ਹੈ। ਅਰਥ ਹਨ ਤਲਵਾਰ ਆਦਿ ਨਾਲ ਵੱਢ ਦੇਣਾ। ਪੰਜਾਬੀ ਵਿਚ ਚਾਹੇ ਕਿਸੇ ਨੂੰ ਲਾਠੀ ਨਾਲ ਮਾਰਿਆ ਹੋਵੇ। ਚਾਹੇ ਪਾਣੀ ਵਿਚ ਡੁੱਬ ਕੇ ਜਾਂ ਗਲ ਘੁੱਟ ਕੇ। ਹਰ ਕਿਸਮ ਦੀ ਜਾਨ ਹੱਤਿਆ ਨੂੰ ਕਤਲ ਹੀ ਕਹਿੰਦੇ ਹਨ।

ਅਖ਼ਬਾਰ :- ਅਰਬੀ ਭਾਸ਼ਾ ਦਾ ਸ਼ਬਦ ਹੈ। ਖ਼ਬਰ ਦਾ ਬਹੁਵਚਨ ਹੈ। ਅਰਥ ਹਨ ਖ਼ਬਰਾਂ। ਪਰ ਹੁਣ ਖ਼ਬਰਾਂ ਵਾਲੇ ਪਰਚੇ ਨੂੰ ਅਖ਼ਬਾਰ ਕਿਹਾ ਜਾਂਦਾ ਹੈ।

ਬੰਦਾ :- ਫਾਰਸ਼ੀ ਭਾਸ਼ਾ ਦਾ ਸ਼ਬਦ ਹੈ। ਅਰਥ ਹਨ ਦਾਸ, ਨੌਕਰ, ਤਾਅਬੇਦਾਰ। ਪਰ ਪੰਜਾਬੀ ਵਿਚ ਮਨੁੱਖ ਨੂੰ ਬੰਦਾ ਕਹਿੰਦੇ ਹਨ।

ਬੁੱਧੂ :- ਅਰਥਾਤ ਬੁੱਧ ਰੱਖਣ ਵਾਲਾ। ਪਰ ਵਿਅੰਗ ਵਿਚ ਇਹ ਮੂਰਖਾਂ ਲਈ ਵਰਤਣ ਲਗ ਗਏ ਹਨ। ਹੁਣ ਇਸ ਦੇ ਅਰਥ ਹੀ ਬੁਧ-ਹੀਣ ਮੂਰਖ ਬੰਦਾ ਹੋ ਗਿਆ ਹੈ।

ਪਤਿਆਉਣਾ :- ਇੱਜ਼ਤ ਕਰਨੀ। ਮਾਣ ਕਰਨਾ, ਵਡਿਉਣਾ। ਪਰ ਇਸ ਸ਼ਬਦ ਦੀ ਪਰਤ ਘੱਟ ਗਈ ਹੈ। ਹੁਣ ਇਸਦੇ ਅਰਥ ਕਿਸੇ ਨੂੰ ਵਡਿਆਉਣਾ ਹੈ – ਉਸ ਦੇ ਅਸਲ ਰੂਪ ਤੋਂ ਵੱਡਾ ਕਹਿਣਾ–ਕਿਸੇ ਵਡੇਰੇ ਤੋਂ ਜੇਕਰ ਕੋਈ ਚਲਾਕੀ ਨਾਲ ਕੰਮ ਕਢ ਲਵੇ, ਤਾਂ ਉਸਨੂੰ ਵੀ ਕਹਿੰਦੇ ਹਨ ਕਿ ਪਤਿਆ ਕੇ ਕੰਮ ਲੈ ਲਿਆ ਹੈ।

ਸਿਆਹੀ :- ਅਰਥਾਤ ਕਾਲੀ। ਪਰ ਹੁਣ ਚਿੱਟੀ, ਨੀਲੀ, ਪੀਲੀ ਅਤੇ ਲਾਲ, ਅਰਥਾਤ ਹਰ ਪਰਕਾਰ ਦੀ ਲਿਖਤ ਲਈ ਹਰ ਰੰਗ ਵਿਚ ਵਰਤੀ ਜਾਂਦੀ ਸਿਆਹੀ ਹੀ ਕਹਿਲਾਂਦੀ ਹੈ।

ਦੀਵਾ :- ਮਿੱਟੀ ਦੇ ਚੁੰਗੜੇ ਵਿਚ ਤੇਲ ਬੱਤੀ ਪਾ ਕੇ ਵਰਤਿਆ ਜਾਂਦਾ ਸੀ। ਪਰ ਹੁਣ ਬਿਜਲੀ ਦੇ ਬਲਬ ਲਈ ਵੀ ਕਿਹਾ ਜਾਂਦਾ ਹੈ ਕਿ ਦੀਵਾ ਬੁਝਾ ਦੇਵੋ ਜਾਂ ਦੀਵੇ ਬੱਤੀ ਦਾ ਵੇਲਾ ਹੋ ਗਿਆ ਹੈ।

ਮਾਸਟਰ :- ਅੰਗਰੇਜ਼ੀ ਭਾਸ਼ਾ ਵਿਚ ਮਾਲਕ ਨੂੰ ਕਹਿੰਦੇ ਹਨ ਪਰ ਇਹ ਹੁਣ ਸਕੂਲ ਮਾਸਟਰ ਤੋਂ ਬੈਂਡ ਮਾਸਟਰ ਅਤੇ ਟੇਲਰਮਾਸਟਰ ਤੱਕ ਆ ਡਿੱਗਾ ਹੈ।

Sri Satguru Jagjit Singh Ji Elibrary NamdhariElibrary@gmail.com

ਅਭਿਆਸ :- ਵਾਰ ਵਾਰ ਤੀਰ ਆਦਿ ਹਥਿਆਰ ਸੁੱਟਣ ਦੀ ਮਸ਼ਕ ਨੂੰ ਕਹਿ ਜਾਂਦਾ ਸੀ ਅਭਿਆਸ। ਪਰ ਹੁਣ ਹਰ ਕਾਰਜ ਦਾ ਅਭਿਆਸ ਕੀਤਾ ਜਾਂਦਾ ਹੈ।

ਸਰਫ਼ :- ਇਹ ਅਰਬੀ ਭਾਸ਼ਾ ਦਾ ਸ਼ਬਦ ਹੈ ਅਰਥ ਹਨ ਖ਼ਰਚ। ਪਰ ਪੰਜਾਬੀ ਨੇ ਇਸਨੂੰ ਸਰਫ਼ਾ ਬਣਾ ਲਿਆ। ਅਰਥ ਹਨ ਖ਼ਰਚ ਵਿਚ ਸੰਕੋਚ ਕਰਨਾ।

ਸ਼ਹਿਬਾਲਾ :- ਕਦੇ ਵਸੋਂ ਬਹੁਤ ਸੀੜੀ ਹੁੰਦੀ ਸੀ। ਬਰਾਤ ਤੇ ਧਾੜੇ ਪੈ ਜਾਇਆ ਕਰਦੇ ਸਨ। ਇਸ ਲਈ ਲਾੜੇ ਦੇ ਨਾਲ, ਉਸੇ ਵਰਗਾ ਇਕ ਹੋਰ ਮੁੰਡਾ ਵੀ ਤਿਆਰ ਰਖਿਆ ਜਾਂਦਾ ਸੀ। ਕਿ ਰੱਬ ਨਾ ਕਰੇ ਜੇ ਕਿਤੇ –। ਪਰ ਹੁਣ ਨਿੱਕਾ ਜਿਹਾ ਬਾਲਕ ਵੀ ਸ਼ਹਿਬਾਲਾ, ਇਕ ਰੀਤ ਵਜੋਂ, ਹੁੰਦਾ ਹੈ।

Sri Satguru Jagjit Singh Ji Elibrary NamdhariElibrary@gmail.com

ਸ਼ਬਦ ਦਾ ਅਲੰਕਾਰਕ ਹੋ ਜਾਣਾ

ਸ਼ਬਦ ਅਸਲ ਵਿਚ ਹੁੰਦਾ ਹੀ ਅਲੰਕਾਰ ਹੈ। ਪੰਜਾਬੀ ਵਿਚ ਬੇਸੁਮਾਰ ਸ਼ਬਦ ਅਜਿਹੇ ਹਨ ਜਿਨ੍ਹਾਂ ਦੇ ਕਈ ਕਈ ਭਾਵ ਭੇਤ ਹਨ। ਇਹ ਇਸ ਭਾਸ਼ਾ ਦੀ ਅਮੀਰੀ ਅਤੇ ਮਹਾਨਤਾ ਦਾ ਸੂਚਕ ਹੈ। ਇਸ ਦੇ ਅਧਿਕ ਸ਼ਬਦਾਂ ਦੇ ਸਾਧਾਰਨ ਅਰਥਾਂ ਦੇ ਨਾਲ ਨਾਲ ਅਲੰਕਾਰਕ ਅਰਥ ਵੀ ਹੁੰਦੇ ਹਨ। ਨਰੁਕਤੀ ਭਾਵੇਂ ਵੱਖਰੀ ਹੀ ਹੋਵੇ। ਜਿਵੇ :-

ਅੰਬ :- ਇਕ ਫਲ ਦਾ ਨਾਂ ਹੈ। ਪਰ ਕਿਸੇ ਅੰਗ ਦਾ ਅੰਬ ਜਾਣਾ ਜਾਂ ਚਸ਼ਮ ਦਾ ਅੰਬ ਜਾਣਾ ਵੀ ਹੁੰਦਾ ਹੈ।

ਅੱਕ :- ਇੱਕ ਕੌੜੀ ਬੂਟੀ ਦਾ ਨਾਂ ਹੈ। ਪਰ ਕਿਸੇ ਕੰਮ ਜਾਂ ਵਸਤੂ ਤੋਂ ਅੱਕ ਜਾਣਾ ਵੀ ਹੁੰਦਾ ਹੈ। ਅਕੇਵਾਂ।

ਸਿੱਟਾ :- ਕਣਕ ਜਾਂ ਬਾਜਰੇ ਦਾ ਸਿੱਟਾ। ਪਰ ਪ੍ਰੀਨਾਮ ਜਾਂ ਨਤੀਜਾ ਵੀ ਸਿੱਟਾ ਹੀ ਹੁੰਦਾ ਹੈ।

ਆਕੜ :- ਅਕੜਾ ਜਾਣ ਨੂੰ ਕਹਿੰਦੇ ਹਨ। ਪਰ ਹੰਕਾਰ ਨੂੰ ਵੀ ਆਕੜ ਹੀ ਕਹਿੰਦੇ ਹਨ।

ਸੁਰ :- ਆਵਾਜ਼। ਪਰ ਇੱਕ ਸੁਰ ਹੋਣ ਤੋਂ ਭਾਵ ਮੇਲ ਮਿਲਾਪ ਹੋ ਜਾਣਾ ਹੈ।

ਹਵਾ :- ਪੌਣ। ਪਰ ਹਵਾ ਲੱਗਣੀ, ਅਤੇ ਜ਼ਮਾਨੇ ਦੀ ਹਵਾ ਵੀ ਹੁੰਦੀ ਹੈ।

ਧਾਰ :- ਦੁੱਧ ਚੋਣ ਦੇ ਕਰਮ ਨੂੰ ਕਹਿੰਦੇ ਹਨ। ਧਾਰ ਕਢਣੀ ਜਾਂ ਧਾਰ ਚੋਣੀ ਪਰ ਤਲਵਾਰ ਦੀ ਧਾਰ, ਖੰਡੇ ਦੀ ਧਾਰ, ਨਦੀ ਦੀ ਧਾਰ ਆਦਿ ਵੀ ਧਾਰ ਹੀ ਹਨ।

ਭੀੜ :- ਸੀੜ ਦਾ ਵਿਰੋਧ। ਜ਼ਿਆਦਾ ਇਕੱਠ। ਪਰ ਦੁੱਖ ਜਾਂ ਕਸ਼ਟ ਨੂੰ ਵੀ ਭੀੜ ਪੈਣੀ ਜਾਂ ਬਣੀ ਕਹਿੰਦੇ ਹਨ।

ਚੱਕਲਾ :- ਰੋਟੀ ਵੇਲਣ ਲਈ ਇੱਕ ਸੰਦ। ਵੇਸ਼ਵਾ ਬਾਜ਼ਾਰ ਨੂੰ ਵੀ ਚੱਕਲਾ ਹੀ ਕਹਿੰਦੇ ਹਨ। ਕਿਸੇ ਦੇ ਘਰ ਨੂੰ ਜੇਕਰ ਕੋਈ ਚੱਕਲਾ ਕਹੇ ਤਾਂ ਖ਼ੂਨ ਵੱਗ ਜਾਣ।

ਘੋੜੀ :- ਘੋੜੇ ਦਾ ਇਸਤ੍ਰੀ ਲਿੰਗ। ਪਰ ਦਰੀਆਂ ਬੁਣਨ ਲਈ ਵਰਤੀਂਦੀ ਇੱਕ ਲੱਕੜ ਦੀ ਘੋੜੀ, ਸੇਵੀਆਂ ਵੱਟਣ ਵਾਲੀ ਮਸ਼ੀਨ ਵੀ ਘੋੜੀ। ਨੱਕ ਤੇ ਐਨਕ ਟਿਕਣ ਵਾਲੀ ਥਾਂ ਵੀ ਘੋੜੀ।

ਪੱਟੀ ਮੇਸਣੀ :- ਵਿਦਿਆਰਥੀ ਦੇ ਪੱਟੀ ਲਿਖ ਕੇ ਫੇਰ ਲਿਖਣ ਲਈ ਧੋ ਦੇਣ ਨੂੰ ਕਹਿੰਦੇ ਹਨ। ਪਰ ਪੱਟੀ ਮੇਸਣੀ ਤੋਂ ਭਾਵ ਹੈ ਕਿਸੇ ਕੀਤੇ ਕਰਾਏ ਉਤੇ ਪਾਣੀ ਫੇਰ ਦੇਣਾ ਵੀ ਹੈ।

ਖ਼ੂਨ :- ਲਹੂ, ਰੱਤ। ਪਰ ਕਤਲ ਨੂੰ ਵੀ ਖ਼ੂਨ ਹੋ ਗਿਆ ਕਹਿੰਦੇ ਹਨ।

ਠੇਕਾ :- ਕਿਸੇ ਕੰਮ ਜਾਂ ਸ਼ੈਅ ਦੀ ਉੱਕੀ ਪੁੱਕੀ ਉਜਰਤ ਜਾਂ ਕੀਮਤ ਨੂੰ ਨਿਸ਼ਚਿਤ ਕਰਨ ਨੂੰ ਕਹਿੰਦੇ ਹਨ। ਪਰ ਆਮ ਕਰਕੇ ਸ਼ਰਾਬ ਵੇਚਣ ਦੀ ਦੁਕਾਨ ਠੇਕਾ ਹੈ।

ਗੋਦੀ :- ਭਾਵ ਗੋਦ ਵਿਚ ਜਾਂ ਢਾਕ ਤੇ। ਪਰ ਸਮੁੰਦਰ ਤੱਟ ਤੇ ਜਿਥੇ ਜਹਾਜ਼ ਆ ਕੇ ਠਹਿਰਦੇ ਹਨ, ਉਹ ਥਾਂ ਵੀ ਗੋਦੀ ਹੈ।

ਅੱਖ :- ਨੇਤ੍ਰ। ਸਰੀਰ ਦਾ ਇੱਕ ਅੰਗ। ਪਰ ਜੇ ਕਿਸੇ ਬੂਟੇ ਦੀ ਕਰੂੰਬਲ ਫੁੱਟਦੀ ਹੋਵੇ ਤਾਂ ਕਹਿੰਦੇ ਹਨ ਅੱਖ ਫੁੱਟਦੀ ਹੈ।

ਕਲਮ :- ਲਿਖੱਣ ਲਈ ਕਾਨੀ। ਪਰ ਬੂਟੇ ਦੀ ਕਲਮ ਲਾਉਣੀ ਜਾਂ ਕਰਨੀ। ਲੇਖਾਂ ਤੇ ਕਲਮ ਚਲਣੀ ਵੀ ਹੈ।

ਫੁੱਲ :- ਫਲ ਤੋਂ ਪਹਿਲਾਂ ਬਨਸਪਤੀ ਤੇ ਆਉਂਦੇ ਹਨ। ਪਰ ਇੱਕ ਗਹਿਣਾ ਵੀ ਹੈ। ਮੁਰਦੇ ਦੀਆਂ ਜਲੀਆਂ ਹੋਈਆਂ ਅਸਥੀਆਂ ਵੀ ਫੁੱਲ। ਉਂਗਲੀਆਂ ਦੇ ਪੋਟਿਆਂ ਨੂੰ ਵੀ ਫੁੱਲ। ਜਾਨਵਰਾਂ ਦੇ ਮੱਥੇ ਦੇ ਚਟਾਕ ਨੂੰ ਵੀ ਫੁਲ। ਰੱਸ ਦੀ ਜਦੋਂ ਗੁੜ ਤਿਆਰ ਹੋਣ ਦੀ ਵੱਤ ਆਉਂਦੀ ਹੈ ਉਦੋਂ ਵੀ ਪਹਿਲਾਂ ਫੁੱਲ ਹੀ ਆਉਂਦਾ ਹੈ।

ਭਾੜਾ :- ਭਾਵ ਕਰਾਇਆ। ਪਰ ਗਾਂ ਮੱਝ ਨੂੰ ਤੋਕੜ ਹੋ ਜਾਣ ਤੇ ਜਾਂ ਕੱਟਰੂ ਵੱਛਰੂ ਮਰ ਜਾਣ ਮਗਰੋਂ ਦੁੱਧ ਚੋਣ ਦੇ ਲਈ ਕਿਸੇ ਢੰਡ ਆਦਿ ਦੀ

Sri Satguru Jagjit Singh Ji Elibrary NamdhariElibrary@gmail.com

ਆਦਤ ਤੇ ਲਾ ਲੈਣਾ ਵੀ ਭਾੜਾ ਤੇ ਲਾਣਾ ਹੁੰਦਾ ਹੈ।

ਪਰਾਹੁਣਾ :- ਮਹਿਮਾਨ। ਅਤਿਥੀ। ਪਰ ਜੁਆਈ ਵੀ ਪਰਾਹੁਣਾ ਹੈ।

ਟੀ ਪਾਰਟੀ ਕਰਨੀ :- ਭਾਵ ਚਾਹ ਆਦਿ ਨਾਲ ਆਓ ਭਗਤ ਕਰਨੀ। ਪਰ ਵਿਅੰਗ ਵਿਚ ਟੀ ਪਾਰਟੀ ਕਰਨ ਤੋਂ ਕਿਸੇ ਦੀ ਲਾਹ ਪਾਹ ਕਰਨ ਦਾ ਅਰਥ ਹੁੰਦਾ ਹੈ।

ਡਰਨਾ :- ਇਕ ਕਿਰਿਆ ਵਾਚਕ ਸ਼ਬਦ ਹੈ। ਪਰ ਫਸਲ ਵਿੱਚ ਜਾਨਵਰਾਂ ਅਤੇ ਪੰਛੀਆਂ ਆਦਿ ਨੂੰ ਡਰਾਉਣ ਦੇ ਲਈ ਖੇਤ ਵਿਚ ਵੀ ਗੱਡਿਆ ਜਾਂਦਾ ਹੈ।

ਅੰਗੂਰ :- ਇੱਕ ਫਲ ਹੈ। ਪਰ ਜ਼ਖ਼ਮ ਜਾਂ ਫੋੜਾ ਭਰਨ ਤੇ ਜੋ ਨਵਾਂ ਮਾਸ ਆਉਂਦਾ ਹੈ ਤਾਂ ਕਹਿੰਦੇ ਹਨ ਅੰਗੂਰ ਆਉਂਦਾ ਹੈ। ਨਵੇਂ ਟੂਸੇ ਵੀ ਬੂਟਿਆਂ ਦਾ ਅੰਗੂਰ ਕਹਾਉਂਦੇ ਹਨ। ਜਦੋਂ ਬੀਜ ਉੱਗਣ ਦੇ ਲਈ ਫੁੱਟ ਤੁਰੇ ਤਾਂ ਕਹਿੰਦੇ ਹਨ ਅੰਗੂਰ ਤੁਰ ਪਿਆ ਹੈ।

ਉਡਣਾ :- ਭਾਵ ਕਿਸੇ ਖੰਭਾਂ ਵਾਲੇ ਜੀਵ ਦੇ ਉਡਣ ਤੋਂ ਹੈ। ਪਰ ਗੱਲ ਉਡਣੀ, ਉਡ ਕੇ ਪੁੱਜਣਾ, ਉੱਡ ਕੇ ਮਿਲਣਾ, ਉਡਾ ਕੇ ਲੈ ਜਾਣਾ, ਸ਼ਰਾਬ ਉਡਣੀ।

ਨਜ਼ਰ :- ਦ੍ਰਿਸ਼ਟੀ। ਪਰ ਨਜ਼ਰ ਨੀਵੀਂ ਰੱਖਣੀ। ਨਜ਼ਰ ਚੁਰਾਣੀ, ਨਜ਼ਰ ਲੱਗ ਜਾਣੀ, ਨਜ਼ਰ ਰੱਖਣੀ, ਨਜ਼ਰਬਾਜ਼ੀ ਕਰਨੀ, ਤਿੱਖੀ ਨਜ਼ਰ ਹੋਣੀ, ਤੇਜ਼ ਨਜ਼ਰ ਹੋਣੀ, ਬੁਲੰਦ ਨਜ਼ਰੀ, ਪੜਚੋਲੀਆ ਨਜ਼ਰ, ਓਪਰੀ ਨਜ਼ਰ, ਮੇਹਰ ਦੀ ਨਜ਼ਰ, ਸ਼ੱਕ ਦੀ ਨਜ਼ਰ। ਚੋਰ ਨਜ਼ਰ।

ਨਿਗਾਹ :- ਭਾਵ ਦ੍ਰਿਸ਼ਟੀ ਹੀ ਹੈ। ਸ਼ੱਕ ਦੀ ਨਿਗਾਹ, ਗੁੱਸੇ ਦੀ ਨਿਗਾਹ, ਮਮਤਾ ਦੀ ਨਿਗਾਹ, ਪਿਆਰ ਦੀ ਨਿਗਾਹ, ਪ੍ਰੇਮ ਦੀ ਨਿਗਾਹ, ਮੇਹਰ ਦੀ ਨਿਗਾਹ।

ਦੱਮ :- ਭਾਵ ਸਾਹ। ਆਰਾਮ। ਪਰ ਦਮ ਮਾਰਨਾ, ਦਮ ਲੈਣਾ, ਦਮ ਹੋਣਾ, ਦਮ ਦੇਣਾ, ਦਮ ਨਾ ਲੈਣ ਦੇਣਾ।

Sri Satguru Jagjit Singh Ji Elibrary NamdhariElibrary@gmail.com

ਸ਼ਬਦ ਦੇ ਘ੍ਰਿਣਤ ਅਰਥ ਹੋ ਜਾਣੇ

ਜਨ-ਸਾਧਾਰਨ ਹੀ ਸ਼ਬਦਾਂ ਦੀ ਟਕਸਾਲ ਹੈ। ਸ਼ਬਦ ਅਤੇ ਉਨ੍ਹਾਂ ਦੇ ਨਿਸ਼ਚਿਤ ਅਰਥ ਇਸੇ ਟਕਸਾਲ ਵਿਚ ਉਤਪੰਨ ਹੁੰਦੇ ਹਨ। ਕਈ ਸ਼ਬਦ ਇਸ ਟਕਸਾਲ ਵਿਚ ਆ ਕੇ ਵਿਸ਼ੇਸ਼ ਕਾਰਨਾਂ ਕਰਕੇ ਆਪਣੇ ਅਸਲੀ ਅਰਥਾਂ ਤੋਂ ਗਿਰ ਜਾਂਦੇ ਹਨ। ਜਨ-ਸਾਧਾਰਨ ਨੇ ਇਨ੍ਹਾਂ ਦੀਆਂ ਕਰਤੂਤਾਂ ਦੇਖ ਕੇ ਇਨ੍ਹਾਂ ਨਾਲ ਘ੍ਰਿਣਤ ਅਰਥ ਜੋੜ ਦਿੱਤੇ ਹਨ। ਜਿਵੇਂ :-

ਰਾਜਾ :- ਇਸ ਦੇ ਕੋਸ਼ ਵਿਚ ਸਿਧੇ ਜਹੇ ਅਰਥ ਹਨ ਬਾਦਸ਼ਾਹ - ਪਰਜਾ ਦਾ ਪਾਲਣਹਾਰ। ਪਰਜਾ ਦੀ ਚੰਗੀ ਤਰ੍ਹਾਂ ਨਾਲ ਸੰਭਾਲ ਅਤੇ ਦੇਖ ਰੇਖ ਕਰਨ ਵਾਲਾ। ਪਰ ਜਨ-ਸਾਧਾਰਨ ਨੇ ਪੰਜਾਬੀ ਵਿਚ ਨਾਈ ਨੂੰ ਰਾਜਾ ਕਹਿ ਦਿੱਤਾ ਹੈ।

ਪਰਜਾ ਪੱਤ :- ਅਰਥ ਹਨ ਪਰਜਾ ਦੀ ਇੱਜ਼ਤ। ਜੋ ਇੱਕ ਰਾਜਾ ਹੀ ਹੋ ਸਕਦਾ ਹੈ। ਪਰ ਜਨ ਸਾਧਾਰਨ ਨੇ ਪਰਜਾ-ਪੱਤ ਘੁਮਾਰ ਨੂੰ ਕਿਹਾ ਹੈ।

ਮਿਹਤਰ :- ਫਾਰਸੀ ਭਾਸ਼ਾ ਵਿਚ ਇਸਦੇ ਅਰਥ ਹਨ ਵੱਡਾ ਜਾਂ ਰਾਜਾ। ਪਾਕਿਸਤਾਨ ਵਿਚ ਆਈ ਰਿਆਸਤ ਚਿਤਰਾਲ ਦਾ ਪਾਦਸ਼ਾਹ ਆਪਣੇ ਆਪ ਨੂੰ ਅੱਜ ਵੀ ਮਿਹਤਰ ਹੀ ਅਖਵਾਂਦਾ ਹੈ। ਪਰ ਪੰਜਾਬੀ ਟਕਸਾਲ ਨੇ ਮਿਹਤਰ ਗੋਹਾ-ਕੂੜਾ ਕਰਨ ਵਾਲੇ ਜਾਂ ਗੰਦ ਆਦਿ ਸਾਫ਼ ਕਰਨ ਵਾਲੇ ਨੂੰ ਕਹਿ ਦਿੱਤਾ ਹੈ।

(ਉਪਰੋਕਤ ਉਦਾਹਰਨਾਂ ਵਿਚ ਇਹ ਘਿਰਣਾ ਦਾ ਜੋੜ ਕੇਵਲ ਉਹਨਾਂ ਸ਼ਬਦਾਂ ਦੇ ਨਾਲ ਹੀ ਕੀਤਾ ਗਿਆ ਹੈ ਜਿਹੜੇ ਕਿ ਰਾਜਾ ਜਾਂ ਬਾਦਸ਼ਾਹ ਦਾ ਅਰਥ ਰਖਦੇ ਹਨ।)

ਪੀਰ :- ਫ਼ਾਰਸੀ ਭਾਸ਼ਾ ਤੋਂ ਆਇਆ ਸ਼ਬਦ ਹੈ। ਅਰਥ ਹਨ, ਵਡੀ ਉਮਰ

Sri Satguru Jagjit Singh Ji Elibrary NamdhariElibrary@gmail.com

ਵਾਲਾ, ਬਿਰਧ। ਪਰ ਹੁਣ ਪੀਰ ਕੀ ਬਣ ਕੇ ਰਹਿ ਗਿਆ ਹੈ?

ਗੁਰੂ :- ਅਰਥ ਹਨ, ਸਿਖਿਆ ਦੇਣ ਵਾਲਾ, ਉਸਤਾਦ, ਪੀਰ। ਪਰ ਗੁਰੂ ਦੇ ਅਰਥਾਂ ਨਾਲ ਜਨ-ਸਾਧਾਰਨ ਨੇ ਆਪਣੇ ਹੀ ਅਰਥ ਜੋੜ ਦਿੱਤੇ ਹਨ। ਕੋਸ਼ ਨੇ ਨਹੀਂ।

ਹਜ਼ਰਤ :- ਅਰਬੀ ਭਾਸ਼ਾ ਦਾ ਸ਼ਬਦ ਹੈ। ਕਿਸੇ ਦੀ ਇੱਜ਼ਤ, ਸਨਮਾਨ ਕਰਣ ਲਈ ਵਰਤਿਆਂ ਜਾਂਦਾ ਹੈ। ਪਰ ਜਨ-ਟਕਸਾਲ ਵਿਚ ਇਸ ਹਜ਼ਰਤ ਦੇ ਕੀ ਅਰਥ ਹੋ ਗਏ ਹਨ ? ਕੌਣ ਨਹੀਂ ਜਾਣਦਾ?

ਉਸਤਾਦ :- ਫ਼ਾਰਸੀ ਭਾਸ਼ਾ ਦਾ ਸ਼ਬਦ ਹੈ, ਅਰਥ ਹਨ "ਸਿਖਿਆ ਦੇਣ ਵਾਲਾ--ਪਰ ਇਸ ਸ਼ਬਦ ਉਸਤਾਦ ਦੀਆਂ ਉਸਤਾਦੀਆਂ ਤੋਂ ਕੌਣ ਹੈ ਜੋ ਜਾਣੂ ਨਹੀਂ ਹੈ?

ਬਾਬਾ ਗੁਰੂ :- ਇਹ ਵੀ ਉਪਰੋਕਤ ਸ਼ਬਦਾਂ ਦੇ ਵਾਂਗ ਹੀ ਇੱਜ਼ਤ ਮਾਣ ਦੇ ਲਈ ਵਰਤਿਆ ਜਾਂਦਾ ਹੈ। ਉਪਰੋਕਤ ਸ਼ਬਦਾਂ ਦੀਆਂ ਉਸਤਾਦੀਆਂ ਦੇਖ ਕੇ ਇਨ੍ਹਾਂ ਦੇ ਅਰਥ ਹੁਣ ਹੇਰਾ ਫੇਰੀ ਅਤੇ ਚਾਲਾਕੀ ਕਰਨ ਵਾਲੇ ਦੇ ਹੋ ਗਏ ਹਨ।

ਗੁਰ-ਮਤਾ :- ਗੁਰੂ-ਘਰ ਤੋਂ ਇਸ ਸ਼ਬਦ ਦਾ ਜਨਮ ਹੋਇਆ ਹੈ। ਹੁਣ ਇਸ ਦੇ ਅਰਥ ਹਨ, ਕੋਈ ਸਾਜ਼ਿਸ਼ ਕਰਨ ਦੇ ਲਈ ਸਲਾਹ ਪਕਾਉਣੀ।

ਸ਼ਲੋਕ ਸੁਣਾਉਣੇ :- ਸ਼ਲੋਕ ਸ਼ੇਅਰ ਜਾਂ ਦੋਹੇ ਆਦਿ ਨੂੰ ਕਿਹਾ ਜਾਂਦਾ ਹੈ। ਫੇਰ ਇਸਦੇ ਅਰਥ ਉੱਚੇ ਹੋ ਗਏ ਅਤੇ ਇਹ ਸ਼ਬਦ ਕੇਵਲ ਧਾਰਮਿਕ ਸ਼ਿਅਰਾਂ ਜਾਂ ਮੰਤਰਾਂ ਦੇ ਲਈ ਵਰਤਿਆ ਜਾਣ ਲੱਗਾ। ਧਾਰਮਿਕ ਮੰਤਰ ਆਮ ਕਰਕੇ ਸੰਸਕ੍ਰਿਤ ਭਾਸ਼ਾ ਵਿਚ ਹੋਣ ਕਰਕੇ ਜਨ-ਸਾਧਾਰਨ ਦੀ ਸਮਝ ਤੋਂ ਬਾਹਰ ਹੋਇਆ ਕਰਦੇ ਸਨ। ਇਸ ਲਈ ਲੋਕ ਸ਼ਲੋਕ ਸੁਣਨ ਤੋਂ ਕੰਨੀ ਕਤਰਾਣ ਲੱਗ ਪਏ। ਹੁਣ ਜੇ ਕਰ ਕਿਸੇ ਨੂੰ ਨਸਾਉਣਾ ਹੋਵੇ ਤਾਂ ਕਹਿੰਦੇ ਹਨ ਕਿ ਜਾਂਦਾ ਹੈਂ ਕਿ ਸੁਣਾਵਾਂ ਸ਼ਲੋਕ ? ਹੁਣ ਸ਼ਲੋਕ ਸੁਣਾਉਣ ਤੋਂ ਭਾਵ "ਬੁਰਾ ਭਲਾ" ਕਹਿਣਾ ਹੈ।

ਦਛਣਾ ਦੇਣੀ :- ਇਹ ਸ਼ਬਦ ਦਖਸ਼ਣਾ ਦੇਣੀ ਦਾ ਪੰਜਾਬੀ ਉਚਾਰਨ ਹੈ। ਅਰਥ ਹਨ। ਪੰਡਤਾਂ ਨੂੰ ਪੁੰਨ ਦਾਨ ਵਜੋਂ ਕੁਝ ਦੇਣਾ। ਪੰਡਤਾਂ ਦੇ ਇਸ ਦਖਸ਼ਣਾ ਲੈਣ ਦੇ ਢੰਗ ਅਤੇ ਚਾਲਾਂ ਤੋਂ ਅੱਕ ਕੇ ਜਨ-ਸਾਧਾਰਨ ਨੇ ਇਸ ਨੂੰ ਛਿੱਤਰ-ਪਤਾਣ ਦੇ ਅਰਥ ਦੇ ਦਿਤੇ ਹਨ। ਜਦੋਂ ਕੋਈ ਕੋਹਜੀਆਂ ਹਰਕਤਾਂ ਤੋਂ ਬਾਜ਼ ਨਾ ਆਵੇ ਤਾਂ ਕਹਿੰਦੇ ਹਨ ਕਿ ਤੂੰ ਉਂਜ ਹਟਣਾ ਹੈ ਕਿ ਦਛਣਾ ਲੈ ਕੇ ਹੀ ਹਟੇਂਗਾ?

Sri Satguru Jagjit Singh Ji Elibrary NamdhariElibrary@gmail.com

ਸ਼ਬਦ ਦਾ ਅਰਥ ਪ੍ਰੀਵਰਤਨ

ਜਿਸ ਤਰ੍ਹਾਂ ਕਿਸੇ ਇੱਕ ਮਸ਼ੀਨ ਦਾ ਪੁਰਜ਼ਾ ਮਾਂਜ ਕੇ ਖ਼ਰਾਦ ਕੇ ਕਿਸੇ ਹੋਰ ਮਸ਼ੀਨ ਵਿਚ ਫਿੱਟ ਕਰ ਲਿਆ ਜਾਂਦਾ ਹੈ, ਉਹ ਜਿਸ ਕੰਮ ਦੇ ਲਈ ਅਸਲੋਂ ਬਣਾਇਆ ਗਿਆ ਹੁੰਦਾ ਹੈ, ਉਸ ਤੋਂ ਬਿਲਕੁਲ ਅਲਗ ਹੋਰ ਕੰਮ ਲੈ ਲਿਆ ਜਾਂਦਾ ਹੈ। ਇਸੇ ਤਰ੍ਹਾਂ ਭਾਸ਼ਾਵਾਂ ਵੀ ਆਪਣਾ ਕੋਈ ਵਿਸ਼ੇਸ਼ ਅਰਥ ਨਿਭਾਉਣ ਲਈ ਕਿਸੇ ਹੋਰ ਭਾਸ਼ਾ ਦਾ ਸ਼ਬਦ ਮਾਂਜ ਖ਼ਰਾਦ ਕੇ, ਜਾਂ ਅਸਲੀ ਹਾਲਤ ਵਿਚ ਵੀ, ਵਰਤ ਲੈਂਦੀਆਂ ਹਨ। ਉਹ ਸ਼ਬਦ ਫੇਰ ਉਸੇ ਭਾਸ਼ਾ ਦੇ ਰੰਗ ਵਿਚ ਰੰਗਿਆ ਜਾ ਕੇ ਆਪਣਾ ਅਸਲਾ ਗੁਆ ਬਹਿੰਦਾ ਹੈ। ਜਿਵੇ :-

ਜੈਂਟਰ-ਮੈਨ :- ਇਹ ਸ਼ਬਦ ਅੰਗਰੇਜ਼ੀ ਦਾ ਜੈਂਟਲ-ਮੈਨ ਹੈ। ਅੰਗਰੇਜ਼ੀ ਵਿਚ ਇਹ ਇਕ ਸ਼ਰੀਫ ਅਤੇ ਭੱਦਰ ਪੁਰਸ਼ ਦੇ ਅਰਥ ਦੇਂਦਾ ਹੈ। ਪਰ ਪੰਜਾਬੀ ਨੇ ਇਸ ਨੂੰ ਸ਼ੌਕੀਨ ਬਣਾ ਦਿੱਤੀ ਹੈ। ਅਤੇ ਪੂਰਾ ਪੰਜਾਬੀ ਸ਼ਕੀਨ ਅਰਥਾਤ ਜੈਂਟਰਮੈਨ ਹੈ।

ਸ਼ੋਅ:- ਇਹ ਵੀ ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ। ਅਰਥ ਹਨ ਦਿਖਲਾਉਣਾ। ਪਰ ਪੰਜਾਬੀ ਵਿਚ, ਜੇ ਕਰ ਕੋਈ ਸੈਂਵੇ ਪਰਦਰਸ਼ਨ ਕਰਦਾ ਫਿਰਦਾ ਹੋਵੇ ਅਤੇ ਇੰਞ ਵਧੀਕੀਆਂ ਤੱਕ ਵੀ ਉਤਰ ਆਇਆ ਹੋਵੇ ਤਾਂ ਉਸਨੂੰ ਅਗੋਂ ਕੋਈ ਆਖਦਾ ਹੈ ਕਿ ਬੰਦਾ ਬਣ ਜਾਂ ਨਹੀਂ ਤਾਂ ਤੇਰੀ ਸਾਰੀ ਸ਼ੋਅ ਲਾਹ ਦਿਆਂਗਾ।

ਪੇਸ਼ਾ :- ਇਹ ਫ਼ਾਰਸੀ ਦਾ ਸ਼ਬਦ ਹੈ। ਅਰਥ ਹਨ ਕਿੱਤਾ, ਜਾਂ ਕੰਮਕਾਰ। ਪਰ ਪੰਜਾਬੀ ਵਿਚ ਸ਼ਬਦ ਪੇਸ਼ਾ ਇਸਤ੍ਰੀਆਂ ਦੇ ਪੈਸੇ ਲੈ ਕੇ ਸ੍ਰੀਰਕ ਛੋਹ ਵੇਚਣ ਦੇ ਕਿੱਤੇ ਲਈ ਵਰਤਿਆ ਜਾਂਦਾ ਹੈ। ਹਿੰਦੀ ਦਾ ਸ਼ਬਦ ਧੰਦਾ ਵੀ ਇਸੇ ਤਰ੍ਹਾਂ ਵਰਤੋਂ ਵਿਚ ਲਿਆਂਦਾ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

ਆਵਾਗੌਣ :- ਹਿੰਦੀ ਦਾ ਦਾਰਸ਼ਨਿਕ ਸ਼ਬਦ ਹੈ। ਆਦਮੀ ਦਾ ਮਰ ਕੇ ਚੁਰਾਸੀ ਲੱਖ ਜੂਨ ਭੋਗਣ ਦੇ ਲਈ ਦੁਨੀਆਂ ਤੇ ਆਉਣ ਜਾਣਾ। ਭਾਵ ਵਾਰ ਵਾਰ ਜੂਨ ਵਿਚ ਪੈਣਾ। ਪਰ ਪੰਜਾਬੀ ਵਿਚ ਆਵਾਗੌਣ ਉਸਨੂੰ ਕਹਿੰਦੇ ਹਨ ਜੋ ਵਿਅਕਤੀ ਵਿਸ਼ੇਸ਼ ਨਾ ਹੋਵੇ, ਮੋਅਤਬਰ ਨਾ ਹੋਵੇ। ਐਵੇਂ ਮੂੰਹ ਚੁੱਕ ਕੇ ਫਿਰਦਾ ਤੁਰਦਾ ਰਹਿੰਦਾ ਹੋਵੇ।

ਇਲੱਤ : - ਅਰਬੀ ਭਾਸ਼ਾ ਦਾ ਸ਼ਬਦ ਹੈ। ਅਰਥ ਹਨ, "ਵਜ੍ਹਾ, ਕਾਰਨ, ਬੀਮਾਰੀ, ਸਬੱਬ । ਉਰਦੂ ਵਿਚ ਇੱਲਤ ਆਦਤ ਨੂੰ ਕਹਿੰਦੇ ਹਨ। ਪਰ ਪੰਜਾਬੀ ਵਿੱਚ ਇਲੱਤ ਸ਼ਰਾਰਤ ਨੂੰ ਕਹਿੰਦੇ ਹਨ। ਪਰ ਇਲੱਤ ਆਮ ਕਰਕੇ ਸ਼ਰਾਰਤ ਨਾਲੋਂ ਘੱਟ ਬੁਰੇ ਅਰਥਾਂ ਵਿੱਚ ਵਰਤੀ ਜਾਂਦੀ ਹੈ। ਅਰਥਾਤ ਭੋਲੀ ਜਹੀ ਸ਼ਰਾਰਤ।

ਫ਼ੱਕਰ :- ਅਰਬੀ ਭਾਸ਼ਾ ਦਾ ਸ਼ਬਦ ਹੈ। ਅਰਥ ਹਨ "ਫ਼ਕੀਰ, ਗ਼ਰੀਬ, ਮੁਥਾਜ" ਪਰ ਪੰਜਾਬੀ ਵਿਚ ਫੱਕਰ ਉਹ ਹੈ ਜਿਸ ਨੂੰ ਚੜ੍ਹੀ ਲੱਥੀ ਦੀ ਪਰਵਾਹ ਨਾ ਹੋਵੇ।

ਜਵਾਬ :- ਅਰਬੀ ਭਾਸ਼ਾ ਦਾ ਸ਼ਬਦ ਹੈ। ਅਰਥ ਹਨ "ਉੱਤਰ। ਪਰ ਪੰਜਾਬੀ ਵਿਚ ਜਵਾਬ ਤੋਂ ਭਾਵ ਨਾਂਹ ਵਾਚਕ ਉੱਤਰ ਹੈ। ਜਿਵੇਂ ਜੇਕਰ ਕੋਈ ਕਿਸੇ ਤੋਂ ਕੋਈ ਚੀਜ਼ ਮੰਗੇ ਅਤੇ ਅਗੋਂ ਮਿਲੇ ਨਾਂ ਤਾਂ ਪੁਛਣ ਤੇ ਕਹੇਗਾ ਕਿ ਮੈਨੂੰ ਤਾਂ ਅਗੋਂ ਜੁਵਾਬ ਮਿਲ ਗਿਆ ਹੈ।

ਫ਼ਾਰਮੀ :- ਇਹ ਅੰਗਰੇਜ਼ੀ ਦੇ ਸ਼ਬਦ ਫ਼ਾਰਮ ਤੋਂ ਬਣਾਇਆ ਗਿਆ ਹੈ। ਫ਼ਾਰਮ ਖੇਤ ਨੂੰ ਕਹਿੰਦੇ ਹਨ। ਫਾਰਮੀ ਤੋਂ ਭਾਵ "ਫਾਰਮ ਦਾ" ਹੈ। ਪਰ ਪੰਜਾਬੀ ਪਿੰਡਾਂ ਵਿਚ ਫਾਰਮੀ ਤੋਂ ਭਾਵ ਬਣਾਉਟੀ ਤੋਂ ਹੈ। ਜਿਵੇਂ ਕਹਿੰਦੇ ਹਨ ਕਿ "ਭਾਈ ਅੱਜ ਕੱਲ ਤਾਂ ਸਭ ਕੁਝ ਫਾਰਮੀ ਚੱਲ ਪਿਆ ਹੈ। ਫਾਰਮੀ ਮਿਠਾ। ਫਾਰਮੀ ਕਣਕ ਅਤੇ ਫਾਰਮੀ ਘਿਉ। ਸਾਡਿਆਂ ਵੇਲਿਆਂ ਵਿੱਚ ਤਾਂ ਸਭ ਕੁਝ ਅਸਲੀ ਹੋਇਆ ਕਰਦਾ ਸੀ।" ਵਿਗਿਆਨਕ ਢੰਗਾਂ ਨਾਲ ਬਣਾਈ ਹੋਈ ਹਰ ਚੀਜ਼ ਨੂੰ ਫਾਰਮੀ ਹੀ ਕਹਿੰਦੇ ਹਨ। ਜਿਵੇਂ ਫ਼ਾਰਮੀ ਖਾਦ ਹੀ ਲੈ ਲਵੋ।

ਮੇਮ ਸਾਹਿਬ :- ਮੇਮ ਅੰਗਰੇਜ਼ੀ ਦੇ ਸ਼ਬਦ "ਮੈਡਮ" ਦਾ ਸੰਖੇਪ ਹੈ। ਸਾਡੇ ਪਾਸ ਇਸ ਦਾ ਭਾਰਤੀ ਰੂਪ ਸ਼੍ਰੀਮਤੀ ਹੈ ਪਰ ਮੇਮ-ਸਾਹਿਬ ਕਿਸੇ ਅਫ਼ਸਰ ਦੀ ਸ਼੍ਰੀਮਤੀ ਹੈ।

ਬੀਬੀ :- ਫਾਰਸੀ ਦੀ ਉਰਦੂ ਨੂੰ ਦੇਣ ਹੈ। ਅਰਥ ਹਨ "ਸ਼ਰੀਫਜ਼ਾਦੀ," ਨੇਕ ਇਸਤ੍ਰੀ ਪਰ ਪੰਜਾਬੀ ਵਿਚ ਇਹ ਸ਼ਬਦ ਭੈਣ ਨੂੰ ਦੇ ਦਿੱਤਾ ਗਿਆ ਹੈ। ਹੁਣ ਜਾਪਦਾਂ ਹੈ ਮਾਂ ਨੇ ਇਹ ਸ਼ਬਦ ਆਪਣੇ ਲਈ ਹਥਿਆ ਲੈਣਾ ਹੈ।

Sri Satguru Jagjit Singh Ji Elibrary NamdhariElibrary@gmail.com

ਵੀਰ :- ਅਰਥ ਹਨ "ਸੂਰਮਾ, ਬਹਾਦਰ।" ਪਰ ਪੰਜਾਬੀ ਭੈਣ ਨੇ ਆਪਣੇ ਭਰਾ ਨੂੰ ਵੀਰ ਕਿਹਾ ਹੈ।

ਅਲਗ਼ਰਜ਼ :- ਅਰਬੀ ਭਾਸ਼ਾ ਦਾ ਸ਼ਬਦ ਹੈ। ਅਰਥ ਹਨ - ਗ਼ਰਜ਼, ਮਨਸ਼ਾ, ਨਤੀਜਾ--ਆਦਿ। ਪਰ ਪੰਜਾਬੀ ਵਿਚ ਲਾਪਰਵਾਹੀ ਕਰਨ ਵਾਲੇ ਨੂੰ ਕਹਿੰਦੇ ਹਨ ਕਿ ਇਹ ਤਾਂ ਅਲਗ਼ਰਜ਼ੀ ਕਰਦਾ ਹੈ।

ਡਾਇਰੀ :- ਅੰਗਰੇਜ਼ੀ ਭਾਸ਼ਾ ਤੋਂ ਆਇਆ ਹੈ। ਅਰਥ ਹਨ--"ਰੋਜ਼ਨਾਮਚਾ, ਨਿਤਾਪ੍ਰਤੀ ਦੀ ਯਾਦਦਾਸ਼ਤ।" ਪਰ ਪੰਜਾਬੀ ਵਿਚ ਡਾਇਰੀ ਦੇਣ ਦਾ ਮਤਲਬ ਹੈ ਮੁਖ਼ਬਰੀ ਕਰਨੀ।

ਪੈਂਠ :- ਹਿੰਦੀ ਵਿੱਚ ਬਾਜ਼ਾਰ ਜਾਂ ਮੰਡੀ ਨੂੰ ਕਹਿੰਦੇ ਹਨ। ਪੰਜਾਬੀ ਵਿਚ ਇਸ ਦੇ ਅਰਥ ਅੰਗਰੇਜ਼ੀ ਦੇ ਮਾਰਕੀਟ ਵੈਲਯੂ ਵਾਲੇ ਹਨ। ਪੈਂਠ ਹੋਣ ਦਾ ਮਤਲਬ ਹੁੰਦਾ ਹੈ ਸਾਖ ਹੋਣੀ, ਪ੍ਰਤੀਤ ਹੋਣੀ।

ਚਰਾਗ਼ :- ਫ਼ਾਰਸੀ ਭਾਸ਼ਾ ਦਾ ਸ਼ਬਦ ਹੈ, ਅਰਥ ਹੈ ਦੀਵਾ। ਪਰ ਪੰਜਾਬੀ ਵਿਚ ਆਮ ਦੀਵੇ ਤੋਂ ਹਟ ਕੇ ਕਬਰ ਆਦਿ ਤੇ ਜਲਾਇਆ ਹੋਇਆ ਦੀਵਾ ਹੀ ਚਰਾਗ਼ ਕਹਾਉਂਦਾ ਹੈ।

ਦੇਗ :- ਫ਼ਾਰਸੀ ਵਿਚ ਪਤੀਲੇ ਨੂੰ ਕਹਿੰਦੇ ਹਨ। ਪਰ ਪੰਜਾਬੀ ਵਿਚ ਕੇਵਲ ਗੁਰਦਵਾਰੇ ਵਿਚ ਕੜਾਹ ਪ੍ਰਸ਼ਾਦਿ ਨੂੰ ਦੇਗ਼ ਕਹਿੰਦੇ ਹਨ।

ਪਾਠ :- ਹਿੰਦੀ ਵਿਚ ਸਬਕ ਨੂੰ ਕਹਿੰਦੇ ਹਨ ਅਤੇ ਪੜ੍ਹਨ ਦੀ ਕਿਰਿਆ ਨੂੰ ਵੀ। ਪਰ ਪੰਜਾਬੀ ਵਿਚ ਕੇਵਲ ਧਾਰਮਕ ਪੁਸਤਕ ਦੇ ਪੜ੍ਹਨ ਨੂੰ ਹੀ ਪਾਠ ਕਰਨਾ ਕਹਿੰਦੇ ਹਨ।

ਬੋਤਲ :- ਅੰਗਰੇਜ਼ੀ ਦੇ ਨਾਲ ਆਇਆ ਸ਼ਬਦ ਹੈ। ਵੱਡੀ ਸ਼ੀਸ਼ੀ ਨੂੰ ਕਿਹਾ ਜਾਂਦਾ ਹੈ ਪਰ ਜੇ ਕਰ ਪੰਜਾਬੀ ਵਿਚ ਇਹ ਸ਼ਬਦ ਇਕੱਲਾ ਹੀ ਵਰਤਿਆ ਜਾਵੇ ਤਾਂ ਇਹ ਸ਼ਰਾਬ ਦੀ ਬੋਤਲ ਦੇ ਲਈ ਵਰਤਿਆ ਹੁੰਦਾ ਹੈ।

ਰਿਸ਼ਤੇਦਾਰ :- ਇਹ ਸ਼ਬਦ ਫ਼ਾਰਸੀ ਤੋਂ ਹੈ। ਹਰ ਅੰਗ ਸਾਕ ਸੰਬੰਧੀ ਰਿਸ਼ਤੇਦਾਰ ਹੀ ਹੁੰਦਾ ਹੈ। ਪਰ ਪੰਜਾਬੀ ਵਿਚ ਜੇਕਰ ਕਿਸੇ ਨੂੰ ਆਪਣੇ ਸਾਲੇ ਦੀ ਹਾਜ਼ਰੀ ਵਿਚ ਉਸਦੇ ਨਾਲ ਨਾਤਾ ਦੱਸਣਾ ਹੋਵੇ ਤਾਂ ਕਹਿੰਦੇ ਹਨ ਕਿ ਮੇਰਾ ਰਿਸ਼ਤੇਦਾਰ ਹੈ।

ਟੈਕਸੀ :- ਇਹ ਅੰਗਰੇਜ਼ੀ ਦੀ ਦੇਣ ਹੈ। ਕਰਾਏ ਤੇ ਚਲਣ ਵਾਲੀ ਮੋਟਰਕਾਰ ਨੂੰ ਟੈਕਸੀ ਕਿਹਾ ਜਾਂਦਾ ਹੈ। ਪਰ ਪੜ੍ਹੇ ਲਿਖੇ ਪੰਜਾਬੀ ਪੇਸ਼ਾ ਕਰਨ ਵਾਲੀ

Sri Satguru Jagjit Singh Ji Elibrary NamdhariElibrary@gmail.com

ਇਸਤ੍ਰੀ ਨੂੰ ਟੈਕਸੀ ਕਹਿੰਦੇ ਹਨ।

ਡਿਸ਼ :- ਅੰਗਰੇਜ਼ੀ ਵਿਚ ਖਾਣ ਪੀਣ ਦੀ ਵੰਨਗੀ ਨੂੰ ਕਹਿੰਦੇ ਹਨ। ਪਰ ਅੰਗਰੇਜ਼ੀ ਪ੍ਰਭਾਵ ਹੇਠ ਆਏ ਪੰਜਾਬੀ ਹਾਰ-ਸ਼ਿੰਗਾਰ ਕਰਕੇ ਲੋੜੋਂ ਵਧ ਸਜਧਜ ਨਾਲ ਆਪਾ ਪ੍ਰਗਟਾਵਾ ਕਰਦੀ ਫਿਰਦੀ ਇਸਤ੍ਰੀ ਨੂੰ 'ਡਿਸ਼' ਕਹਿਣ ਲੱਗ ਪਏ ਹਨ।

ਬਾਬਾ :- ਫ਼ਾਰਸੀ ਵਿਚ ਬਜ਼ੁਰਗ ਅਤੇ ਵੱਡੀ ਦਾੜ੍ਹੀ ਵਾਲੇ ਨੂੰ ਕਹਿੰਦੇ ਹਨ। ਬਾਪ ਨੂੰ ਵੀ। ਪਰ ਪੰਜਾਬੀ ਸਕੂਲਾਂ ਕਾਲਜ਼ਾਂ ਵਿੱਚ ਵਾਰ ਵਾਰ ਫੇਲ੍ਹ ਹੋਣ ਕਰਕੇ ਵਡੀ ਉਮਰ ਦਾ ਹੋ ਜਾਣ ਵਾਲੇ ਵਿਦਿਆਰਥੀ ਨੂੰ ਸਾਥੀ ਵਿਦਿਆਰਥੀ ਵਿਅੰਗ ਨਾਲ ਬਾਬਾ ਕਹਿੰਦੇ ਹਨ ਅਤੇ ਇਸੇ ਵਿਅੰਗ ਨਾਲ ਵਿਦਿਆਰਥਣਾਂ ਬੇਬੇ ਸ਼ਬਦ ਵਰਤਦੀਆਂ ਹਨ।

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਭਾਸ਼ਾ ਦੀ ਪਾਚਣ ਸਮਰੱਥਾ

ਕਿਸੇ ਵਿਦਵਾਨ ਦਾ ਕਥਨ ਹੈ ਕਿ ਜਿਊਂਦੀਆਂ ਬੋਲੀਆਂ ਦੀ ਨਿਸ਼ਾਨੀ ਸ਼ਬਦ ਪਚਾ ਸਕਣ ਦੀ ਸਮਰੱਥਾ ਹੀ ਹੁੰਦੀ ਹੈ। ਪੰਜਾਬੀ ਭਾਸ਼ਾ ਗਵਾਂਢੀ ਭਾਸ਼ਾਵਾਂ ਦੇ ਸ਼ਬਦ ਭਲੀ ਪਰਕਾਰ ਪਚਾ ਸਕੀ ਹੈ ਅਤੇ ਪਚਾ ਰਹੀ ਹੈ। ਕੋਈ ਵੀ ਭਾਸ਼ਾ ਦੂਸਰੀਆਂ ਭਾਸ਼ਾਵਾਂ ਦੇ ਅਸਰ ਕਬੂਲੇ ਬਿਨਾਂ ਜਿਊਂਦੀ ਨਹੀਂ ਰਹਿ ਸਕਦੀ, ਨਾ ਹੀ ਕੋਈ ਸਭਿਅਤਾ ਹੋਰ ਕੌਮਾਂ ਦੀਆਂ ਸਭਿਅਤਾਵਾਂ ਦਾ ਅਸਰ ਕਬੂਲੇ ਤੋਂ ਬਿਨਾਂ ਰਹਿ ਸਕਦੀ ਹੈ। ਜਿਹੜੀ ਭਾਸ਼ਾ ਜਾਂ ਸਭਿਅਤਾ ਦੂਸਰੀਆਂ ਭਾਸ਼ਾਵਾਂ ਜਾਂ ਸਭਿਆਤਾਵਾਂ ਦਾ ਸਮੀਕਰਣ (Assimilation) ਨਹੀਂ ਕਰਦੀ ਉਸਦਾ ਪਤਨ ਹੋ ਜਾਂਦਾ ਹੈ। ਦੋ ਭਾਸ਼ਾਵਾਂ ਜਾਂ ਸਭਿਅਤਾਵਾਂ ਦਾ ਪ੍ਰਸਪਰ ਮੇਲ ਜੀਵ ਵਿਗਿਆਨ ਦੇ ਹਾਈ ਬਰਿਡਇਜ਼ਮ (Hybridism) ਵਾਂਗ ਹੈ। ਹਾਈ ਬਰਿਡਇਜ਼ਮ ਦੇ ਦੁਆਰਾ ਜਿਵੇਂ ਜੀਵਾਣਿਕ (Organic) ਦੁਨੀਆਂ ਵਿਚ ਨਿਖਾਰ ਆਉਂਦਾ ਹੈ, ਤਿਵੇਂ ਹੀ ਸਭਿਅਤਾਵਾਂ ਅਤੇ ਭਾਸ਼ਾਵਾਂ ਵਿਚ ਵੀ ਨਿਖਾਰ ਆਉਂਦਾ ਹੈ। ਅੰਗਰੇਜ਼ੀ ਭਾਸ਼ਾ ਸੰਸਾਰ ਦੀ ਅਤਿ-ਵਿਕਸਿਤ ਭਾਸ਼ਾਵਾਂ ਵਿਚੋਂ ਹੈ। ਪਰ ਸੰਸਾਰ ਦੀ ਹੋਰ ਕਿਸੇ ਵੀ ਭਾਸ਼ਾ ਨੇ ਅੰਗਰੇਜ਼ੀ ਨਾਲੋਂ ਵੱਧ ਸ਼ਬਦ ਉਧਾਰ ਨਹੀਂ ਲਏ ਹੋਣੇ ਤੇ ਨਾ ਹੀ ਉਧਾਰ ਲਏ ਹੋਏ ਸ਼ਬਦਾਂ ਦੀ ਅਜਿਹੀ ਸਫਲ ਵਰਤੋਂ ਹੀ ਕੀਤੀ ਹੈ। ਅੱਜ ਜਿਹੜੀ ਭਾਸ਼ਾ ਦੂਸਰੀਆਂ ਭਾਸ਼ਾਵਾਂ ਪਾਸੋਂ ਸ਼ਬਦ ਉਧਾਰ ਲੈਣ ਜਾਂ ਉਨ੍ਹਾਂ ਨੂੰ ਉਧਾਰ ਦੇਣ ਦੀ ਸਮਰੱਥਾ ਨਹੀਂ ਰੱਖਦੀ ਉਹ ਜਾਣੋ ਹਨ੍ਹੇਰੇ ਯੁਗ ਵਿਚ ਹੀ ਭਟਕ ਰਹੀ ਹੈ।

ਸ਼ਬਦ ਉਧਾਰ ਲੈਣ ਦਾ ਬਹੁਤਾ ਕੰਮ ਨਿੱਤ ਦੇ ਜੀਵਨ ਵਿੱਚ ਵਾਪਰਦੀਆਂ ਘਟਨਾਵਾਂ, ਸੰਸਕ੍ਰਿਤੀ ਅਤੇ ਅਜਿਹੇ ਕੰਮ ਜਿਹੜੇ ਪਹਿਲਾਂ ਲੋਕਾਂ ਦੇ ਜੀਵਨ

Sri Satguru Jagjit Singh Ji Elibrary NamdhariElibrary@gmail.com

ਦਾ ਅੰਗ ਨਹੀਂ ਸਨ, ਦੇ ਕਾਰਨ ਹੁੰਦਾ ਹੈ।

ਪੰਜਾਬੀ ਭਾਸ਼ਾ ਦੀ ਧਾਰਣ ਸਮਰਥਾ ਇਸ ਦੇ ਨਰੋਏਪਣ ਦਾ ਸਬੂਤ ਹੈ। ਪੰਜਾਬੀ ਦੂਸਰੀਆਂ ਭਾਸ਼ਾਵਾਂ ਦੇ ਸ਼ਬਦ ਇੰਝ ਅੰਤਰਲੀਨ (Assimilate) ਕਰਦੀ ਹੈ ਕਿ ਓਪਰਾ ਸ਼ਬਦ ਰੜਕਦਾ ਨਹੀਂ। ਪੰਜਾਬੀ ਭਾਸ਼ਾ ਨੇ ਜਿਨ੍ਹਾਂ ਦੂਸਰੀਆਂ ਭਾਸ਼ਾਵਾਂ ਤੋਂ ਸ਼ਬਦ ਉਧਾਰ ਲਏ ਹਨ, ਉਹ ਅਧਿਕ ਕਰ ਕੇ ਫ਼ਾਰਸੀ, ਅਰਬੀ, ਅੰਗਰੇਜ਼ੀ, ਤੁਰਕੀ, ਲਾਤੀਨੀ, ਫਰਾਂਸੀਸੀ ਅਤੇ ਪੁਰਤਗਾਲੀ ਆਦਿ ਭਾਸ਼ਾਵਾਂ ਹਨ। ਸੰਸਕ੍ਰਿਤ ਅਤੇ ਪੰਜਾਬੀ ਦਾ ਸੋਮਾ ਇਕ ਹੋਣ ਕਰਕੇ ਇਨ੍ਹਾਂ ਦੀ ਸਾਂਝ ਤਾਂ ਹੈ ਹੀ।

ਅੰਗਰੇਜ਼ੀ ਤੋਂ (ਵੰਨਗੀ ਮਾਤਰ ਹੀ)

ਬੂੱਚੜ, ਫਰਾਕ, ਰਾਸ਼ਨ, ਕੋਟਾ, ਟਾਇਮ, ਡਿਊਟੀ, ਸੀਟ, ਸਕੀਮ, ਪਾਵਰ, ਲਾਇਟ, ਬਟਨ, ਕਲਾਸ, ਸੰਮਨ, ਨੋਟਿਸ, ਰਿਕਾਰਡ, ਕੰਟਰੋਲ, ਕਰਫਿਊ, ਪਬਲਿਕ, ਯੂਨੀਅਨ, ਮੀਟਿੰਗ, ਕਾਨਫਰੰਸ, ਅਪੀਲ, ਰੇਟ, ਲੀਡਰ, ਲਿਸਟ, ਪਾਸ, ਟੀਮ, ਬਿਲ, ਆਰਡਰ, ਪਾਰਟੀ, ਡਿਗਰੀ, ਸੂਟ, ਬਰੇਕ, ਟੂਰਨਾਮਿੰਟ ਆਦਿ। (ਇਹ ਤਾਂ ਇਕ ਵੰਨਗੀ ਮਾਤਰ ਹਨ। ਹੁਣ ਸਾਡੀ ਭਾਸ਼ਾ ਵਿਚ ਅੰਗਰੇਜ਼ੀ ਸ਼ਬਦਾਵਲੀ ਇਤਨੀ ਆ ਗਈ ਹੈ, ਅਤੇ ਅਜੇ ਆ ਰਹੀ ਹੈ, ਕਿ ਇਸਦਾ ਇਕ ਵਖਰਾ ਕੋਸ਼ ਤਿਆਰ ਕੀਤਾ ਜਾਣਾ ਚਾਹੀਦਾ ਹੈ। ਸਾਡੇ ਪੰਜਾਬੀ ਵਿਚ ਪਰਚਲਤ ਅਰਬੀ ਅਤੇ ਫਾਰਸੀ ਦੇ ਸ਼ਬਦਾਂ ਦਾ ਵੀ।

Sri Satguru Jagjit Singh Ji Elibrary NamdhariElibrary@gmail.com

ਫਰਾਂਸੀਸੀ ਭਾਸ਼ਾ ਤੋਂ

ਆਰਮੀ–ਚਿਮਨੀ–ਐਂਟਰੀ–ਪਤਲੂਨ–ਨੇਵੀ–ਟੇਬਲ–ਕੂਪਨ –ਅਲਾਰਮ

ਲਾਤੀਨੀ ਭਾਸ਼ਾ ਤੋਂ

ਏਜੰਟ–ਸਰਕਸ–ਕਾਂਗਰਸ–ਡਾਇਰੀ–ਗਰੈਜੂਏਟ–ਪਲੇਗ–ਸਲੂਟ

ਪੁਰਤਗਾਲੀ ਭਾਸ਼ਾ ਤੋਂ

ਪੈਸਾ–ਅਲਮਾਰੀ–ਇਸਪਾਤ–ਸੰਤਰਾ–ਕਮਰਾ–ਅਚਾਰ–ਗਮਲਾ–ਗਿਰਜਾ–ਗੋਭੀ- -ਚਾਬੀ–ਨੀਲਾਮ–ਪਰਾਤ–ਪੇਰਗ–ਪੀਪਾ–ਫਾਲਤੂ–ਫੀਤਾ–ਬਾਲਟੀ–ਮਿਸਤਰੀ--ਮੇਜ਼–ਤੌਲੀਆ–ਪਾਦਰੀ–ਬਿਸਕੁਟ–ਪਸਤੌਲ–ਆਇਆ (ਖਿਡਾਵੀ)–ਸਾਇਆ (ਗੌਨ) ਕਾਰਤੂਸ–ਅਨਾਨਾਸ–ਇਸਤਰੀ (ਲੋਹਾ ਜਾਂ ਪ੍ਰੈਸ) ਕਨਸਤਰ–ਕਾਜ–ਸਲਾਦ–ਵਰਮਾ–ਫਰਮਾ–ਕਾਜੂ–ਗੁਦਾਮ–

ਡੱਚ ਭਾਸ਼ਾ ਤੋਂ

ਤੁਰਪ–ਬੰਮ (ਤਾਂਗੇ ਦੇ ਪਹੀਏ ਵਾਲਾ)

ਯੂਰਪੀ ਭਾਸ਼ਾਵਾਂ ਵਾਂਗ ਹੀ ਏਸ਼ੀਆਈ ਭਾਸ਼ਾਵਾਂ ਤੋਂ ਵੀ ਪੰਜਾਬੀ ਨੇ ਸ਼ਬਦ ਅਪਣਾਏ ਹਨ। ਸਿੱਧੇ ਜਾਂ ਅਰਬੀ ਫਾਰਸੀ ਰਾਹੀ। ਜਿਵੇਂ:-

1. ਤੁਰਕੀ ਭਾਸ਼ਾ ਤੋਂ

ਚਮਚਾ–ਤੇਗ਼–ਤਗਾਰੀ–ਕੁਰਕੀ–ਚਿਲਮ–ਮਚੱਲਕਾ–ਚੋਗ਼ਾ–ਉਰਦੂ–ਬੇਗਮ– ਸੌਦਾ–ਕੈਂਚੀ–ਤਮਗ਼ਾ–ਕਲਗ਼ੀ–ਦਰੋਗ਼ਾ–ਚਾਕੂ–ਤੋਪ–ਕਾਬੂ–ਖ਼ੁਰਮਾ–ਚਿੱਕ- -ਬਾਰੂਦ–ਸੁਗ਼ਾਤ–ਗ਼ਲੀਚਾ–ਸੁਰਾਗ਼–ਰੇਚਕ–ਬਵਰਚੀ–ਲਾਸ਼–ਤਲਾਸ਼ੀ–ਬੋਤਾ –ਲੰਗਰ (ਜਹਾਜ਼ ਆਦਿ ਦਾ) ਚੁਗਲੀ–ਚਾਦਰ–ਕਲਾਵਾ–ਲੱਛਾ–ਬਾਬਾ–ਬੇਬੇ-ਬੁਚਕਾ–ਸੌਦਾ–ਸੌਦਾਗਰ–ਕੁਲੀ –ਕਨਾਤ–ਕੁਮਕ–ਹਰਾਵਲ–ਕੋਤਲ–ਲਾਲਾ–ਤਲਾਸ਼–ਯਾਲ–ਯਰਗ਼ਮਾਲ–ਕੂਚ –ਖ਼ਾਨ–ਆਕਾ–ਅਫੀਮਚੀ–ਕੁਰਤਾ–ਤੰਬੀ–ਬਲਾਕ(ਇਕ ਗਹਿਣਾ)

Sri Satguru Jagjit Singh Ji Elibrary NamdhariElibrary@gmail.com

ਪਾਉਂਚਾ–ਰੋਲਾ–ਗੱਤਕਾ–ਖਜ਼ਾਨਚੀ–ਚੁਗ਼ਲ–ਨੁਸ਼ਾਦਰ–ਬੁਲਬੁਲ–ਮਸ਼ਾਲਚੀ– ਲਫੰਗਾ–ਦਸਤਾ–ਸਰਗ਼ਨਾ–ਸਰਕਰਦਾ–ਤਕੀਆ–ਲਿਹਾਫ਼–ਤਮਾਚਾ–ਨਾਸ਼ਪਾਤੀ

2. ਪਸ਼ਤੋ ਭਾਸ਼ਾ ਤੋਂ

ਮਾੜੀ (ਭਾਵ ਮਹਿਲ) ਪੌੜੀ–ਬੇਕਾ–ਠਿੱਪਰ (ਸ਼ਲਗਮ) ਚਣੇ (ਛੋਲੇ) ਕਾਣਾ–ਹੀਜੜਾ–ਛੋਲੀ–ਗਵਾਂਢੀ–ਰੰਬਾ–ਰੰਬੀ–ਛੜਾ–ਚੱਕ (ਦੰਦੀ ਵੱਢਣੀ) ਜਣੀ–ਅੱਟੀ–ਕੁੱਬਾ–ਗਟਾ–ਢੋਡਾ–ਲੁੱਡੀ–ਰੋਹਿਲਾ

3. ਮੁੰਡਾ ਭਾਸ਼ਾ ਤੋਂ

ਜਾਲ–ਖੜਗ–ਗਣ–ਡੰਡਾ–ਹਲ, ਕੂੰਡਾ

ਪੰਜਾਬੀ ਵਿਚ ਫ਼ਾਰਸੀ ਅਤੇ ਅਰਬੀ ਭਾਸ਼ਾ ਦੀ ਸ਼ਬਦਾਵਲੀ ਇਤਨੀ ਜ਼ਿਆਦਾ ਹੈ ਕਿ ਇਹ ਵੱਖਰੇ ਵੱਖਰੇ ਕੋਸ਼ਾਂ ਦੀ ਮੰਗ ਕਰਦੀਆਂ ਹਨ। ਵੰਨਗੀ ਮਾਤ੍ਰ ਕੁਝ ਸ਼ਬਦ ਹਾਜ਼ਰ ਹਨ।

ਪੰਜਾਬੀ ਵਿਚ ਫਾਰਸੀ (ਵੰਨਗੀ ਮਾਤ੍ਰ ਹੀ)

ਲੁੱਚਾ, ਅਫ਼ਸੋਸ, ਦਹਿਸ਼ਤ, ਦੇਗ, ਰਾਹੀ, ਰਾਹਬਰ, ਕਰਦ, ਕਾਰਨਾਮਾ, ਕਾਗ਼, ਖੀਸਾ (ਕੀਸਾ) ਮਸਤਾਨਾ, ਨਸ਼ਾ, ਹਰਕਾਰਾ, ਆਸਾਨ, ਅੰਦਰ, ਯਾਰੀ, ਜੋਸ਼, ਜ਼ਖ਼ਮ, ਚੰਦਾ, ਹਮਦਰਦ, ਖ਼ੁਦ, ਦੀਵਾਰ, ਦੂਰ, ਹੋਸ਼, ਫ਼ਾਨਾ, ਰੁਮਾਲ, ਫ਼ਰਿਆਦ, ਮੁਰਗ, ਨਿਹਾਲ, ਨੇਕ, ਨਿਗਰਾਨੀ, ਮਾਦਰੀ, ਯਾਰ, ਨੌਕਰੀ, ਨਮੂਨਾ, ਖ਼ਰਮਰਾ, ਚਲ੍ਹਾ, ਦਗ਼ਾ, ਦਲੀਚਾ, ਸੋਗ, ਬਗ਼ਲ, ਬਾਜ਼ਾਰ, ਬਾਬਤ, ਬਰਾਨੀ, ਬਰੀਕ, ਬੰਜਰ, ਮਸਤ, ਕਹਿਗਲ, ਗਚਕ, ਜ਼ਮੀਨ, ਤਖ਼ਤਾ, ਤਬਾਹ, ਦਾਗ਼, ਨਖ਼ਰਾ, ਨਰਦ, ਮੋਰਚਾ, ਰੰਦਾ, ਮਾਲਿਸ਼, ਮੁਫ਼ਤ, ਮੈਦਾ, ਮੈਦਾਨ, ਰਾਸਤਾ, ਰਗ, ਰੋਬ, ਲਫੰਗਾ।

ਪੰਜਾਬੀ ਵਿਚ ਅਰਬੀ (ਵੰਨਗੀ ਮਾਤ੍ਰ ਹੀ)

ਵਕਤ, ਸਹਿਵਨ, ਫੌਰਨ, ਇਤਫ਼ਾਕ, ਅਖ਼ਬਾਰ, ਆਖ਼ਿਰ, ਅਸਲੀ, ਇਤਲਾਹ, ਇਕਰਾਰ, ਈਮਾਨ, ਤਰਕੀਬ, ਤਰੱਕੀ, ਸਾਲਸ, ਸਾਬਤ, ਖ਼ਤਰਾ, ਦੀਨ, ਰਾਜ਼ੀ, ਰੱਬ, ਸੂਰਤ, ਇਜ਼ਤ, ਮੁਜਰਮ, ਮੁਲਾਕਾਤ, ਨਸੀਬ, ਨਫ਼ਰਤ, ਯਤੀਮ, ਐਲਾਨ, ਇਨਸਾਫ਼, ਔਲਾਦ, ਇਕਬਾਲ, ਬਦਨ, ਤਰਤੀਬ, ਤੁਹਮਤ, ਤਰਜ਼, ਸ਼ਾਮਤ, ਜੱਲਾਦ, ਜ਼ਮਾਨਤ, ਹਿਜਰ, ਹਰਬਾ, ਮਨਹੂਸ, ਇਜਲਾਸ,

Sri Satguru Jagjit Singh Ji Elibrary NamdhariElibrary@gmail.com

ਤਕਾਵੀ, ਕਰੂਰਾ, ਕਿਸ਼ਤ, ਤਕਦੀਰ, ਦਲੀਲ, ਤਲਾਕ, ਗ਼ੋਤਾ, ਰਵਾਜ, ਵਾਸਤਾ, ਮੌਤ, ਲਿਬਾਸ, ਰਕਮ, ਰਕੀਬ, ਨਕਦ, ਹਰਾਮ, ਤਾਕਤ, ਦਖ਼ਲ, ਫ਼ਸਲ, ਤਕਰਾਰ, ਦਲਾਲ, ਫ਼ਤੂਰ, ਗ਼ੁਲਾਮ, ਹਸਰਤ, ਫੁਰਸਤ, ਬਕਾਇਆ, ਬਿਆਨ, ਮੱਕਾਰ, ਬੁਰਛਾ, ਬੈਅ, ਮਜਾਲ, ਮਹਿਫ਼ਿਲ, ਮਹੱਲ, ਮਤਲਬ, ਬਾਲਗ਼, ਮਤਬੰਨਾ, ਮੁਲਾਜ਼ਮ, ਮਾਮੂਲੀ, ਮੁਹਲਤ, ਕੁਦਰਤ, ਮੁਕਾਬਲਾ, ਮਾਹਰ, ਸਲਾਮਤ।

ਪੰਜਾਬੀ ਸਭਿਆਚਾਰ ਵਾਂਗ ਇਸ ਦੀ ਭਾਸ਼ਾ ਅਤੇ ਵਿਆਕਰਨ ਵਿਚ ਵੀ ਬਹੁਤ ਸਹਿਣਸ਼ੀਲਤਾ ਅਤੇ ਹਾਜ਼ਮਾ ਹੈ। ਇਸਨੇ ਘਰ ਆਏ ਹੋਏ ਬਾਹਰਲੇ ਸ਼ਬਦਾਂ ਨੂੰ ਕੇਵਲ ਜੀ ਆਇਆਂ ਹੀ ਨਹੀਂ ਕਿਹਾ ਸਗੋਂ ਉਹਨਾਂ ਤੋਂ ਅਗੋਂ, ਆਪਣੇ ਅਨੁਕੂਲ, ਹੋਰ ਸ਼ਬਦ ਅਤੇ ਇੱਕ ਵਚਨ ਤੋਂ ਬਹੁ-ਵਚਨ ਵੀ ਬਣਾ ਲਏ ਹਨ ਜਿਵੇਂ :-

ਮਹਿਸੂਸ ਤੋਂ ਮਹਿਸੂਸਨਾ, ਹਵਾਲਾਤ ਤੇ ਹਵਾਲਾਤੀ, ਨਕਸ਼ਾ ਤੋਂ ਨਕਸ਼ੇ, ਤੇਗ਼ ਤੋਂ, ਤੇਗ਼ਾਂ, ਦੇਗ ਤੋਂ ਦੇਗਾਂ, ਖੀਸਾ (ਅਰਬੀ ਕੀਸਾ) ਤੋਂ ਖੀਸੇ।

ਹੁਣ ਅੰਗਰੇਜ਼ੀ ਦੇ ਬਹੁ-ਵਚਨ ਤਾਂ ਇੱਕ ਹੜ੍ਹ ਵਾਂਗ ਆ ਰਹੇ ਹਨ ਅਤੇ ਕੋਈ ਮਹਿਸੂਸਦਾ ਤੱਕ ਨਹੀਂ ਕਿ ਇਹ ਓਪਰੇ ਹਨ। ਜਿਵੇਂ ਬੁੱਕ ਤੋਂ ਬੁੱਕਾਂ, ਕਾਪੀ ਤੋਂ ਕਾਪੀਆਂ, ਕਲਾਸ ਤੋਂ ਕਲਾਸਾਂ, ਰੂਮ ਤੋਂ ਰੂਮਾਂ, ਬੱਸ ਤੋਂ ਬੱਸ਼ਾਂ, ਲਾਰੀ ਤੋਂ ਲਾਰੀਆਂ, ਟਿਕਟ ਤੋਂ ਟਿਕਟਾਂ, ਇੰਜਣ ਤੋਂ ਇੰਜਣਾਂ, ਪਲੇਟ ਤੋਂ ਪਲੇਟਾਂ, ਬੱਕਸ ਤੋਂ ਬਕਸੇ, ਵੀਕ ਤੋਂ ਵੀਕਾਂ, ਟੋਇਲਿਟ ਤੋਂ ਟੋਇਲਿਟਾਂ, ਨੰਬਰ ਤੋਂ ਸ਼ਬਦ ਬਣਾ ਲਿਆ ਨੰਬਰੀਆ।

ਹੁਣ ਗਲੀ ਵਿਚ ਖੇਡਦੀ ਬੱਚੀ ਨੂੰ ਪੰਜਾਬਣ ਮਾਂ ਆਵਾਜ਼ ਮਾਰਦੀ ਹੈ ਤਾਂ ਕਹਿੰਦੀ ਹੈ —"ਨੀ ਬੇਬੀਏ, ਘਰ ਨੂੰ ਆ ਜਾ, ਹੁਣ ਤਾਂ ਲਾਇਟਾਂ ਵੀ ਜੱਗ ਪਈਆਂ।"

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਨਿਰੁਕਤੀ

ਵਿਆਕਰਨ ਦੇ ਵਾਂਗ, ਸਗੋਂ ਇਸ ਤੋਂ ਵੀ ਪਹਿਲੀ ਥਾਂ ਤੇ, ਨਿਰੁਕਤੀ ਨੂੰ ਬੋਲੀ ਸੰਬੰਧੀ ਮਹੱਤਵਪੂਰਨ ਵਿਗਿਆਨ ਮੰਨਿਆ ਜਾਂਦਾ ਹੈ। ਇਹ ਸ਼ਬਦ ਦੇ ਮੂਲ ਦੀ ਖੋਜ ਕਰਦਾ ਹੈ ਅਤੇ ਸ਼ਬਦ ਹੀ ਭਾਸ਼ਾ ਦੀ ਸਾਮਗਰੀ ਹੁੰਦੇ ਹਨ। ਨਿਰੁਕਤ-ਸ਼ਾਸਤਰ ਦਸਦਾ ਹੈ ਕਿ ਕਿਸੇ ਸ਼ਬਦ ਨੇ ਜਨਮ ਕਿੱਥੇ ਲਿਆ ਹੈ ਅਤੇ ਜਨਮ ਤੋਂ ਲੈ ਕੇ ਹੁਣ ਤੱਕ ਇਸਨੇ ਕੀ ਕੀ ਘਾਸੇ, ਸੱਟਾਂ, ਠੋਕਰਾਂ ਆਦਿ ਖਾਧੇ ਹਨ ਅਤੇ ਰੂਪ ਬਦਲੇ ਹਨ। ਇਹਨਾਂ ਦੇ ਅਰਥਾਂ ਨੇ ਕੀ ਕੀ ਤਬਦੀਲੀਆਂ ਵੇਖੀਆਂ ਹਨ। ਨਿਰੁਕਤ-ਸ਼ਾਸਤਰ ਇੱਕ-ਵਿਗਿਆਨ ਹੈ, ਪਰਾਤੱਤਵ-ਵਿਗਿਆਨ ਦੀ ਭਾਂਤੀ ਹੀ।

ਜਿਵੇਂ ਅਸੀਂ ਇਤਿਹਾਸਕ ਲਿਖਤਾਂ ਅਤੇ ਪਰਾਤਾਤਵਿਕ ਲਭਤਾਂ ਦੀ ਵਿਆਖਿਆ ਕਰ ਕੇ ਯੁੱਗਾਂ ਪੁਰਾਣੇ ਸਮੇਂ ਵਿਚ ਇਹ ਲਭਣ ਲਈ ਗਹਿਰੇ ਉਤਰਨ ਦੇ ਯੋਗ ਹਾਂ ਕਿ ਸਾਡੇ ਪੁਰਖੇ ਸਦੀਆਂ ਪਹਿਲਾਂ ਕਿਵੇਂ ਜੀਵਨ ਬਤੀਤ ਕਰਦੇ ਸਨ ਉਸੇ ਤਰ੍ਹਾਂ ਅਸੀਂ ਸ਼ਬਦਾਂ ਦੀ ਨਿਰੁਕਤੀ ਦੁਆਰਾ ਇਹ ਜਾਨਣ ਦੇ ਯੋਗ ਹਾਂ ਕਿ ਸਾਡੇ ਪੁਰਖੇ ਸੋਚਦੇ ਵਸਦੇ ਕਿਵੇਂ ਸਨ।

ਨਿਰੁਕਤੀ ਅਸਲ ਵਿਚ ਸ਼ਬਦ ਦੀ ਜੀਵਨੀ ਜਾਂ ਇਤਿਹਾਸ ਹੈ। ਧਾਤੂ ਤੋਂ ਲੈ ਕੇ ਸ਼ਬਦ ਦੀ ਅੰਤਮ ਬਣਤਰ ਤੱਕ ਦਾ ਇਤਿਹਾਸ ਹੈ। ਸ਼ਬਦ ਦੇ ਇਸ ਇਤਿਹਾਸ ਦੀਆਂ ਪਰਤਾਂ ਪਰਤਣ ਤੇ ਮਨੁੱਖੀ ਇਤਿਹਾਸ ਤੇ ਵੀ ਚਾਨਣ ਪੈਂਦਾ ਰਹਿੰਦਾ ਹੈ।

ਸ਼ਬਦ ਦੀ ਨਿਰੁਕਤੀ ਦੱਸ ਦੇਂਦੀ ਹੈ ਕਿ ਸ਼ਬਦ ਦੇ ਜਨਮ ਸਮੇਂ—ਖੁਦ ਮਨੁੱਖ ਕਿਥੇ ਸੀ ਅਤੇ ਸਭਿਅਤਾ ਦੇ ਕਿਸ ਪੜਾਅ ਵਿਚ ਵਿਚਰ ਰਿਹਾ ਸੀ।

Sri Satguru Jagjit Singh Ji Elibrary NamdhariElibrary@gmail.com

ਉਦਾਹਰਨ ਵਜੋਂ ਅੱਜ ਦੇ ਆਮ ਵਰਤੇ ਜਾਂਦੇ ਸ਼ਬਦ "ਹਾਰਸ ਪਾਵਰ" ਨੂੰ ਲਵੋ। ਹਾਰਸ ਪਾਵਰ ਅੱਜ ਸ਼ਕਤੀ ਦਾ ਮਾਪ ਦੰਡ ਹੈ। ਪਰ ਇਹ ਗਜ਼ ਹਾਰਸ ਅਰਥਾਤ ਘੋੜਾ ਹੀ ਕਿਉਂ ਹੈ? ਅਜੋਕੀ ਮਸ਼ੀਨਰੀ ਦੀ ਕਾਢ ਯੂਰਪੀ ਦੇਸਾਂ ਵਿੱਚ ਹੋਈ ਹੈ ਜਿਥੇ ਪੂਰਬੀ ਦੇਸਾਂ ਜਾਂ ਸਾਡੇ ਭਾਰਤ ਦੇਸ ਦੇ ਵਾਂਗ ਹਲ ਅਤੇ ਗੱਡੇ ਆਦਿ ਲਈ ਬਲਦ ਜਾਂ ਸੰਢੇ ਨਹੀਂ ਸਨ ਵਰਤੇ ਜਾਂਦੇ ਉਥੇ ਸਾਡੇ ਬਲਦਾਂ ਵਾਂਗ ਘੋੜੇ ਵਰਤੇ ਜਾਂਦੇ ਸਨ। ਉਹਨਾਂ ਨੇ ਸ਼ਕਤੀ ਮਾਪਣ ਦਾ ਗਜ਼ ਘੋੜੇ ਨੂੰ ਥਾਪ ਲਿਆ। ਜੇ ਕਰ ਮਸ਼ੀਨਾਂ ਦੀ ਕਾਢ ਸਾਡੇ ਵਲੋਂ ਹੁੰਦੀ ਤਾਂ ਸੰਭਵ ਹੈ ਕਿ ਸ਼ਕਤੀ ਮਾਪਣ ਦੀ ਇਹ ਗਜ਼ ਘੋੜਾ ਨਾ ਹੁੰਦਾ ਸਗੋਂ ਬਲਦ ਹੁੰਦਾ। ਸਾਡੀ ਮਨੌਤ ਵਿਚ ਧਰਤੀ ਬਲਦ ਦੇ ਸਿੰਗਾਂ ਤੇ ਖੜੋਤੀ ਹੋਣ ਦਾ ਅਰਥ ਵੀ ਇਸੇ ਸੰਦਰਭ ਵਿਚ ਸਮਝਿਆ ਜਾ ਸਕਦਾ ਹੈ।

ਸਭਿਅਤਾ ਦੇ ਵਿਕਾਸ ਕਾਰਨ, ਨਵੀਆਂ ਕਾਢਾਂ ਹੋ ਜਾਣ ਦੇ ਨਾਲ, ਕਾਢਾਂ ਅਤੇ ਵਿਸ਼ੇ ਆਪਣੀ ਸ਼ਬਦਾਵਲੀ ਵੀ ਉਪਜਦੇ ਹਨ। ਜਾਂ ਜੇਕਰ ਇਹ ਬਾਹਰੋਂ ਆਏ ਹੋਣ ਤਾਂ ਆਪਣੀ ਸ਼ਬਦਾਵਲੀ ਵੀ ਨਾਲ ਹੀ ਲੈ ਕੇ ਆਉਂਦੇ ਹਨ ਅਤੇ ਮੇਜ਼ਬਾਨ ਸਭਿਅਤਾ ਤੇ ਭਾਸ਼ਾ ਨੂੰ ਮਾਲਾਮਾਲ ਕਰ ਦੇਂਦੇ ਹਨ।

ਆਓ ਕੁਝ ਸ਼ਬਦਾਂ ਦੀ ਨਿਰੁਕਤੀ ਅਤੇ ਪੁਣ ਛਾਣ ਕਰ ਕੇ ਦੇਖੀਏ।

ਸ਼ਮਸ਼ਾਨ :-ਉਹ ਥਾਂ ਜਿਥੇ ਮੁਰਦੇ ਫੂਕੇ ਜਾਂ ਜਲਾਏ ਜਾਂਦੇ ਹਨ। ਪਰ ਮਹਾਂ-ਪੰਡਿਤ ਅਤੇ ਭਾਸ਼ਾ ਅਚਾਰੀਆਂ ਯਾਸਕ ਨੇ ਆਪਣੀ ਨਿਰੁਕਤੀ ਵਿਚ ਅੰਕਤ ਕੀਤਾ ਹੈ ਕਿ ਸ਼ਮਸ਼ਾਨ ਦਾ ਅਰਥ ਹੈ ਸਰੀਰ ਦੇ ਲੇਟਣ ਜਾਂ ਪਏ ਰਹਿਣ ਦੀ ਥਾਂ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪਹਿਲਾਂ ਕਦੇ ਸਾਡੇ ਆਰੀਆ ਪੁਰਖੇ ਮੁਰਦੇ ਜਲਾਇਆ ਨਹੀਂ ਸੀ ਕਰਦੇ ਸਗੋਂ ਦਫ਼ਨ ਕੀਤਾ ਕਰਦੇ ਸਨ ਅਤੇ ਫੇਰ ਜਲਾਣ ਜਾਂ ਅਗਨ ਭੇਟ ਕਰਨ ਲੱਗ ਪਏ। ਪਰ ਉਸ ਸਥਾਨ ਦਾ ਨਾਂ ਓਹੋ ਸ਼ਮਸ਼ਾਨ ਹੀ ਰਹਿ ਗਿਆ ਹੈ।

ਧਰਮ ਸ਼ਾਲਾ :- ਧਰਮ ਕਰਮ ਕਰਨ ਦਾ ਸਥਾਨ। ਪਰ ਹੁਣ ਧਰਮ ਕਰਮ ਦੇ ਸਥਾਨ ਥਾਂ-ਪਰ-ਥਾਂ ਗੁਰਦਵਾਰੇ ਅਤੇ ਮੰਦਰ ਸ਼ਿਵਾਲੇ ਹੋ ਗਏ ਹਨ। ਧਰਮਸ਼ਾਲਾ ਹੁਣ ਕੇਵਲ ਜੰਜ ਘਰ ਬਣ ਕੇ ਰਹਿ ਗਏ ਹਨ ਪਰ ਉਹਨਾਂ ਦਾ ਨਾਂ ਅਜੇ ਅੜਿਆ ਖੜੋਤਾ ਹੈ।

ਹਲਵਾਈ :- ਹਲਵਾ ਤੋਂ ਭਾਵ ਹੈ ਇੱਕ ਵਿਸ਼ੇਸ਼ ਪਦਾਰਥ ਜੋ ਕਿ ਮਿਠਾ ਹੁੰਦਾ ਹੈ। ਪਰ ਸਮੇਂ ਦੇ ਨਾਲ ਹਲਵਾ ਬਣਾਣ ਵਾਲੇ ਹਰ ਪਰਕਾਰ ਦੀ ਮਿਠਾਈ ਬਣਾਣ ਲੱਗ ਪਏ ਸਵਾਏ ਹਲਵੇ ਦੇ। ਪਰ ਉਸਦਾ ਨਾਂ ਹਲਵਾਈ ਅਜੇ ਕਾਇਮ

Sri Satguru Jagjit Singh Ji Elibrary NamdhariElibrary@gmail.com

ਹੈ।

ਨੰਨਦ :- ਇਹ ਸ਼ਬਦ ਅਨੰਦ ਵਲ ਸੰਕੇਤ ਕਰਦਾ ਹੈ। ਪਰ ਇਸ ਦੇ ਅਗੇਤਰ ਤਰ ਵਿਚਲਾ ਨੰਨਾ ਇਸਦੇ ਨਾਹਦਰੂ ਅਰਥ ਕਰ ਦੇਂਦਾ ਹੈ। ਹੁਣ ਇਸ ਦੇ ਅਰਥ ਹਨ–ਜਿਸ ਨੂੰ ਅਨੰਦਿਤ ਭਾਵ ਖ਼ੁਸ਼ ਨਾ ਕੀਤਾ ਜਾ ਸਕੇ। ਇਹ ਨੰਨਦ ਅਤੇ ਭਰਜਾਈ ਦੇ ਸੰਬੰਧਾਂ ਦੀ ਚੁਗ਼ਲੀ ਕਰਦਾ ਹੈ।

ਪੱਗੜੀ :- ਭਾਵ ਦਸਤਾਰ। ਪਰ ਇਸ ਵਿਚ ਅਗੇਤਰ ਪੱਗ ਇਸ ਨੂੰ ਸਿਰ ਤੋਂ ਲਾਹ ਕੇ ਪੈਰਾਂ ਵਿਚ ਲਿਆ ਰੱਖਦਾ ਹੈ।

ਸਿਰ ਤੇ ਪੱਗ ਬਨ੍ਹਣ ਦਾ ਰਿਵਾਜ ਕੋਈ ਬਹੁਤਾ ਪੁਰਾਣਾ ਨਹੀਂ ਹੈ। ਪਹਿਲਾਂ ਇਸਨੂੰ ਗੋਡੇ ਤੇ ਬਨ੍ਹ ਕੇ ਫੇਰ ਸਿਰ ਤੇ ਸਜਾਇਆ ਜਾਂਦਾ ਸੀ। ਇਸ ਲਈ ਸਿਰ ਦੇ ਵਸਤਰ ਦਾ ਨਾਂ ਪਗੜੀ ਪਿਆ ਅਤੇ ਅਜੇ ਪਰਚਲਤ ਵੀ ਹੈ।

ਫ਼ੀਮ :- ਇਹ ਸ਼ਬਦ ਯੂਨਾਨੀ ਓਫ਼ੀਅਨ ਹੈ। ਇਸ ਦਾ ਮੂਲ ਅਰਥ ਹੈ "ਪੋਸਤ ਦਾ ਰਸ।" ਜ਼ਾਹਰ ਹੈ ਕਿ ਫ਼ੀਮ ਪਹਿਲੋਂ ਪਹਿਲ ਯੂਨਾਨ ਵਿਚ ਹੀ ਤਿਆਰ ਕੀਤੀ ਗਈ ਹੋਵੇਗੀ। ਯੂਨਾਨ ਤੋਂ ਇਹ ਸ਼ਬਦ ਅਰਬ ਦੇਸ ਵਿਚ ਗਿਆ ਅਤੇ ਉਥੇ ਜਾ ਕੇ ਅਫੀਯੁਨ ਬਣ ਗਿਆ। ਉਥੋਂ ਈਰਾਨ ਹੁੰਦਾ ਹੋਇਆ ਇਹ ਸਾਡੇ ਪਾਸ ਪੁੱਜਾ ਅਤੇ ਸਾਡੇ ਉਚਾਰਨ ਨੇ ਇਸ ਨੂੰ ਘੜ ਸੰਵਾਰ ਕੇ ਆਪਣੇ ਅਨੁਕੂਲ ਬਣਾ ਕੇ ਅਫ਼ੀਮ ਤੇ ਫੇਰ ਫ਼ੀਮ ਬਣਾ ਲਿਆ।

ਤੇਲ :- ਇਸ ਸ਼ਬਦ ਵਿਚ ਤਿਲ ਸਾਫ਼ ਦਿਖਾਈ ਦੇ ਰਿਹਾ ਹੈ। ਭਾਵ ਤਿਲ ਵਿਚੋਂ ਪਰਾਪਤ ਕੀਤਾ ਪਦਾਰਥ। ਪਰ ਹੁਣ ਸਰ੍ਹੋਂ, ਰਾਈ, ਰਿੰਡ, ਅਲਸੀ, ਵੜੇਵੇਂ, ਸੂਰਜਮੁਖੀ ਏਥੋਂ ਤੱਕ ਕਿ ਮਛੀ ਅਤੇ ਮਿੱਟੀ ਵਿਚੋਂ ਪਰਾਪਤ ਪਦਾਰਥ ਵੀ ਤੇਲ ਹੀ ਕਿਹਾ ਜਾਂਦਾ ਹੈ।

ਸ਼ਬਜ਼ੀ :- ਸ਼ਬਜ਼ ਦੇ ਅਰਥ ਹਨ ਹਰੀ - ਸਾਗ ਪੱਤੇ ਤੋਂ ਬਣਿਆ ਪਦਾਰਥ। ਪਰ ਹੁਣ ਆਲੂ, ਸ਼ਮੀਕੰਦ, ਟਮਾਟਰ, ਗੋਂਗਲੂ, ਬਤਾਊਂ ਆਦਿ ਤੋਂ ਬਣੇ ਪਦਾਰਥ ਵੀ ਸ਼ਬਜ਼ੀ ਕਹੇ ਜਾਂਦੇ ਹਨ।

ਨਿਪੁੰਨ :- ਪੁੰਨ ਦੇ ਅਰਥ ਹਨ ਪੁਨ ਦਾ ਕਾਰਜ ਕਰਨ ਵਾਲਾ, ਅੱਛਾ ਕਾਮਾ। ਪਰ ਹੁਣ ਕਿਸੇ ਵੀ ਕੰਮ ਵਿਚ ਨਿਪੁੰਨ ਹੋਇਆ ਜਾ ਸਕੀਦਾ ਹੈ। ਚੋਰੀ ਕਰਨ, ਡਾਕਾ ਮਾਰਨ, ਤਾਲੇ ਜਾਂ ਜਿੰਦਰੇ ਤੋੜਨ ਅਤੇ ਕਵਿਤਾ ਜਾਂ ਕਹਾਣੀ ਆਦਿ ਰਚਨ ਵਿਚ ਵੀ। ਨਿਰੁਕਤੀ ਕਰਨ ਵਿਚ ਵੀ।

ਪਰਵੀਨ :- ਅਰਥ ਸਨ ਵੀਨਾ ਵਜਾਣ ਵਿਚ ਮਾਹਰ। ਪਰ ਅਜ ਕਿਸੇ ਵੀ ਕੰਮ ਦਾ ਮਾਹਰ ਉਸ ਕੰਮ ਵਿਚ ਪਰਵੀਨ ਸਮਝਿਆ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

ਵਰਸ਼ :- ਇਸ ਸ਼ਬਦ ਵਿਚ ਮੂਲ ਵਰ੍ਹ ਬੈਠਾ ਹੈ ਜਿਸਦਾ ਅਰਥ ਹੈ ਡਿੱਗਣਾ, ਪਾਤ ਹੋਣਾ, ਆਕਾਸ਼ ਤੋਂ ਪਾਣੀ ਦੇ ਡਿੱਗਣ ਨੂੰ ਵਰਸ਼ਾ ਕਿਹਾ ਗਿਆ। ਇਕ ਵਰਸ਼ਾ ਦੇ ਮੌਸਮ ਤੋਂ ਵਰਸ਼ਾ ਦੇ ਅਗਲੇ ਮੌਸਮ ਤੱਕ ਦੇ ਸਮੇਂ ਨੂੰ ਵਰਸ਼ ਜਾਂ ਵਰ੍ਹਾਂ ਕਿਹਾ ਗਿਆ। ਵਰ੍ਹੀਨਾ ਵੀ ਇਸੇ ਮੂਲ ਤੋਂ ਹੈ।

ਪੱਤ੍ਰ :- ਭਾਵ ਪੱਤਾ। ਪਹਿਲਾਂ ਕਦੇ ਲਿਖਣ ਦੀ ਸਾਮਗਰੀ ਵਜੋਂ ਪੱਤੇ ਦੀ — ਭੋਜ ਪੱਤਰ ਅਤੇ ਤਾੜ ਜਾ ਹੋਰ ਪਤਰਾਂ—ਦੀ ਵਰਤੋਂ ਹੁੰਦੀ ਰਹੀ ਹੈ। ਹੁਣ ਲਿਖਣ ਲਈ ਕਾਗ਼ਜ਼ ਉਪਲਬਧ ਹੈ ਪਰ ਪਤ੍ਰ ਸ਼ਬਦ ਅਜੇ ਮੈਦਾਨ ਵਿਚ ਡਟਿਆ ਖੜੋਤਾ ਹੈ। ਅਜ ਖ਼ਤ, ਅਖ਼ਬਾਰ ਆਦਿ ਨੂੰ ਵੀ ਪਤ੍ਰ ਹੀ ਕਿਹਾ ਜਾਂਦਾ ਹੈ।

ਗਰੰਥ :- ਗੰਢ। ਪਤਰਾਂ ਨੂੰ ਲਿਖਣ ਉਪਰੰਤ ਪਰੋ ਕੇ ਇੱਕ ਗੰਢ ਜਾਂ ਗਰੰਥ ਵਿਚ ਸੰਭਾਲਿਆ ਜਾਂਦਾ ਰਿਹਾ ਹੈ। ਅੱਜ ਜ਼ਿਲਦਾਂ ਬੰਨ੍ਹ ਲਈਆਂ ਹਨ ਪਰ ਗਰੰਥ ਨਾਂ ਨਹੀਂ ਤਿਆਗਿਆ ਗਿਆ।

ਗੋਸ਼ਠੀ :- ਇਸ ਸ਼ਬਦ ਦਾ ਮੂਲ—ਇਸਦਾ ਅਗੇਤਰ ਗੋ—ਇਸਨੂੰ ਗਊ ਨਾਲ ਜਾ ਜੋੜਦਾ ਹੈ। ਗਊਆਂ ਨੂੰ ਚਰਨਾ ਛੱਡ ਕੇ ਜਾਂ ਗੋਰੇ ਵਿੱਚ ਵਾੜੇ ਆਦਿ ਵਿਚ ਸਾਂਭ ਕੇ ਪਾਸ ਰਾਖੀ ਵਜੋਂ ਬੈਠ ਕੇ ਗੱਪ ਸੱਪ ਮਾਰਦੇ ਰਹਿਣ ਨੂੰ ਗੋਸ਼ਠੀ ਕਿਹਾ ਜਾਂਦਾ ਸੀ।

ਇਸੇ ਮੂਲ ਤੋਂ ਸ਼ਬਦ ਗੋਤ ਹੈ। ਭਾਵ ਕਿਸੇ ਗਊਵਾੜੇ ਨਾਲ ਸੰਬੰਧਤ। ਵਿਆਹ ਸ਼ਾਦੀ ਵਿਚ ਕੀਤਾ ਜਾਂਦਾ ਗੋਤ—ਕੁਨਾਲਾ ਇਸੇ ਪਰਿਵਾਰ ਦਾ ਸ਼ਬਦ ਹੈ। ਪਿੰਡ ਦਾ ਗੋਰਾ ਵੀ ਅਤੇ ਗੋਰਖ, ਗੋਪਾਲ, ਗੋਬਿੰਦ ਤੇ ਗੋਪੀ ਸਭ ਚਰਾਂਦੀ ਸਭਿਅਤਾ ਵੱਲ ਨੂੰ ਸੰਕੇਤ ਕਰਦੇ ਹਨ।

ਚੌਧਰੀ :- ਧਰਾ ਭਾਵ ਧਰਤੀ—ਚੌਹੀਂ ਪਾਸੀਂ ਧਰਤੀ ਦਾ ਸੁਆਮੀ। ਅੱਜ ਧਰਤੀ ਦਾ ਸੁਆਮੀ ਨਾ ਵੀ ਹੋਵੇ। ਇਜ਼ਤ ਮਾਣ ਵਜੋਂ ਇਸੇ ਸ਼ਬਦ ਦਾ ਸੰਬੋਧਨ ਵਰਤਿਆ ਜਾਂਦਾ ਹੈ।

ਦਮੜੀ :- ਭਾਵੇਂ ਇਹ ਸਿੱਕਾ ਹੁਣ ਚਾਲੂ ਨਹੀਂ ਹੈ ਪਰ ਭਾਸ਼ਾ ਦੇ ਮੈਦਾਨ ਵਿਚ ਅਜੇ ਚੱਲ ਫਿਰ ਰਿਹਾ ਹੈ। ਇਹ ਅਸਲ ਵਿਚ ਸਾਡੇ ਪਾਸ ਸਿਧਾ ਨਹੀਂ ਪੁੱਜਾ। ਅਰਬੀ ਫਾਰਸੀ ਵਾਲਿਆਂ ਨਾਲ ਹੀ ਆਇਆ ਹੈ। ਅਜੇ ਵੀ ਅਰਬੀ, ਫ਼ਾਰਸੀ ਵਿਚ ਦਰਹਮ ਸ਼ਬਦ ਚਲਦਾ ਹੈ। ਦੰਮ ਜਾਂ ਦਾਮ ਵੀ ਇਸ ਵੱਲ ਹੀ ਝਾਕਦੇ ਦਿਖਾਈ ਦੇ ਰਹੇ ਹਨ।

ਤਿਕੋਨ :- ਇਹ ਵੀ ਸਾਡੀ ਭਾਸ਼ਾ ਵਿਚ ਘੁਮਦਾ ਫਿਰਦਾ ਯੂਨਾਨ ਤੋਂ ਹੀ

Sri Satguru Jagjit Singh Ji Elibrary NamdhariElibrary@gmail.com

ਆਇਆ ਜਾਪਦਾ ਹੈ। Trigonos ਸ਼ਬਦ ਦਾ ਭਾਰਤੀ ਰੂਪ ਹੈ।

ਸ਼ਾਵਾ :- ਪੰਜਾਬੀ ਦਾ ਸ਼ਾਵਾ ਅਤੇ ਬੱਲੇ ਸਾਡੇ ਬਿਲਕੁਲ ਘਰ ਦੇ ਜਾਏ ਜਾਪਦੇ ਹਨ। ਪਰ ਸ਼ਾਵਾ ਫਾਰਸੀ ਦੇ ਸ਼ਬਦ ਸ਼ਾਦ ਬਾਸ਼ ਭਾਵ ਖ਼ੁਸ਼ ਰਹੋ ਤੋਂ ਹੈ ਅਤੇ ਬੱਲੇ ਬੱਲੇ ਅਰਬੀ ਦੇ ਸ਼ਬਦ ਵਅਲ੍ਹਾ ਤੋਂ ਹੈ।

ਸਫਲਤਾ : ਇਸ ਸ਼ਬਦ ਵਿਚ "ਫਲ" ਸ਼ਬਦ ਸਾਫ਼ ਨਜ਼ਰ ਆ ਰਿਹਾ ਹੈ। ਭਾਵ ਫਲ ਸਮੇਤ, ਹੁਣ ਕਿਸੇ ਵੀ ਕਾਰਜ ਨੂੰ ਨੇਪਰੇ ਚਾੜ੍ਹ ਲੈਣ ਨੂੰ ਸਫਲਤਾ ਪਰਾਪਤ ਕਰਨਾ ਕਿਹਾ ਜਾਂਦਾ ਹੈ।

ਖ਼ੁਸਰਾ :- ਇਹ ਸ਼ਬਦ "ਖ਼ੁਆਜਾ ਸਰਾ" ਦਾ ਸੰਕੋਚਵਾਂ ਰੂਪ ਹੈ। ਇਸਨੂੰ ਅੱਖਰ ਲੋਪ ਵੀ ਕਹਿ ਸਕਦੇ ਹਾਂ। ਜਨ-ਸਾਧਾਰਨ ਨੇ ਆਪਣੀ ਸੌਖ ਲਈ ਖ਼ੁਆਜਾ ਸਰਾ ਨੂੰ ਖ਼ੁਸਰਾ ਕਹਿ ਲਿਆ ਹੈ। ਖੋਦਾ ਵੀ ਇਸੇ ਪਾਸੇ ਸੰਕਤ ਕਰਦਾ ਹੈ।

ਬੁਝੜ :- ਮੂਰਖ। ਇਹ ਅਰਬੀ ਦੇ ਇਹੋ ਅਰਥ ਦੇਵ ਵਾਲੇ ਸ਼ਬਦ ਅੱਬੂ-ਜਹਲ। ਭਾਵ ਮੂਰਖਾਂ ਦਾ ਵੀ ਪਿਓ ਤੋਂ ਪੰਜਾਬਿਆ ਗਿਆ ਹੈ।

ਪੱਖਾ :- ਇਸ ਸ਼ਬਦ ਵਿਚ ਪੰਖ ਹਾਜ਼ਰ ਹੈ। ਸਪਸ਼ਟ ਹੈ ਕਿ ਪੱਖਾ ਪਹਿਲਾਂ ਪਹਿਲਾਂ ਪੱਖਾਂ ਭਾਵ ਖੰਭਾ ਦਾ ਬਣਾਇਆ ਜਾਂਦਾ ਰਿਹਾ ਹੈ। ਅੱਜ ਵੀ ਮਿਲਦਾ ਹੈ। ਇਹ ਪੱਖਾ ਹੁਣ ਭਾਵੇਂ ਬਿਜਲੀ ਦਾ ਹੋ ਗਿਆ ਹੈ ਪਰ ਆਪਣਾ ਮੂਲ ਅਜੇ ਤੱਕ ਤਿਆਗ ਨਹੀਂ ਰਿਹਾ।

ਤੀਰਥ :- ਇਸ ਸ਼ਬਦ ਵਿਚ ਤੀਰ ਭਾਵ ਨਦੀ ਦਾ ਤੱਟ ਪਰਮੁਖਤਾ ਰੱਖਦਾ ਹੈ। ਤੀਰ-ਸਥਾਨ—ਉਹ ਸਥਾਨ ਜਿਥੋਂ ਨੱਦੀ ਨੂੰ ਪਾਰ ਕੀਤਾ ਜਾਂਦਾ ਹੋਵੇ। ਭਾਵ ਘਾਟ ਜਾਂ ਪੱਤਨ। ਪੱਤਨ ਤੇ ਆਵਾਜਾਈ ਰਹਿੰਦੀ ਹੋਣ ਕਰਕੇ, ਆਮ ਸਹੂਲਤਾਂ ਉਪਲਬਤ ਹੋਣ ਕਰਕੇ ਸਾਧੂ ਸੰਤ ਪੱਤਨਾਂ ਤੇ ਬੈਠਣ ਲਗੇ ਅਤੇ ਸ਼ਰਧਾਲੂ ਪੁੱਜਣ ਲੱਗੇ। ਹੌਲੀ ਹੌਲੀ ਉਹਨਾਂ ਪੱਤਨਾਂ ਤੇ ਵਸੋਂ ਹੋ ਗਈ ਅਤੇ ਨਗਰ ਵਸ ਗਏ। ਸਾਰੇ ਤੀਰਥਾਂ ਦਾ ਨਦੀਆਂ ਦੇ ਤੱਟਾ ਤੇ ਹੋਣਾਂ ਇਸ ਤਥ ਦੀ ਗਵਾਹੀ ਹੈ।

ਬੱਤੀ :- ਬੱਤੀ ਸ਼ਬਦ ਵਿਚ ਵੱਟ ਪਰਤੱਖ ਹੈ। ਰੂੰ ਆਦਿ ਨੂੰ ਵੱਟ ਕੇ ਬਣਾਈ ਜਾਂਦੀ ਸੀ ਬੱਤੀ। ਉਸਨੂੰ ਦੀਵੇ ਵਿਚ ਰੱਖ ਕੇ, ਤੇਲ ਦੀ ਵਰਤੋਂ ਦੇ ਨਾਲ ਜਲਾਇਆ ਜਾਂਦਾ ਸੀ। ਫੇਰ ਵੱਟ ਵਾਲੀ ਦੀ ਥਾਂ ਤੇ ਫੀਤਾ ਆ ਗਿਆ ਰਿਹਾ ਉਹ ਵੀ ਬੱਤੀ ਹੀ। ਹੁਣ ਬਿਜਲੀ ਦਾ ਜੇ ਕਰ ਬਲਬ ਬੰਦ ਕਰਨਾ ਹੋਵੇ ਤਾਂ ਉਹੋ ਬੱਤੀ ਸ਼ਬਦ ਸਹਾਇਤਾ ਕਰਦਾ ਹੈ। ਬੱਤੀ ਬੁਝਾ ਦੇਵੋ ਜੀ।

Sri Satguru Jagjit Singh Ji Elibrary NamdhariElibrary@gmail.com

ਅਲਾਰਮ :- ਇਹ ਸ਼ਬਦ ਇਤਾਲਵੀ ਭਾਸ਼ਾ ਤੋਂ ਫਰਾਂਸੀਸੀ ਵਿਚ ਆਇਆ ਅਤੇ ਉਥੋਂ ਅੰਗਰੇਜ਼ੀ ਰਾਹੀਂ ਸਾਡੇ ਪਾਸ ਪੁੱਜਾ ਹੈ। ਇਹ ਸ਼ਬਦ ਹੈ All Arms—ਆਲ ਆਰਮਜ਼—ਭਾਵ ਇੱਕ ਵਿਸ਼ੇਸ਼ ਸੰਕੇਤ ਤੇ ਸਾਰੇ ਸੈਨਕ ਆਪੋ ਆਪਣੇ ਹਥਿਆਰ ਸੰਭਾਲ ਲਿਆ ਕਰਦੇ ਸਨ। ਹੁਣ ਅੰਗਰੇਜ਼ੀ ਭਾਸ਼ਾ ਨੂੰ ਇਸ ਅਲਾਰਮ ਸ਼ਬਦ ਨੇ ਕਈ ਸ਼ਬਦ ਬਖ਼ਸ਼ੇ ਹਨ। ਸਾਡੇ ਪਾਸ ਹੁਣ ਅਲਾਰਮ ਵਾਲੀ ਘੜੀ ਹੈ। ਫਾਇਰ ਬਰਿਗੇਡ ਦਾ ਅਲਾਰਮ ਹੈ। ਹਵਾਈ ਹਮਲੇ ਤੋਂ ਬਚ ਜਾਣ ਲਈ ਅਲਾਰਮ ਹੈ।

ਲਾਣਾ :- ਫਾਰਸੀ ਤੋਂ ਹੈ। ਇਸਦੇ ਕੋਸ਼ ਵਿਚ ਅਰਥ ਹਨ ਪੰਛੀਆਂ ਦਾ ਝੁਰਮਟ। ਭਰਿੰਡਾ ਦਾ ਛੱਤਾ, ਕੀੜਿਆਂ ਦਾ ਭੌਣ। ਪੰਜਾਬੀ ਵਿਚ ਕਿਸੇ ਇਕ ਪਰਿਵਾਰ ਨੂੰ ਲਾਣਾ ਕਿਹਾ ਜਾਂਦਾ ਹੈ। ਪਰਿਵਾਰ ਦੇ ਮੁਖੀ ਦਾ ਨਾ ਲੈ ਕੇ ਕਿ ਅਮਕੇ ਦਾ ਲਾਣਾ। ਮੁਖੀ ਨੂੰ ਲਾਣੇਦਾਰ ਕਿਹਾ ਜਾਂਦਾ ਹੈ।

ਸੰਧਾਰਾ :- ਇਸ ਸ਼ਬਦ ਵਿਚ ਸਨੇਹ ਅਤੇ ਆਹਾਰ ਸ਼ਬਦ ਸਾਫ਼ ਵਿਖਾਈ ਦੇ ਰਹੇ ਹਨ। ਤਿੱਥ ਤਿਹਵਾਰ ਤੇ ਮਾਪਿਆਂ ਵਲੋਂ ਪਿਆਰ ਪ੍ਰਗਟਾਵੇ ਲਈ ਧੀ ਨੂੰ ਭੇਜੀ ਕੋਈ ਖਾਣ ਦੀ ਵਸਤੂ। ਇਹ ਸੰਧਾਰਾ ਹੋ ਗਈ।

ਡੱਬਾ :- ਇਹ ਅਰਬੀ ਭਾਸ਼ਾ ਦਾ ਸ਼ਬਦ ਦੱਬਾ ਹੈ। ਅਰਬੀ ਵਿਚ ਚਮੜੇ ਦੇ ਕੁੱਪੇ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਤੇਲ, ਘੀ ਆਦਿ ਰਖਿਆ ਜਾਵੇ। ਇਹ ਹੁਣ ਸਾਡਾ ਡੱਬਾ ਹੋ ਗਿਆ। ਮਾਚਿਸ ਅਤੇ ਸਿਗਰਟਾਂ ਲਈ ਇਹ ਡੱਬਾ ਡੱਬੀ ਬਣ ਗਿਆ। ਫੇਰ ਰੇਲ ਦਾ ਡੱਬਾ ਵੀ।

ਬਰਬਾਦ :- ਇਹ ਅਸਲ ਵਿਚ ਫ਼ਾਰਸੀ ਦਾ ਸ਼ਬਦ ਬੁਰਦ-ਬਾਦ ਹੈ। ਭਾਵ ਹਵਾ ਦੇ ਹਵਾਲੇ—ਹਵਾ ਜਦੋਂ ਆਪਣੀ ਆਈ ਤੇ ਆ ਜਾਂਦੀ ਹੈ ਤਾਂ ਟਿੱਬਿਆ ਦੇ ਟੋਏ ਅਤੇ ਟੋਇਆਂ ਦੇ ਟਿੱਬੇ ਕਰ ਛਡਦੀ ਹੈ। ਹਵਾ ਦੇ ਵੇਹਿ ਚੜ੍ਹਿਆ ਕੋਈ ਪੱਤਾ ਪਤਾ ਨਹੀਂ ਕਿਥੋਂ ਦਾ ਕਿਥੇ ਚਲਿਆ ਜਾਂਦਾ ਹੈ। ਇਸ ਲਈ ਤਬਾਹ ਹੋਣ ਅਤੇ ਉਜੜਨ ਪੁੱਜੜ ਲਈ ਸ਼ਬਦ **ਬਰਬਾਦ** ਅਤੇ **ਬਰਬਾਦੀ** ਵਰਤਿਆ ਜਾਂਦਾ ਹੈ।

ਅੱਲ :- ਇਹ ਅਰਬੀ ਦੀ ਅਚਾਫ਼ਤ ਹੈ। ਸਾਡੇ ਜੇ ਕਰ ਕੋਈ ਜਣਾ ਪਰਿਵਾਰ, ਠੁੱਲਾਂ ਜਾਂ ਪੱਤੀ ਆਪਣੇ ਨਾਂ ਤੋਂ ਇਲਾਵਾ ਕਿਸੇ ਹੋਰ ਨਾਂ ਨਾਲ ਸੱਦਿਆ ਜਾਵੇ ਤਾਂ ਕਿਹਾ ਲਿਖਿਆ ਜਾਂਦਾ ਰਿਹਾ ਹੈ "—ਅੱਲ ਮਾਅਰੂਫ" ਹੌਲੀ ਹੌਲੀ ਅੱਲ ਮਾਅਰੂਫ ਦੀ ਅੱਲ ਨਾਲ ਹੀ ਸਾਰਿਆਂ ਜਾਣ ਲੱਗਾ ਅਤੇ ਹੁਣ ਇਹ ਸਾਡਾ ਆਪਣਾ ਸ਼ਬਦ ਹੈ।

ਵੱਖ ਵੱਖ ਭਾਸ਼ਾਵਾਂ ਦੇ ਸ਼ਬਦਾਂ ਦੀਆਂ ਸੰਧੀਆਂ

ਦੋ ਵਿਰੋਧਾਂ ਦੀ ਸੰਧੀ ਤੋਂ ਜੀਵ-ਵਿਗਿਆਨੀਆਂ ਨੇ ਬੜੇ ਸੁੰਦਰ ਜੀਵ ਉਤਪੰਨ ਕੀਤੇ ਹਨ ਜਾਂ ਕ੍ਰਿਸ਼ੀ ਵਿਗਿਆਨੀਆਂ ਨੇ ਦੋ ਪਰਕਾਰ ਦੇ ਬੂਟਿਆਂ ਤੋਂ ਬੜੀ ਲਾਭਦਾਇਕ ਕਿਸਮ ਦੇ ਬੀਜ ਉਤਪੰਨ ਕਰ ਲਏ ਹਨ। ਇੰਝੇ ਹੀ ਦੋ ਭਾਸ਼ਾਵਾਂ ਨੇ ਸ਼ਬਦਾਂ ਦੀ ਸੰਧੀ ਤੋਂ ਵੀ ਬੜੇ ਸੁੰਦਰ ਅਤੇ ਭਾਵ-ਪੂਰਤ ਸ਼ਬਦਾਂ ਦੀ ਰਚਨਾ ਕੀਤੀ ਹੈ। ਪੰਜਾਬੀ ਨੇ ਵੀ ਇਹ ਸੰਧੀਆਂ ਅੰਗਰੇਜ਼ੀ ਫ਼ਾਰਸੀ, ਹਿੰਦੀ ਅਤੇ ਅਰਬੀ ਆਦਿ ਭਾਸ਼ਾਵਾਂ ਨਾਲ ਕੀਤੀਆਂ ਹਨ, ਜੋ ਅਤੀ ਸੁੰਦਰ ਹਨ।

ਨੈਣ ਨਕਸ਼ :- ਹਿੰਦੀ ਦੇ ਨੈਣ ਅਰਥਾਤ ਅੱਖ ਅਤੇ ਅਰਬੀ ਭਾਸ਼ਾ ਦੇ ਨਕਸ਼ ਅਰਥਾਤ ਸੂਰਤ ਦੀ ਪੰਜਾਬੀ ਸੰਧੀ ਹੈ। ਸੰਧੀ ਦੇ ਅਰਥ ਹਨ ਚਿਹਨ ਚੱਕਰ ਜਾਂ ਮੁਹਾਂਦਰਾ।

ਹੂਰਾਂ ਪਰੀ :- ਅਰਬੀ ਭਾਸ਼ਾ ਦੇ ਸ਼ਬਦ ਹੂਰ ਅਰਥਾਤ ਸੁੰਦਰ, ਬਹਿਸ਼ਤ ਦੀ ਇਸਤ੍ਰੀ ਅਤੇ ਪਰੀ ਫ਼ਾਰਸੀ ਦਾ ਸ਼ਬਦ ਹੈ। ਅਰਥ ਹਨ, ਸੁੰਦਰ ਇਸਤ੍ਰੀ। ਇਸ ਅਰਬੀ ਅਤੇ ਫਾਰਸੀ ਦੀਆਂ ਸੋਹਣੀਆਂ ਦੀ ਸੰਧੀ ਦੇ ਨਾਲ ਪੰਜਾਬ ਦੀ ਰੂਪਮਤੀ ਹੂਰਾਂ ਪਰੀ ਬਣੀ।

ਆਸ-ਮੁਰਾਦ ਹੋਣਾ :- ਉਰਦੂ ਦੇ ਸ਼ਬਸ ਆਸ ਅਰਥਾਤ ਉਮੀਦ ਅਤੇ ਅਰਬੀ ਦੇ ਸ਼ਬਦ ਮੁਰਾਦ ਅਰਥਾਤ ਆਰਜ਼ੂ, ਹਾਸਲ ਹੋਣਾ, ਮਤਲਬ-ਪੂਰਾ ਹੋਣਾ। ਪੰਜਾਬੀ ਨੇ ਇਸ ਉਰਦੂ ਦੀ ਆਸ ਅਤੇ ਅਰਬੀ ਦੀ ਮੁਰਾਦ ਤੋਂ ਆਸ-ਮੁਰਾਦ ਸੰਧੀ ਬਣਾ ਲਈ ਹੈ। ਅੱਜ ਆਸ ਮੁਰਾਦ ਦਾ ਸ਼ਬਦ ਆਪਣੀ ਨੂੰਹ ਲਈ ਵਰਤਿਆਂ ਜਾਂਦਾ ਹੈ। ਕਿਉਂ ਜੋ ਪੀੜ੍ਹੀ ਦੇ ਚਲਦੇ ਰਹਿਣ ਦੀ ਆਸ

ਮੁਰਾਦ ਨੂੰ ਨੂੰਹ ਹੀ ਪੂਰੀ ਕਰਦੀ ਹੈ।

ਟਿਕਟ ਘਰ :- ਅੰਗਰੇਜ਼ੀ ਦੇ ਸ਼ਬਦ ਟਿਕਟ ਅਰਥਾਤ ਕਰਾਇਆ ਲਏ ਜਾਣ ਦੀ ਰਸੀਦ ਜਾਂ ਪਰਵਾਨਗੀ ਦੀ ਰਸੀਦ। ਪੰਜਾਬੀ ਦੇ ਸ਼ਬਦ ਘਰ ਤੋਂ ਸੰਧੀ ਬਣੀ ਹੈ। ਟਿਕਟ-ਘਰ ਤੋਂ ਭਾਵ ਉਹ ਥਾਂ ਹੈ, ਜਿਥੋਂ ਰੇਲ, ਬਸ, ਜਾਂ ਸਿਨਮਾ ਆਦਿ ਦੇ ਕਰਾਏ ਦੇ ਪੈਸੇ ਲੈ ਕੇ ਰਸੀਦ ਜਾਂ ਟਿਕਟ ਦਿੱਤੀ ਜਾਂਦੀ ਹੈ।

ਰੰਨ ਮੁਰੀਦ :- ਪੰਜਾਬੀ ਦੀ ਰੰਨ ਅਤੇ ਅਰਬੀ ਭਾਸ਼ਾ ਦੇ ਮੁਰੀਦ ਦੀ ਸੰਧੀ ਹੈ। ਮੁਰੀਦ ਦੇ ਅਰਥ ਹਨ, ਚੇਲਾ, ਜਾਂ ਸ਼ਾਗਿਰਦ। ਸੋ ਪੰਜਾਬੀ ਦਾ ਰੰਨ-ਮੁਰੀਦ ਫ਼ਾਰਸੀ ਭਾਸ਼ਾ ਦਾ ਜ਼ਨ-ਮੁਰੀਦ ਹੈ। ਅਰਥਾਤ ਪਤੀ ਜੋ ਪਤਨੀ ਦੇ ਦਾਬੇ ਹੇਠ ਰਹੇ ਅਤੇ ਉਸਦੇ ਇਸ਼ਾਰਿਆਂ 'ਤੇ ਚੱਲੇ।

ਨਹੁੰ-ਪਾਲਿਸ਼ :- ਇਹ ਪੰਜਾਬੀ ਦੇ ਨਹੁੰ ਦੀ ਅੰਗਰੇਜ਼ੀ ਦੇ ਪਾਲਿਸ਼ ਸ਼ਬਦ ਨਾਲ ਸੰਧੀ ਹੈ। ਇਹ ਵਾਸਤਵ ਵਿਚ ਅੰਗਰੇਜ਼ੀ ਦੇ ਸ਼ਬਦ ਨੇਲ-ਪਾਲਿਸ਼ ਦਾ ਪੰਜਾਬੀ-ਕਰਨ ਹੈ।

ਡਬਲ ਰੋਟੀ :- ਅੰਗਰੇਜ਼ੀ ਦੇ ਸ਼ਬਦ ਡਬਲ ਅਰਥਾਤ ਦੋਹਰੀ ਜਾਂ ਦੁੱਗਣੀ ਅਤੇ ਪੰਜਾਬੀ ਦੇ ਸ਼ਬਦ ਰੋਟੀ ਦੀ ਸੰਧੀ ਹੈ। ਇਹ ਖ਼ਮੀਰੇ ਆਟੇ ਦੀ ਮੋਟੀ ਸਾਰੀ ਰੋਟੀ ਹੁੰਦੀ ਹੈ ਜੋ ਯੂਰਪ ਦੀਆਂ ਕੌਮਾਂ ਵਰਤਦੀਆਂ ਹਨ। ਸਾਡੇ ਮੁਲਕ ਵਿਚ ਵੀ ਉਨ੍ਹਾਂ ਦੇ ਨਾਲ ਹੀ ਆਈ। ਪਰ ਨਾਂ ਇਸਦਾ ਅਸੀਂ ਆਪਣਾ ਹੀ ਰੱਖ ਲਿਆ ਹੈ-ਡਬਲ ਰੋਟੀ।

ਪੰਜਵਾਂ-ਕਾਲਮ :- ਪੰਜਾਬੀ ਦੇ ਪੰਜਵੇਂ ਦੀ ਅੰਗਰੇਜ਼ੀ ਦੇ ਸ਼ਬਦ ਕਾਲਮ ਨਾਲ ਸੰਧੀ ਹੈ। ਕਾਲਮ ਦੇ ਅਰਥ ਹਨ ਫੌਜੀ ਦਸਤਾ। ਇਹ ਅਸਲ ਵਿੱਚ ਅੰਗਰੇਜ਼ੀ ਦੇ ਸ਼ਬਦ ਫ਼ਿਫਥ - ਕਾਲਮ ਦਾ ਪੰਜਾਬੀ-ਕਰਨ ਹੈ। ਇਸ ਸੰਧੀ ਦੇ ਅਰਥ ਹਨ, ਕਿਸੇ ਧੜੇ ਜਾਂ ਮੁਲਕ ਵਿਚ ਵਿਰੋਧੀਆਂ ਦਾ ਗੁਪਤ ਤਰਫ਼ਦਾਰ।

ਜ਼ੋਰਾ-ਜ਼ਰਬੀ :- ਜ਼ੋਰ ਫ਼ਾਰਸੀ ਦਾ ਸ਼ਬਦ ਹੈ। ਅਰਥ ਹਨ, ਤਾਕਤ ਜਾਂ ਵਧੀਕੀ। ਜ਼ਰਬੀ ਅਰਬੀ ਸ਼ਬਦ ਜ਼ਰਬ ਤੋਂ ਹੈ। ਅਰਥ ਹਨ, ਕੁਟਣਾ, ਸੱਟ ਮਾਰਨੀ।

ਫ਼ਾਰਸੀ ਅਤੇ ਅਰਬੀ ਦੀ ਇਸ ਸੰਧੀ ਦੇ ਅਰਥ ਪੰਜਾਬੀ ਵਿਚ ਵਧੀਕੀ ਤੋਂ ਹੈ।

ਇਥੇ ਹੀ ਬਸ ਨਹੀਂ ਇਹ ਲੜੀ ਕਾਫ਼ੀ ਲੰਮੀ ਹੈ।

Sri Satguru Jagjit Singh Ji Elibrary NamdhariElibrary@gmail.com

ਸ਼ਬਦ ਸਾਂਝਾਂ

ਪੰਜਾਬੀ ਭਾਸ਼ਾ ਨੇ ਤੁਰਕੀ, ਫ਼ਾਰਸੀ, ਅਰਬੀ, ਅੰਗਰੇਜ਼ੀ, ਹਿੰਦੀ ਆਦਿ ਭਾਸ਼ਾਵਾਂ ਦੇ ਸ਼ਬਦਾਂ ਨੂੰ ਗਲ ਲਾਇਆ ਹੈ। ਇਨ੍ਹਾਂ ਭਾਸ਼ਾਵਾਂ ਦੇ ਪਿਤਾ-ਪੁਰਖਿਆਂ ਦੀ ਭਾਸ਼ਾ ਦਾ ਸੋਮਾ, ਦੂਰ ਅਤੀਤ ਵਿਚ, ਇੱਕੋ ਭਾਸ਼ਾ ਹੋਣ ਕਰਕੇ ਕਈ ਸ਼ਬਦਾਂ ਦਾ ਉਚਾਰਨ ਅਤੇ ਅਰਥ ਇੰਝ ਸਮਾਨ ਹਨ ਕਿ ਆਪਣਤ ਜਾਗਦੀ ਹੈ। ਜਿਵੇ :-

ਸੂਈ ਤੋਂ ਪੰਜਾਬੀ ਸਿਊਣਾ, ਅੰਗਰੇਜ਼ੀ ਸਿਊ (Sew) ਹੈ।

ਪੋਰ ਪੰਜਾਬੀ ਵਿਚ ਬੀਜ ਪੋਰਨ ਵਾਲੇ ਸੰਦ ਲਈ ਹੈ। ਅੰਗਰੇਜ਼ੀ ਵਿਚ ਇਸ ਕਿਰਿਆ ਨੂੰ ਪੋਰ (Pour) ਹੀ ਕਹਿੰਦੇ ਹਨ।

ਮਾਂ ਪੰਜਾਬੀ । ਮਾ ਜਾਂ ਮਦਰ ਅੰਗਰੇਜ਼ੀ (ਮਾਦਰ ਫਾਰਸੀ। ਮਾਤ੍ਰ ਸੰਸਕ੍ਰਿਤ) ਨਾਂ ਪੰਜਾਬੀ। ਨੋ (No) ਜਾਂ ਨੇ (Nay) ਅੰਗਰੇਜ਼ੀ ਨਾਂਹ ਫਾਰਸੀ ਅਤੇ ਨੇਯੇਤੇ ਰੂਸੀ ਹੈ। ਊਹ ਅਤੇ ਆਹ ਸਾਰੀਆਂ ਹੀ ਭਾਸ਼ਾਵਾਂ ਵਿਚ ਇੱਕਸਾਰ ਹੈ।

ਪਿਤਾ ਪੰਜਾਬੀ, ਪਿਦਰ ਫ਼ਾਰਸੀ, ਫਾਦਰ ਅੰਗਰੇਜ਼ੀ ਅਤੇ ਪਾਦਰੀ ਪੁਰਤਗਾਲੀ ਵਿਚ। ਨੱਕ ਪੰਜਾਬੀ। ਨਾਕ ਹਿੰਦੀ ਅਤੇ ਨੋਜ਼ ਅੰਗਰੇਜ਼ੀ ਵਿੱਚ।

ਮੁਖ ਪੰਜਾਬੀ। ਮੂੰਹ ਫਾਰਸੀ ਅਤੇ ਮਾਊਥ ਅੰਗਰੇਜ਼ੀ ਵਿਚ।

ਨਵਾਂ ਪੰਜਾਬੀ, ਨਿਆ ਹਿੰਦੀ , ਨੌ ਫਾਰਸੀ ਅਤੇ ਨੀਯੂ ਅੰਗਰੇਜ਼ੀ ਵਿਚ।

ਦੰਦ ਪੰਜਾਬੀ, ਦਾਂਤ ਹਿੰਦੀ ਅਤੇ ਡੈਂਟਲ ਯੂਰਪੀ ਭਾਸ਼ਾਵਾਂ ਵਿਚ।

ਲੱਤ ਪੰਜਾਬੀ, ਲਾਤ ਹਿੰਦੀ, ਅਤੇ ਲੈੱਗ ਅੰਗਰੇਜ਼ੀ ਵਿੱਚ।

ਅੱਖ ਪੰਜਾਬੀ, ਆਂਖ ਹਿੰਦੀ ਅਤੇ ਆਈ ਅੰਗਰੇਜ਼ੀ ਵਿਚ।

ਹੱਥ ਪੰਜਾਬੀ, ਹਾਥ ਹਿੰਦੀ, ਹਸਤ ਸੰਸਕ੍ਰਿਤ ਅਤੇ ਹੈਂਡ ਅੰਗਰੇਜ਼ੀ ਵਿਚ।

Sri Satguru Jagjit Singh Ji Elibrary NamdhariElibrary@gmail.com

ਗਾਂ ਪੰਜਾਬੀ , ਗਾਏ ਜਾਂ ਗੋ ਹਿੰਦੀ, ਸੰਸਕ੍ਰਿਤ ਅਤੇ ਕੌ ਅੰਗਰੇਜੀ ਵਿਚ।

ਕਾਂ ਪੰਜਾਬੀ, ਕਾਗ ਹਿੰਦੀ ਸੰਸਕ੍ਰਿਤ ਅਤੇ ਕਰੋ ਅੰਗਰੇਜ਼ੀ ਵਿਚ।

ਬਲਦ ਪੰਜਾਂਬੀ, ਬੈਲ ਹਿੰਦੀ ਅਤੇ ਬੁੱਲ ਅੰਗਰੇਜ਼ੀ ਵਿਚ।

ਸੰਤ ਪੰਜਾਬੀ , ਹਿੰਦੀ ਅਤੇ ਸੇਂਟ (Saint) ਅੰਗਰੇਜ਼ੀ ਵਿਚ।

ਮਿਥਿਆ ਪੰਜਾਬੀ, ਮਿਥਿਹਾਸ ਪੰਜਾਬੀ ਹਿੰਦੀ ਅਤੇ ਅੰਗਰੇਜ਼ੀ ਵਿਚ ਮਾਈਥਾਲੌਜੀ ਹੈ।

ਇਸੇ ਤਰ੍ਹਾਂ ਜੇ ਕਰ ਖੋਜ ਕੀਤੀ ਜਾਵੇ ਤਾਂ ਅਨੇਕ ਸਾਂਝਾਂ ਹੋਰ ਵੀ ਮਿਲ ਸਕਦੀਆਂ ਹਨ। ਜੋ ਸੂਚਕ ਹਨ, ਕਿ ਜਿੰਨ੍ਹਾਂ ਭਾਸ਼ਾਵਾਂ ਦੇ ਇਹ ਸ਼ਬਦ ਹਨ, ਉਹ ਸਭ ਇਕੋ ਵਡੇਰੀ ਭਾਸ਼ਾ ਤੋਂ ਉਪਜੀਆਂ ਹਨ ਅਤੇ ਉਨ੍ਹਾਂ ਭਾਸ਼ਾਵਾਂ ਦੇ ਭਾਸ਼ੀ ਵੀ ਇਕੋ ਵਡੇਰੇ ਦੀ ਸੰਤਾਨ ਹਨ।

Sri Satguru Jagjit Singh Ji Elibrary NamdhariElibrary@gmail.com

ਸਮਅਰਥੀ ਸ਼ਬਦਾਵਲੀ

ਦੁਨੀਆਂ ਇੱਕ ਮੇਲਾ ਹੈ, ਜਿਸ ਵਿਚ ਸਾਰੀਆਂ ਕੌਮਾਂ ਅਤੇ ਭਾਸ਼ਾਵਾਂ ਨਿੱਖਰ ਸੰਵਰ ਕੇ ਵਿਚਰਦੀਆਂ ਹਨ। ਕਦੇ ਕਦੇ ਵੱਖੋ ਵੱਖ ਫਿਰਦੀਆਂ ਹਨ, ਕਦੇ ਮਿਲ ਵੀ ਬੈਠਦੀਆਂ ਹਨ। ਆਪਣੀ ਵੰਨ ਸੁਵੰਨਤਾ ਨਾਲ ਇਸ ਮੇਲੇ ਦੀ ਸ਼ੋਭਾ ਵਧਾਂਦੀਆਂ ਹਨ। ਇਸ ਮੇਲੇ ਦੇ ਪੰਜਾਬ ਖੇਤ੍ਰ ਵਿਚ ਇਕੋ ਭਾਵ ਰੱਖਣ ਵਾਲੇ ਕਈ ਸ਼ਬਦ ਵੱਖੋ ਵੱਖ ਭਾਸ਼ਾਵਾਂ ਦੇ ਮਿਲ ਬੈਠੇ ਹਨ। ਆਓ ਉਹਨਾਂ ਦੇ ਦਰਸ਼ਨ ਕਰੀਏ।

ਪੰਜਾਬੀ	ਅੰਗਰੇਜ਼ੀ	ਫ਼ਾਰਸੀ	ਅਰਬੀ	ਹਿੰਦੀ
ਸਮਾ	ਟਾਈਮ	ਵਕਤ	ਵਕਤ	ਸਮਯੇ
ਜੀਵਨ	ਲਾਇਫ਼	ਜ਼ਿੰਦਗੀ	–	ਜੀਵਨ
ਸ੍ਵਰਗ	–	ਬਹਿਸ਼ਤ	ਜੰਨਤ	ਸ੍ਵਰਗ
ਨਰਕ	–	ਦੋਜ਼ਖ਼	ਜਹੰਨੰਮ	ਨਰਕ
ਸਰੀਰ	––	ਜਿਸਮ	ਜੁੱਸਾ	–
ਵਰ੍ਹਾ	–	ਸਾਲ	ਸੰਨ	ਵਰਸ਼
ਲੋੜ	–	–	ਜ਼ਰੂਰਤ	ਅਵਸ਼ਕਤਾ
ਪਿਆਰ	ਲਵ	–	ਮੁਹੱਬਤ	–
ਸ਼ਾਂਤੀ	–	ਆਰਾਮ	ਅਮਨ	ਚੈਨ
ਸੁਹਣਾ	–	ਖ਼ੂਬਸੂਰਤ	ਹੁਸੀਨ	ਸੁੰਦਰ
ਮੁੱਲ,ਭਾਅ	ਰੇਟ	–	ਕੀਮਤ	ਭਾਅ,ਮੂਲਿਅ
ਸੰਗ	–	ਸ਼ਰਮ	ਹਿਆ	ਲੱਜਿਆ
ਚਿਠੀ	–	ਖ਼ਤ	–	ਪੱਤ੍ਰ

Sri Satguru Jagjit Singh Ji Elibrary NamdhariElibrary@gmail.com

ਮਿੱਤ੍ਰ, ਆੜੀ	ਫਰੈਂਡ	ਦੋਸਤ,ਯਾਰ	—	ਮਿਤ੍ਰ
ਆਤਮਾ	—	—	ਰੂਹ	—
ਚਿੰਤਾ	—	ਫ਼ਿਕਰ	—	—
ਘ੍ਰਿਣਾ	—	ਨਫ਼ਰਤ	—	—
ਕਲਾ	ਆਰਟ	ਹੁਨਰ	ਫ਼ਨ	ਕਲਾ
ਧਰਤੀ	—	ਜ਼ਮੀਨ	—	—
ਵਾਦ-ਵਿਵਾਦ	—	—	ਬਹਿਸ	ਵਾਦ-ਵਿਵਾਦ
ਭਾਗ	—	—	ਹਿੱਸਾ	—
ਉਡੀਕ	—	—	ਇੰਤਜ਼ਾਰ	—
ਲਹਿਰ	—	—	ਤਹਿਰੀਕ	ਅੰਦੋਲਨ
ਪੁੱਛ	—	—	ਸੁਵਾਲ	ਪ੍ਰਸ਼ਨ
ਉੱਤਰ	—	—	ਜੁਵਾਬ	ਉਤ੍ਰ
ਪ੍ਰਭਾਵ	—	—	ਅਸਰ	—
ਸਹਾਇਤਾ	—	—	ਮਦਦ	—
ਸਵੀਕਾਰ	—	ਮਨਜ਼ੂਰ	ਕਬੂਲ	ਸੁਵੀਕਾਰ
ਸੰਕੇਤ	—	—	ਇਸ਼ਾਰਾ	—
ਸਿੱਟਾ	ਰਿਜ਼ਲਟ	—	ਨਤੀਜਾ	ਪਰਿਨਾਮ
ਅਧਿਕਾਰੀ	—	—	ਹੱਕਦਾਰ	—
ਝਟਕਈ	ਬੁੱਚੜ	—	ਕਸਾਈ	—
ਵਾਹਿਗੁਰੂ	—	—	ਰੱਬ	ਈਸ਼ਵਰ, ਪ੍ਰਮਾਤਮਾ
ਮਨੁੱਖ	—	—	ਆਦਮੀ	ਮਨੁੱਸ਼
ਸਭਾ ਪਤੀ, ਪ੍ਰਧਾਨ	ਪ੍ਰੈਜ਼ੀਡੈਂਟ	—	ਸਦਰ	ਸਭਾਪਤੀ
ਮੰਤਰੀ	ਮਨਿਸਟਰ	—	ਵਜ਼ੀਰ	ਮੰਤ੍ਰੀ
ਮੂਰਤ	ਫੋਟੋ	—	ਤਸਵੀਰ	ਪ੍ਰਤਿਮਾ

ਹੋਰ ਵੀ ਬਹੁਤ ਸ਼ਬਦ ਅਜੇਹੇ ਭਾਲੇ ਜਾ ਸਕਦੇ ਹਨ, ਜੋ ਵੱਖ ਵੱਖ ਭਾਸ਼ਾਵਾਂ ਦੇ ਪੰਜਾਬੀ ਭਾਸ਼ਾ ਵਿਚ ਆ ਗਏ ਹਨ ਅਤੇ ਇੱਕੋ ਭਾਵ ਦਾ ਪਰਗਟਾਵਾ ਕਰਦੇ ਹਨ। ਇਹ ਭਾਸ਼ਾ ਵਿਚ ਸ਼ਬਦਾਂ ਦੀ ਸ਼ਾਂਤੀ ਪੂਰਨ ਸਹਿ-ਹੋਂਦ ਹੈ।

Sri Satguru Jagjit Singh Ji Elibrary NamdhariElibrary@gmail.com

ਬੌਧਿਕ ਅਤੇ ਸਾਧਾਰਨ ਸ਼ਬਦ

ਕਿਸੇ ਭਾਸ਼ਾ ਦੀ ਸਾਰੀ ਸ਼ਬਦ ਲੀਲਾ ਦੇਖਣ ਦੇ ਲਈ ਜੇਕਰ ਝਾਤ ਪਾਈਏ ਤਾਂ ਸਾਨੂੰ ਉਸਦੀ ਸ਼ਬਦਾਵਲੀ ਵਿਚ ਦੋ ਪਰਕਾਰ ਦੇ ਅਭਿਨੇਤਾ ਨਜ਼ਰ ਪੈਣਗੇ। ਇੱਕ ਉਹ ਜੋ ਬੌਧਕ ਭਾਵਾਂ ਦਾ ਅਭਿਨਯ ਕਰਦੇ ਹਨ, ਦੂਸਰੇ ਉਹ ਜੋ ਜਨ ਸਾਧਾਰਨ ਦੇ ਭਾਵਾਂ ਦਾ। ਭਾਵ ਇਹ ਹੈ ਕਿ ਹਰ ਭਾਸ਼ਾ ਦੋ ਪਰਕਾਰ ਦੀ ਸ਼ਬਦਾਵਲੀ ਦਾ ਸਮੂਹ ਹੈ। ਇਕ ਪਰਕਾਰ ਦੀ ਸ਼ਬਦਾਵਲੀ ਉਹ ਹੈ, ਜੋ ਕਿ ਕੇਵਲ ਪੁਸਤਕਾਂ ਵਿਚ ਹੀ ਵਿਚਰਦੀ ਹੈ ਜਾਂ ਤਕਨੀਕੀ ਅਤੇ ਦਾਰਸ਼ਨਿਕ ਵਿਸ਼ਿਆਂ ਅਤੇ ਲੋਕਾਂ ਤੀਕ ਹੀ ਸੀਮਤ ਹੈ। ਸਾਹਿਤਕ ਗੋਸ਼ਟੀਆਂ ਅਤੇ ਵਾਦ-ਵਿਵਾਦ ਵਿਚ ਸੁਣੀ ਜਾ ਸਕਦੀ ਹੈ। ਜਨ-ਸਾਧਾਰਨ ਇਸਨੂੰ ਸਮਝਣ ਦੇ ਲਈ ਕੋਸ਼ ਦੀ ਵਰਤੋਂ ਕਰਦਾ ਹੈ। ਦੂਸਰੀ ਪਰਕਾਰ ਦੀ ਸ਼ਬਦਾਵਲੀ ਉਹ ਹੈ, ਜੋ ਉਸ ਭਾਸ਼ਾ ਨੂੰ ਬੋਲਣ ਵਾਲਿਆਂ ਸਾਰਿਆਂ ਲੋਕਾਂ ਦੀ ਸਾਂਝੀ ਸਮਝੀ ਜਾਣ ਵਾਲੀ ਹੁੰਦੀ ਹੈ। ਉਹ ਜਨ-ਸਾਧਾਰਨ ਦੀ ਸ਼ਬਦਾਵਲੀ ਹੁੰਦੀ ਹੈ। ਜਨ ਸਾਧਾਰਨ ਉਸਨੂੰ ਸਿੱਖਣ ਦੇ ਲਈ ਕੋਈ ਉਚੇਚ ਨਹੀਂ ਕਰਦਾ। ਉਸਨੂੰ ਜੇਕਰ ਤੁਸੀਂ ਪੁਛੋਗੇ ਕਿ ਉਸਨੇ ਪਹਿਲਾਂ ਸ਼ਬਦ ਕਦੋਂ ਸਿਖਿਆ ਅਤੇ ਉਚਰਿਆ ਸੀ ਤਾਂ ਉਹ ਤੁਹਾਡੀ ਅਕਲ ਤੇ ਹੱਸੇਗਾ। ਇਸ ਪ੍ਰਸ਼ਨ ਤੋਂ ਹੈਰਾਨ ਹੋਵੇਗਾ। ਕਿਉਂ ਜੋ ਉਹ ਆਪਣੇ ਹੋਰ ਸਰੀਰਕ ਅੰਗਾਂ ਦੀਆਂ ਕਿਰਿਆਵਾਂ ਵਾਂਗ ਮੌਖਿਕ ਅੰਗਾਂ ਦੀ ਕਿਰਿਆ ਵੀ ਸੁਭਾਵਕ ਹੀ ਸਮਝਦਾ ਹੈ। ਹਾਂ, ਜੇ ਕਿਸੇ ਨੂੰ ਕਿਸੇ ਬੌਧਕ ਸ਼ਬਦ ਬਾਰੇ ਪੁੱਛਿਆ ਜਾਵੇ ਤਾਂ ਉਹ ਜ਼ਰੂਰ ਦੱਸ ਸਕੇਗਾ ਕਿ ਉਸਨੇ ਉਹ ਸ਼ਬਦ ਕਦੋਂ ਪੜ੍ਹਿਆ ਅਤੇ ਕੋਸ਼ ਵਿਚੋਂ ਉਸਦੇ ਅਰਥ ਦੇਖੇ ਜਾਂ ਕਦੋਂ ਸੁਣਿਆ ਅਤੇ ਯਾਦ ਹੋਇਆ ਸੀ।

ਬੌਧਕ ਸ਼ਬਦ ਆਮ ਕਰਕੇ ਜਾਂ ਤਾਂ ਨਵੀਆਂ ਲੋੜਾਂ ਅਨੁਸਾਰ ਬੁਧੀਮਾਨ ਲੋਕ ਘੜ ਲੈਂਦੇ ਹਨ ਜਾਂ ਬਾਹਰੋਂ ਆਈਆਂ ਨਵੀਆਂ ਪ੍ਰਸਥਿਤੀਆਂ ਅਤੇ ਕਾਢਾਂ ਦੇ ਨਾਲ ਆਉਂਦੇ ਹਨ। ਜਾਂ ਫੇਰ ਜੇ ਕਿਸੇ ਖੰਡ-ਵਿਸ਼ੇਸ ਦੀ ਭਾਸ਼ਾ ਤੇ ਕੋਈ ਹੋਰ ਭਾਸ਼ਾ ਰਾਜ ਕਰਦੀ ਹੋਵੇ ਤਾਂ ਉਸ ਰਾਜ-ਭਾਸ਼ਾ ਵਿਚੋਂ ਆ ਜਾਂਦੇ ਹਨ।

ਬੌਧਕ ਸ਼ਬਦ ਜਦੋਂ ਆਮ ਵਰਤੋਂ ਵਿਚ ਆ ਜਾਣ ਅਤੇ ਜਨ-ਸਾਧਾਰਨ ਦੇ ਨਿਤਾ-ਪ੍ਰਤੀ ਦੇ ਕੰਮ ਆਉਣ ਲੱਗ ਜਾਣ ਤਾਂ ਸਾਧਾਰਨ ਸ਼ਬਦ ਬਣ ਜਾਂਦੇ ਹਨ। ਜਨ-ਸਾਧਾਰਨ ਕਈ ਵਾਰ ਪੜ੍ਹੇ ਲਿਖੇ ਅਤੇ ਅਫਸਰ-ਸ਼ਾਹੀ ਦੀ ਨਕਲ ਵਿਚ ਬੌਧਕ ਸ਼ਬਦਾਂ ਦੀ ਵਰਤੋਂ ਕਰਨ ਲੱਗ ਜਾਂਦੇ ਹਨ ਅਤੇ ਉਹ ਬੌਧਕ ਸ਼ਬਦ ਇਸ ਪਰਕਾਰ ਸਾਧਾਰਨ ਬਣ ਜਾਂਦੇ ਹਨ। ਸਾਧਾਰਨ ਸ਼ਬਦ ਪਿੜ ਹੀ ਛੱਡ ਜਾਂਦਾ ਹੈ।

ਪੰਜਾਬ ਅਤੇ ਪੰਜਾਬੀ 'ਤੇ ਕੁਝ ਸ਼ਤਾਬਦੀਆਂ ਫ਼ਾਰਸੀ ਭਾਸ਼ੀ ਲੋਕਾਂ ਅਤੇ ਫ਼ਾਰਸੀ ਭਾਸ਼ਾ ਦਾ ਰਾਜ ਰਿਹਾ ਹੈ। ਇਸ ਸਮੇਂ ਵਿਚ ਇਸਦੇ ਸਾਧਾਰਨ ਪਿੜ ਵਿਚ ਫਾਰਸੀ ਅਤੇ ਤੁਰਕੀ ਭਾਸ਼ਾਵਾਂ ਦਾ ਵਹਿਣ ਰਿਹਾ ਹੈ। ਇਨ੍ਹਾਂ ਰਾਹੀਂ ਅਰਬੀ ਅਤੇ ਇਬਰਾਨੀ ਭਾਸ਼ਾਵਾਂ ਦੀ ਸ਼ਬਦਾਵਲੀ ਵੀ ਆਈ। ਇਹ ਸ਼ਬਦਾਵਲੀ ਪਹਿਲਾਂ ਤਾਂ ਪੰਜਾਬੀ ਦੀ ਬੌਧਕ ਸ਼ਬਦਾਵਲੀ ਵਿਚ ਆਈ ਅਤੇ ਫੇਰ ਜਨ-ਸਾਧਾਰਨ ਦੀ ਸ਼ਬਦਾਵਲੀ ਵਿਚ ਆ ਗਈ। ਇਨ੍ਹਾਂ ਦੇ ਸਮਾਨ ਅਰਥ ਦੇਣ ਵਾਲੇ ਪੰਜਾਬੀ "ਸਾਧਾਰਨ ਸ਼ਬਦ" ਮੈਦਾਨ ਵਿਚੋਂ ਨਿਕਲ ਗਏ। ਕਿਉਂਜੋ ਉਨ੍ਹਾਂ ਦੀ ਵਰਤੋਂ ਹੀ ਨਾ ਰਹੀ। ਇਸ ਤੋਂ ਮਗਰੋਂ ਅੰਗਰੇਜ਼ੀ ਭਾਸ਼ਾ ਪੰਜਾਬ ਦੀ ਰਾਣੀ ਹੋ ਗਈ। ਪਰ ਨਾਲ ਨਾਲ ਉਰਦੂ ਵੀ ਹਾਜ਼ਰ ਰਹੀ। ਪੰਜਾਬੀ ਪਿਛਵਾੜੇ ਰਹੀ, ਕੇਵਲ ਜਨ-ਸਾਧਾਰਨ ਦੇ ਪਾਸ। ਪੜ੍ਹੇ ਲਿਖੇ ਲੋਕ ਉਰਦੂ ਅਤੇ ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ ਕਰਨਾ ਮਾਣ ਅਤੇ ਸਭਿਆ ਹੋਣ ਦਾ ਪ੍ਰਤੀਕ ਸਮਝਦੇ ਰਹੇ। ਇਸ ਦਾ ਪਰਭਾਵ ਜਨ-ਸਾਧਾਰਨ ਤੇ ਵੀ ਪੈਣਾ ਹੀ ਸੀ ਸੋ ਪਿਆ। ਜਨ-ਸਾਧਾਰਨ ਨੇ ਵੀ ਉਹਨਾਂ ਦੀ ਰੀਸ ਕੀਤੀ। ਇੰਝ ਅੰਗਰੇਜ਼ੀ ਰਾਹੀਂ ਫ਼ਰਾਂਸੀਸੀ, ਪੁਰਤਗਾਲੀ ਅਤੇ ਲਾਤੀਨੀ ਸ਼ਬਦ ਵੀ ਬੌਧਕਤਾ ਦੀ ਗੱਦੀ ਤੋਂ ਡਿਗ ਕੇ ਸਾਧਾਰਨ ਬਣਦੇ ਗਏ।

ਬਾਹਰੋਂ ਆਏ ਸ਼ਬਦ ਜਦ ਤਕ ਤਾਂ ਬੌਧਕ ਰਹਿੰਦੇ ਹਨ ਤਾਂ ਆਮ ਕਰ ਕੇ ਉਹਨਾਂ ਦਾ ਮੂਲ ਅਤੇ ਸੋਮਾ ਪਛਾਣਿਆ ਜਾ ਸਕਦਾ ਹੈ। ਪਰ ਜਦੋਂ ਉਹ ਸਾਧਾਰਨ ਸ਼ਬਦ ਹੋ ਜਾਂਦੇ ਹਨ ਤਾਂ ਜਨ-ਸਾਧਾਰਨ ਉਨ੍ਹਾਂ ਨੂੰ ਘੜ ਛਾਂਗ ਕੇ ਆਪਣੀ ਸੁਰ ਅਤੇ ਧੁਨੀ ਦੇ ਅਨਕੂਲ ਕਰ ਲੈਂਦੇ ਹਨ। ਉਹਨਾਂ ਦਾ ਮੂਲ ਨਾਲ

Sri Satguru Jagjit Singh Ji Elibrary NamdhariElibrary@gmail.com

ਸੰਬੰਧ ਕੋਈ ਗਿਆਨੀ ਹੀ ਜੋੜ ਸਕਦਾ ਹੈ।

ਅਸਲ ਵਿਚ ਭਾਸ਼ਾ ਦਾ ਇਹ ਇਕ ਪ੍ਰਾਕ੍ਰਿਤਕ ਵਹਾਅ ਹੈ। ਇਸ ਵਹਾਅ ਵਿਚ ਬੌਧਕਤਾ ਅੱਗੇ ਅੱਗੇ ਵਗਦੀ ਹੈ ਅਤੇ ਸਾਧਾਰਨਤਾ ਪਿੱਛੇ ਪਿੱਛੇ। ਕਈ ਵਾਰ ਇੰਝ ਹੁੰਦਾ ਹੈ, ਕਿ ਕੋਈ ਛੁੱਟੜ ਸ਼ਬਦ ਅੱਗੇ ਹੋ ਜਾਂਦਾ ਹੈ ਅਤੇ ਬੌਧਕ ਸ਼ਬਦ ਸਾਧਾਰਨ ਹੋ ਕੇ ਪਿਛੇ ਲਗ ਜਾਂਦਾ ਹੈ ਜਿਵੇਂ "ਸੈਨਾ" ਇਕ ਸ਼ਬਦ ਹੈ, ਜੋ ਕਿ ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਦਾ ਸਾਧਾਰਨ ਸ਼ਬਦ ਹੈ। ਪਰ ਉਹਨਾਂ ਦੇ ਆਉਣ ਦੇ ਨਾਲ ਇੱਕ ਸ਼ਬਦ "ਫ਼ੌਜ" ਵੀ ਆਇਆ ਜੋ ਬੌਧਕ ਹੋਇਆ ਅਤੇ ਫੇਰ ਅਧਿਕ ਵਰਤੋਂ ਕਾਰਨ ਸਾਧਾਰਨ ਹੋ ਗਿਆ। ਸੈਨਾ ਲਗਭਗ ਅਲੋਪ ਹੀ ਸੀ। ਪਰ ਅਜ ਫ਼ੌਜ ਸ਼ਬਦ ਸਾਧਾਰਨ ਹੈ ਅਤੇ ਸੈਨਾ ਸ਼ਬਦ ਬੌਧਕ ਹੈ। ਅਜੇਹੇ ਹੋਰ ਬਹੁਤ ਸ਼ਬਦ ਹਨ, ਜੋ ਪਹਿਲਾਂ ਸਾਧਾਰਨ ਸਨ ਅਤੇ ਅਜ ਬੌਧਕ ਬਣ ਗਏ ਹੋਏ ਹਨ। ਇਸ ਦਾ ਕਾਰਨ ਇਹ ਹੈ ਕਿ ਅੱਜ ਜਨ-ਸਾਧਾਰਨ ਦੀ ਭਾਸ਼ਾ ਗੱਦੀ ਤੇ ਬਰਾਜਮਾਨ ਹੈ। ਪੜ੍ਹੇ ਲਿਖੇ ਪੰਜਾਬੀ ਅਤੇ ਅਫ਼ਸਰਸ਼ਾਹੀ ਉਸਦੀ ਵਰਤੋਂ ਕਰਦੀ ਹੈ। ਇੰਝ ਛੁੱਟੜ ਸ਼ਬਦਾਵਲੀ ਫੇਰ ਭਾਸ਼ਾ ਦੇ ਰੰਗ-ਮੰਚ ਤੇ ਆ ਰਹੀ ਹੈ। ਇਸ ਤਰ੍ਹਾਂ ਬੌਧਕ ਸ਼ਬਦ ਅਤੇ ਸਾਧਾਰਨ ਸ਼ਬਦ ਆਪਣਾ ਸਥਾਨ ਆਪੇ ਵਿਚ ਬਦਲਦੇ ਰਹਿੰਦੇ ਹਨ। ਪਰ ਫੇਰ ਵੀ ਭਾਸ਼ਾ ਦੀ ਸ਼ਬਦਾਵਲੀ ਵਿਚ ਬੌਧਕ ਸ਼ਬਦਾਂ ਅਤੇ ਸਾਧਾਰਨ ਸ਼ਬਦਾਂ ਦਾ ਪਾੜਾ ਬਣਿਆ ਰਹਿੰਦਾ ਹੈ।

ਅਸਲ ਵਿਚ ਬੌਧਕ ਅਤੇ ਸਾਧਾਰਨ ਭਾਸ਼ਾ ਜਾਂ ਸ਼ਬਦਾਵਲੀ ਦੀ ਵੰਡ ਕਰਨੀ ਬਹੁਤ ਮੁਸ਼ਕਿਲ ਕਾਰਜ ਹੈ। ਇੱਕ ਦਿਨ ਵਿਚ ਇਕ ਭਾਸ਼ਾ ਦੇ ਬੋਲਣ ਵਾਲਾ ਵਿਅਕਤੀ ਆਪਣੀ ਮਾਂ-ਬੋਲੀ ਨੂੰ ਕਈ ਰੂਪਾਂ ਵਿਚ ਬੋਲਦਾ ਹੈ। ਇਕ ਪੜ੍ਹਿਆ ਲਿਖਿਆ ਵਿਅਕਤੀ ਜਦੋਂ ਪੜ੍ਹਿਆਂ ਲਿਖਿਆਂ ਦੇ ਨਾਲ ਗੱਲ ਕਰੇਗਾ ਤਾਂ ਭਾਸ਼ਾ ਦਾ ਸਰੂਪ ਹੋਰ ਹੋਵੇਗਾ ਅਤੇ ਓਹੋ ਵਿਅਕਤੀ ਜਦੋਂ ਕਿਸੇ ਅਣਪੜ੍ਹ ਦੇ ਨਾਲ ਗੱਲ ਕਰੇਗਾ ਤਾਂ ਉਸਦੀ ਭਾਸ਼ਾ ਦੀ ਸ਼ਬਦਾਵਲੀ ਹੋਰ ਪਰਕਾਰ ਦੀ ਹੋਵੇਗੀ। ਇੱਕ ਵਿਅਕਤੀ ਆਪਣੇ ਬੱਚਿਆਂ, ਪਤਨੀ, ਮਾਪਿਆਂ, ਮਿਤਰਾਂ, ਪੜ੍ਹਿਆਂ, ਲਿਖਿਆਂ, ਅਣ-ਪੜ੍ਹਿਆ, ਪੇਂਡੂਆਂ ਅਤੇ ਸ਼ਹਿਰੀਆਂ ਦੇ ਨਾਲ ਗੱਲ ਬਾਤ ਦੇ ਸਮੇਂ ਆਪਣੀ ਸ਼ਬਦਾਵਲੀ ਬਦਲਦਾ ਰਹਿੰਦਾ ਹੈ। ਫੇਰ ਵੀ ਅਸੀਂ ਪੰਜਾਬੀ ਭਾਸ਼ਾ ਦੇ ਕੁਝ ਕੁ ਸ਼ਬਦਾਂ ਦੀ ਸਾਧਾਰਨ ਅਤੇ ਬੌਧਕ ਦੀ ਵੰਨਗੀ ਦੇ ਰਹੇ ਹਾਂ। ਉਝ ਇਹ ਲੜੀ ਅਮੁੱਕ ਹੀ ਹੈ।

Sri Satguru Jagjit Singh Ji Elibrary NamdhariElibrary@gmail.com

ਸਾਧਾਰਨ ਸ਼ਬਦ	ਬੌਧਕ ਸ਼ਬਦ	ਸਾਧਾਰਨ ਸ਼ਬਦ	ਬੌਧਕ ਸ਼ਬਦ
ਵਰਤੋਂ	ਪ੍ਰਯੋਗ	ਸ਼ੁਰੂ	ਆਰੰਭ
ਵੱਧ	ਅਧਿਕ	ਮੁੱਲ	ਕੀਮਤ
ਲੋੜ	ਅਵਸ਼ਕਤਾ	ਫਿਕਰ	ਚਿੰਤਾ
ਸੱਚ	ਯਥਾਰਥ	ਤਕੜਾ	ਬਲਵਾਨ
ਕਹਿਣਾ	ਵਚਨ ਕਰਨਾ	ਬਹਿਣਾ	ਬਿਰਾਜਮਾਨ ਹੋਣਾ
ਪਗੜੀ	ਦਸਤਾਰ	ਅਕਲ	ਬੁੱਧੀ
ਅੱਖ	ਲੋਚਨ, ਨੇਤ੍ਰ	ਪੈਰ	ਚਰਨ
ਸਿਰ	ਸੀਸ	ਮੌਕਾ	ਅਵਸਰ
ਮਤਲਬ	ਅਰਥ	ਕਤਾਬ	ਪੁਸਤਕ
ਤਰ੍ਹਾ	ਭਾਂਤ	ਜਮਾਤ	ਸ਼੍ਰੇਣੀ
ਸ਼ੈਅ	ਵਸਤੂ	ਨਜ਼ਰ	ਦ੍ਰਿਸ਼ਟੀ
ਆਉਣਾ	ਪਧਾਰਨਾ	ਫੌਜ	ਸੈਨਾ
ਪਾਣੀ	ਜਲ, ਨੀਰ	ਲੀੜੇ	ਵਸਤਰ
ਵਾਲ	ਕੇਸ	ਪਿਓ	ਪਿਤਾ
ਮਾਂ	ਮਾਤਾ	ਪਿਆਰ	ਸਨੇਹ
ਔਖ	ਕਸ਼ਟ	ਨਹਾਉਣਾ	ਇਸ਼ਨਾਨ ਕਰਨਾ
ਢਿਡ	ਪੇਟ, ਉਦਰ	ਡੰਗਰ	ਪਸ਼ੂ
ਟੱਬਰ	ਪਰਿਵਾਰ	ਭੱਗਾ	ਕ੍ਰਮੀਕ
ਲੋੜ	ਅਵਸ਼ਕਤਾ	ਸ਼ੀਸ਼ਾ	ਦਰਪਨ
ਸ਼ਰਾਬ	ਮਦਰਾ	ਈਮਾਨ	ਧਰਮ
ਅੱਗ	ਜਵਾਲਾ, ਅਗਨੀ	ਉਮਰ	ਆਯੂ

ਉਪਰੋਕਤ ਸ਼ਬਦਾਂ ਤੇ ਝਾਤ ਮਾਰਿਆਂ ਭਲੀ ਪਰਕਾਰ ਨਜ਼ਰ ਆ ਜਾਂਦਾ ਹੈ ਕਿ ਕਿਵੇਂ ਬੌਧਕ ਸ਼ਬਦ ਸਾਧਾਰਨ ਅਤੇ ਸਾਧਾਰਨ ਸ਼ਬਦ ਬੌਧਿਕ ਬਣਦੇ ਰਹੇ ਹਨ। ਉਪਰੋਕਤ ਸਾਧਾਰਨ ਸੂਚੀ ਵਿਚ ਅਧਿਕ ਸ਼ਬਦ ਉਹ ਹਨ ਜੋ ਪਹਿਲਾਂ ਸਾਧਾਰਨ ਸਨ। ਫੇਰ ਫੁੱਟੜ ਹੋਏ ਅਤੇ ਹੁਣ ਪੰਜਾਬੀ ਦੇ ਰਾਜ ਭਾਸ਼ ਹੋ ਜਾਣ ਦੇ ਨਾਲ ਉਹਨਾਂ ਦੀ ਪਤਤ ਬਣੀ ਅਤੇ ਉਹ ਬੌਧਕ ਹੋ ਗਏ ਹਨ। ਨੇੜ ਭਵਿਖ ਵਿਚ ਉਹਨਾਂ ਦੇ ਵੀ ਸਾਧਾਰਨ ਹੋ ਜਾਣ ਦੀ ਸੰਭਾਵਨਾ ਹੈ। ਬੌਧਕਤਾ ਦਾ ਖੱਪਾ ਪੂਰਨ ਦੇ ਲਈ ਹੋਰ ਸ਼ਬਦ ਪਧਾਰਨਗੇ।

Sri Satguru Jagjit Singh Ji Elibrary NamdhariElibrary@gmail.com

ਮਨੁੱਖੀ ਸਰੀਰ ਅਤੇ ਅੰਗ ਕਿਰਿਆਵਾਂ ਤੋਂ ਸ਼ਬਦ ਅਤੇ ਉਪਮਾਵਾਂ

ਇਹ ਸੁਭਾਵਕ ਹੀ ਸੀ ਕਿ ਮਨੁੱਖ ਸਭ ਤੋਂ ਪਹਿਲਾਂ ਆਪਣੀ ਦੇਹ ਅਤੇ ਆਪਣੇ ਅੰਗਾਂ ਦੀਆਂ ਕਿਰਿਆਵਾਂ ਤੋਂ ਸ਼ਬਦ ਘੜਦਾ। ਮਨੁੱਖ ਨੇ ਸਭ ਤੋਂ ਵਧ ਸ਼ਬਦ ਅਤੇ ਉਪਮਾਵਾਂ ਆਪਣੇ ਆਪ ਤੋਂ ਅਤੇ ਆਪਣੇ ਅੰਗਾਂ ਤੋਂ, ਹਰ ਭਾਸ਼ਾ ਵਿਚ, ਘੜੀਆਂ ਹਨ। ਜਿਵੇ :-

ਜੀਭ ਜਾਂ ਜ਼ਬਾਨ ਤੋਂ :- ਜ਼ਬਾਨ ਦੇਣੀ, ਜ਼ਬਾਨ ਵਾੜੇ ਨਾ ਵੜਨੀ, ਜ਼ਬਾਨ ਸੰਭਾਲਣੀ, ਜੀਭ ਦੰਦਾਂ ਹੇਠ ਦੇਣੀ, ਜੀਭ ਤੇ ਖਾਜ ਹੋਣੀ।

ਕੰਨ ਤੋਂ :- ਕੰਨ ਕਸਣੇ, ਕੰਨ ਖਿੱਚਣੇ, ਕੰਨ ਹੋਣੇ, ਕੰਨਾਂ ਬਾਤੀ ਕਰਨੀ, ਕੰਨਾਂ ਨੂੰ ਹੱਥ ਲਾਉਣੇ, ਕੰਨ ਵਿਚ ਫੂਕ ਮਾਰਨੀ, ਕੰਨ ਖਾਣੇ, ਕੰਨ ਭਰਨੇ, ਕੰਨਾਂ ਦਾ ਕੱਚਾ ਹੋਣਾ, ਕੰਨ ਬੋਲਲ ਪੈਣੀ, ਕੰਨ ਕੁਤਰਨੇ, ਕੰਨਾਂ ਵਿਚ ਤੇਲ ਪਾ ਲੈਣਾ, ਕੰਨ ਲਪੇਟਣੇ, ਕੰਨ ਖੜੇ ਹੋਣੇ, ਕੰਨ ਪਾਇਆ ਨਾ ਰੜਕਨਾ ਆਦਿ।

ਨੱਕ ਤੋਂ :- ਨੱਕ ਨਾ ਰਹਿਣਾ, ਨੱਕ ਉਚੀ ਹੋਣੀ, ਨੱਕ ਤੇ ਮੱਖੀ ਨਾ ਬੈਠਣ ਦੇਣੀ, ਨੱਕ ਰਗੜਣਾ, ਨੱਕ ਵੱਢਣਾ, ਨੱਕ ਦਾ ਵਾਲ ਹੋਣਾ, ਨੱਕ 'ਚੋਂ ਠੂਹੇ ਡਿੱਗਣੇ, ਨਕੌੜਾ ਹੋਣਾ, ਨੱਕ ਬੁਲ੍ਹ ਮਾਰਨੇ, ਨੱਕ ਭੰਨਣਾ ਆਦਿ।

ਮੂੰਹ ਤੋਂ :- ਮੂੰਹ ਲਈ ਪੰਜਾਬੀ ਵਿਚ ਭਾਂਤ ਭਾਂਤ ਦੇ ਸ਼ਬਦ ਵਰਤੇ ਜਾਂਦੇ ਹਨ। ਇਕ ਪਿਆਰ-ਮਈ ਦੂਸਰੇ ਘਿਰਨਾ-ਮਈ। ਪਿਆਰ ਵਿਚ ਮੂੰਹ ਨੂੰ ਮੁੱਖ ਜਾਂ ਮੁੱਖੜਾ ਕਹਿੰਦੇ ਹਨ ਅਤੇ ਘਿਰਨਾ ਵਿਚ ਬੂਥਾ ਅਤੇ ਬੂਥਾੜ। ਮੁਖੜੇ ਅਤੇ ਮੂੰਹ ਦੇ ਸ਼ਬਦ ਤਾਂ ਸਾਧਾਰਨ ਵਰਤੋਂ ਵਿਚ ਆਉਂਦੇ ਹਨ ਅਤੇ ਬੂਥਾ ਉਦੋਂ ਵਰਤਿਆ ਜਾਂਦਾ ਹੈ, ਜਦੋਂ ਨਾਲ ਅੰਤਾਂ ਦੀ ਘਿਰਨਾ ਵੀ ਜੋੜਨੀ ਹੋਵੇ। ਜਿਵੇ:-

Sri Satguru Jagjit Singh Ji Elibrary NamdhariElibrary@gmail.com

ਬੂਥਾ ਤੌਨਣਾ, ਬੂਥਾ ਬਨਾਉਣਾ, ਬੂਥਾ ਮਾਰਨਾ, ਮੂੰਹ ਵਿਚ ਲਾਲ੍ਹਾਂ ਆਉਣੀਆਂ, ਮੂੰਹ ਕਾਲਾ ਕਰਨਾ, ਮੂੰਹ ਮੱਥਾ ਝੁਲਸਣਾ, ਮੂੰਹ ਉਤਰਨਾ, ਮੂੰਹ ਚੜ੍ਹਨਾ, ਮੂੰਹ ਚਲਣਾ, ਮੂੰਹ ਲੱਗਣਾ, ਮੂੰਹ ਮੱਥਾ, ਮੂੰਹ ਲਾਉਣਾ, ਮੂੰਹ ਬੰਦ ਕਰਨਾ, ਮੂੰਹ ਤੇ ਮਾਰਨਾ, ਮੂੰਹ ਖੋਲ੍ਹਣਾ, ਮੂੰਹ ਫੇਰ ਲੈਣਾ, ਮੂੰਹ ਅੱਡਣਾ, ਮੂੰਹ ਦਿਖਾਉਣਾ, ਮੂੰਹ ਰੱਖਣਾ, ਮੂੰਹ ਖੁੱਲ੍ਹਣਾ, ਮੂੰਹ ਪਰਨੇ ਡਿੱਗਣਾ ਆਦਿ।

ਹੱਥ ਤੋਂ :- ਹੱਥ ਬੰਨ੍ਹਣੇ, ਹੱਥ ਪੈਰ ਕਢਣੇ, ਹੱਥ ਮਾਰਨਾ, ਹੱਥ ਤੇ ਸਰ੍ਹੋਂ ਜਮਾਉਣੀ, ਹੱਥ ਕਰਨਾ, ਹੱਥਾਂ ਤੇ ਖਾਜ ਹੋਣੀ, ਹੱਥ ਫੜਨਾ, ਕਿਸੇ ਦੇ ਹੱਥਾਂ ਵੱਲ ਝਾਕਣਾ, ਹੱਥ ਝਾੜਨਾ, ਹੱਥ ਸਿਰ ਤੇ ਰੱਖਣਾ, ਹੱਥ ਰੰਗਣਾ, ਹੱਥ ਮਲਣੇ, ਹੱਥ ਅੱਡਣਾ, ਹੱਥ ਤੰਗ ਹੋਣਾ, ਹੱਥ ਚੁਕ ਲੈਣਾ, ਹੱਥ ਚੁਕਣਾ, ਹੱਥ ਨਾ ਆਉਣਾ, ਹੱਥ ਫੇਰੀ ਕਰਨੀ, ਹੱਥ ਲੱਗਣਾ, ਹੱਥ ਮਿਲਾਉਣੇ, ਹੱਥ ਦਿਖਾਉਣੇ, ਹੱਥ ਲੱਗਣੇ, ਹੱਥਾ ਪਾਈ ਕਰਨੀ, ਹੱਥ ਪੈਰ ਮਾਰਨੇ, ਹਥਿਔਣਾ, ਹੱਥ ਤੇ ਹੱਥ ਮਾਰਨਾ, ਹੱਥ ਪੱਲੇ ਪੈਣਾ, ਹੱਥ ਪੀਲੇ ਕਰਨੇ, ਹੱਥ ਧੋ ਲੈਣੇ, ਹੱਥ ਧੋ ਕੇ ਪਿਛੇ ਪੈਣਾ, ਹੱਥਾਂ ਤੇ ਨਚਾਉਣਾ।

ਹੱਥ ਨੂੰ ਹੋਰ ਸ਼ਬਦ ਵੀ ਭਾਸ਼ਾ ਨੂੰ ਦਿੱਤੇ ਹਨ ਜਿਵੇ-ਹਥਿਆਰ, ਜਾਂ ਹੱਥੀ ਅਤੇ ਹਥੌੜਾ, ਆਦਿ

ਬਾਂਹ ਤੋਂ :- ਕਿਸੇ ਦੀ ਬਾਂਹ ਹੋਣਾ, ਬਾਂਹ ਫੜਾਉਣੀ ਜਾਂ ਫੜਨੀ, ਬਾਂਹ ਕਢ ਕੇ ਕਹਿਣਾ, ਬਾਹਾਂ ਖੜੀਆਂ ਕਰ ਦੇਣੀਆਂ, ਆਦਿ

ਉਂਗਲ ਤੋਂ :- ਉਂਗਲ ਨਾ ਹਲਾਉਣੀ, ਉਂਗਲ ਨਾ ਦੁਖਣੀ, ਉਂਗਲ ਕਰਨੀ, ਉਂਗਲਾਂ ਕੀਤੀਆਂ ਜਾਣੀਆਂ।

ਅੰਗੂਠੇ ਤੋਂ :- ਅੰਗੂਠਾ ਲਾਉਣਾ, ਅੰਗੂਠਾ ਦਿਖਾਉਣਾ, ਆਦਿ

ਨਹੁੰਆ ਤੋਂ :- ਨਹੁੰ ਲੈਣਾ, ਨਹੁੰ ਮਾਸ ਹੋਣਾ, ਨਹੁੰ ਮਾਤ੍ਰ।

ਮੱਥੇ ਤੋਂ :- ਖਿੜੇ ਮੱਥੇ, ਮੱਥਾ ਮਾਰਨਾ, ਮੱਥੇ ਵੱਟ ਨਾ ਪਾਉਣਾ, ਮੱਥੇ ਲੱਗਣਾ, ਮੱਥਾ ਲੱਗਣਾ, ਮੱਥਾ ਟੇਕਣਾ, ਮੱਥੇ ਮਾਰਨਾ, ਮੱਥਾ ਲੈਣਾ, ਮੱਥੇ ਦੀਆਂ ਫੁੱਟੀਆਂ ਹੋਣੀਆਂ, ਮੱਥੇ ਦੀਆਂ ਲਿਖੀਆਂ, ਆਦਿ

ਨਜ਼ਰ ਤੋਂ :- ਨਜ਼ਰਾਂ 'ਚੋ ਡਿਗਣਾ, ਨਜ਼ਰ ਚਰਾਉਣੀ, ਨਜ਼ਰ ਮਾਰਨੀ, ਨਜ਼ਰ ਮਿਲਾਉਣੀ, ਨਜ਼ਰ ਲੱਗਣੀ, ਨਜ਼ਰ ਫੁੱਲਣੀ, ਆਦਿ

ਅੱਖ ਤੋਂ :- ਅੱਖ ਚਰਾਉਣੀ, ਆਪਣੀ ਅੱਖ 'ਚ ਲਟੈਣ ਨਾਂ ਦਿਸਣੀ, ਅੱਖ ਚੋਤਣੀ, ਅੱਖ ਮਾਰਨੀ, ਅੱਖਾਂ ਫੇਰ ਲੈਣੀਆਂ, ਅੱਖ ਨਾ ਮਿਲਾਉਣੀ, ਅੱਖ ਮੈਲੀ

Sri Satguru Jagjit Singh Ji Elibrary NamdhariElibrary@gmail.com

ਹੋਣੀ, ਇੱਕ ਅੱਖ ਵੇਖਣਾ, ਅੱਖ ਮਟੱਕਾ ਲਾਉਣਾ, ਅੱਖ ਆਉਣੀ, ਅੱਖਾਂ ਤੋਂ ਉਤਰਨਾ, ਅੱਖ ਲੱਗਣੀ, ਅੱਖਾਂ ਦਿਖਾਉਣੀਆਂ, ਅੱਖਾਂ ਕੱਢਣੀਆਂ, ਅੱਖ ਲੜਨੀ, ਅੱਖ ਨਾਲ ਗੱਲ ਕਰਨੀ, ਅੱਖਾਂ ਮੁੰਦ ਲੈਣੀਆਂ, ਅੱਖਾਂ ਖੁਲ੍ਹਣੀਆਂ, ਅੱਖਾਂ ਬਦਲ ਲੈਣੀਆਂ, ਅੱਖ ਵਿਚ ਰੜਕਣਾ ਆਦਿ।

ਛਾਤੀ ਤੋਂ :- ਛਾਤੀ ਦੇ ਜ਼ੋਰ ਨਾਲ, ਛਾਤੀ ਤੇ ਚੜ੍ਹਨਾ ਜਾਂ ਸਵਾਰ ਹੋਣਾ, ਹਿੱਕ ਸਾੜਨੀ ਜਾਂ ਲੂਹਣੀ, ਹਿੱਕ ਕੱਢ ਕੇ ਤੁਰਨਾ ਜਾਂ ਚਲਨਾ, ਹਿੱਕ ਠੋਕਣੀ, ਆਦਿ।

ਸਿਰ ਤੋਂ :- ਸਿਰ ਹੋਣਾ, ਸਿਰ ਮਾਰਨਾ, ਸਿਰ ਚਾੜ੍ਹਨਾ, ਸਿਰ ਫਿਰਨਾ, ਸਿਰ ਕੱਢਣਾ, ਸਿਰਕਢ ਹੋਣਾ, ਸਿਰ ਕਰਨੇ, ਸਿਰ ਤੱਨਣਾ, ਸਿਰ ਨਾਲ ਨਿਭਾਉਣਾ, ਸਿਰ ਧਰਨਾ, ਸਿਰ ਲਾਉਣਾ, ਸਿਰ ਵਿਚ ਕੁਝ ਪਾਉਣਾ, ਸਿਰ ਤੇ ਰੱਖਣਾ, ਸਿਰ ਨਿਵਾਉਣਾ, ਸਿਰ ਸੁਆਹ ਪਾਉਣੀ।

ਦੰਦਾਂ ਤੋਂ :- ਦੰਦ ਕੱਢਣੇ, ਦੰਦ ਖੱਟੇ ਕਰਨੇ, ਦੰਦ ਭੰਨਣੇ, ਦੰਦਾਂ ਹੇਠ ਜੀਭ ਲੈਣੀ, ਦੰਦ ਕਲਾ , ਦੰਦ ਵੱਜਣੇ, ਦੰਦਕੱੜਾਂ ਪੈਣੀਆਂ ਅਤੇ ਵੇਰ ਦੰਦਾਸਾ, ਆਦਿ।

ਪੈਰਾਂ ਤੋਂ :- ਪੈਰ ਭਾਰਾ ਹੋਣਾ, ਆਪਣੇ ਪੈਰਾਂ ਤੇ ਖਲੋਣਾ, ਪੈਰ ਵਿਚ ਪੈਰ ਧਰਨਾ, ਪੈਰੋਂ ਕੱਢਣਾ, ਪੈਰ ਧੋਣੇ, ਧਰਤੀ ਤੇ ਪੈਰ ਨਾ ਲੱਗਣੇ, ਆਦਿ।

ਅੱਡੀ ਤੋਂ :- ਅੱਡੀ ਨਾ ਲੱਗਣੀ, ਅੱਡੀਆਂ ਚੁਕਾ ਦੇਣੀਆਂ, ਅੱਡੀਆਂ ਚੁੱਕ ਚੁੱਕ ਦੇਖਣਾ, ਆਦਿ।

ਇਸੇ ਤਰ੍ਹਾਂ ਪੱਬ ਨਾ ਲੱਗਣੇ ਅਤੇ ਪੱਬ ਚੁੱਕਾ ਦੇਣੇ ਵੀ ਹੁੰਦਾ ਹੈ।

ਦਾੜ੍ਹੀ ਤੋਂ :- ਦਾੜ੍ਹੀ ਪੁੱਟਣੀ, ਦਾੜ੍ਹੀ ਰੋਲਣੀ, ਦਾੜ੍ਹੀ ਜਾਲਣੀ, ਦਾੜ੍ਹੀ ਨੂੰ ਹੱਥ ਪਾਉਣਾ, ਦਾੜ੍ਹੀ ਪਰਖਣੀ, ਆਦਿ।

ਮੁੱਛ ਤੋਂ :- ਮੁੱਛ ਦਾ ਵਾਲ ਹੋਣਾ, ਮੁੱਛ ਡਿੱਗ ਜਾਣੀ, ਆਦਿ।

ਢਿੱਡ ਤੋਂ :- ਢਿੱਡ ਦੀ ਗੱਲ ਕਰਨੀ, ਢਿੱਡ ਹੱਸਣਾ, ਢਿੱਡ ਹੋਣਾ, ਢਿੱਡ ਪੀੜ ਹੋਣੀ।

ਲਹੂ ਤੋਂ :- ਲਹੂ ਚਿੱਟਾ ਹੋਣਾ, ਲਹੂ-ਲੁਹਾਣ ਹੋਣਾ, ਲਹੂ ਦਾ ਤਿਹਾਇਆ ਹੋਣਾ, ਆਦਿ। ਲਹੂ ਤੋਂ ਇਕ ਹੋਰ ਸ਼ਬਦ ਵੀ ਹੈ ਜਿਸ ਦੇ ਅਰਥ ਕਵਿਤਾ ਵਾਂਗ ਮਾਣੇ ਜਾਣ ਵਾਲੇ ਹੀ ਹਨ। ਉਹ ਸ਼ਬਦ ਹੈ ਲਹੂਰ।

ਨਾਂ ਤੋਂ :- ਨਾਂ ਉੱਚਾ ਕਰਨਾ, ਨਾਂ ਕੱਢਣਾ, ਨਾਮਣਾ ਖੱਟਣਾ, ਨਾਂ ਮਾਤਰ,

Sri Satguru Jagjit Singh Ji Elibrary NamdhariElibrary@gmail.com

ਨਾਂ ਰੌਸ਼ਨ ਕਰਨਾ ਆਦਿ।

ਰਗ ਤੋਂ :-ਰਗ ਮਿਲਣੀ ਜਾਂ ਰਲਣੀ, ਰਗਾਂ ਮਲਣੀਆਂ, ਰਗ ਰਗ ਤੋਂ ਜਾਣੂ ਹੋਣਾ, ਕਿਸੇ ਚੀਜ਼ ਦਾ ਰਗਾਂ ਵਿਚ ਬੋਲਣਾ, ਰਗਾਂ ਵਿਚੋਂ ਕਢਣਾ ਆਦਿ।

ਸਾਹ ਤੋਂ :- ਸਾਹ ਆਉਣਾ, ਸਾਹ ਨਾ ਕਢਣਾ, ਸਾਹ ਨਿਕਲਣਾ, ਸਾਹ ਕਢਣਾ, ਸਾਹ ਮਾਰਨਾ, ਸਾਹ ਨਾਲ ਸਾਹ ਲੈਣਾ, ਸਾਹ ਲੈਣਾ, ਸਾਹੋ ਸਾਹ ਹੋਣਾ, ਉਤਲਾ ਸਾਹ ਉਤੇ ਅਤੇ ਹੇਠਲਾ ਸਾਹ ਹੇਠ ਹੋਣਾ, ਆਦਿ।

ਅੰਗ ਤੋਂ ਅੰਗੀ ਜਾਂ ਅੰਗੀਆਂ ਵੀ ਪਰਾਪਤ ਹੋਇਆ ਹੈ।

ਸਰੀਰ ਦੇ ਅੰਗਾਂ ਤੋ ਭਾਸ਼ਾ ਦੇ ਸ਼ਬਦ ਭੰਡਾਰ ਵਿਚ ਇਤਨੇ ਸ਼ਬਦ ਅਤੇ ਉਪਮਾਵਾਂ, ਅਲੰਕਾਰ ਹਨ ਕਿ ਇਨ੍ਹਾਂ ਦੀ ਵਿਆਖਿਆ ਦੇ ਲਈ ਇੱਕ ਵੱਖਰੀ ਪੁਸਤਕ ਜਾਂ ਕੋਸ਼ ਤਿਆਰ ਕੀਤਾ ਜਾ ਸਕਦਾ ਹੈ। ਅਸੀਂ ਤਾਂ ਏਥੇ ਕੇਵਲ ਵੰਨਗੀ ਮਾਤ੍ਰ ਹੀ ਕੁਝ ਸ਼ਬਦ ਦਿੱਤੇ ਹਨ।

Sri Satguru Jagjit Singh Ji Elibrary NamdhariElibrary@gmail.com

ਪਹਿਰਾਵੇ ਤੋਂ ਸ਼ਬਦ ਅਤੇ ਉਪਮਾਵਾਂ

ਪੰਜਾਬ ਵਿਚ ਈਰਾਨੀ, ਤੁਰਕ, ਮੁਗ਼ਲ, ਫ਼ਰਾਂਸੀਸੀ ਅਤੇ ਅੰਗਰੇਜ਼ ਆਏ ਤਾਂ ਨਾਲ ਆਪਣੇ ਪਹਿਰਾਵੇ ਅਤੇ ਉਨ੍ਹਾਂ ਦੇ ਨਾਂ ਆਦਿ ਵੀ ਲਿਆਏ। ਪੰਜਾਬੀ ਨੇ ਉਨ੍ਹਾਂ ਨੂੰ ਨਾਂਵਾਂ ਸਮੇਤ ਆਪਣੀ ਬੁੱਕਲ ਵਿਚ ਲੈ ਲਿਆ ਅਤੇ ਪਿਆਰ ਸਹਿਤ ਉਨ੍ਹਾਂ ਤੋਂ ਉਪਮਾਵਾਂ ਅਤੇ ਅਖਾਣਾਂ ਦੀ ਉਤਪਤੀ ਵੀ ਕੀਤੀ।

ਰੁਮਾਲ, ਕੁਰਤਾ, ਕਮੀਜ਼, ਤਹਿਮਦ, ਦਸਤਾਰ, ਸ਼ਲਵਾਰ, ਸਿਹਰਾ, ਕਮਰ ਕੱਸਾ, ਆਦਿ ਸ਼ਬਦ ਫ਼ਾਰਸੀ ਦੇ ਆਏ ਹਨ।

ਬੁਸ਼ਰਟ, ਪਤਲੂਨ, ਬੂਟ, ਨਿੱਕਰ, ਫਰਾਕ, ਸੂਟ, ਪੈਂਟ, ਸੁਵੈਟਰ, ਵਾਸਕੱਟ, ਜਾਕਟ, ਇਹ ਅੰਗਰੇਜ਼ੀ ਅਤੇ ਯੂਰਪੀ ਭਾਸ਼ਾਵਾਂ ਦੀ ਦੇਣ ਹਨ। ਪੰਜਾਬੀ ਨੇ ਇਨ੍ਹਾਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਕਈ ਸ਼ਬਦ ਤਾਂ ਹੁਣ ਪਛਾਣ ਨਹੀਂ ਹੁੰਦੇ ਕਿ ਇਹ ਵਿਦੇਸੀ ਹਨ ਜਿਵੇ, ਰੁਮਾਲ, ਕੁਰਤਾ, ਨਿੱਕਰ, ਫਰਾਕ ਆਦਿ।

ਪੰਜਾਬੀ ਨੇ ਇਨ੍ਹਾਂ ਦੇ ਅਰਥਾਂ ਨੂੰ ਵਿਸ਼ਾਲਤਾ ਵੀ ਦਿੱਤੀ ਹੈ। ਜਿਵੇਂ :-

ਬੂਟ :- ਇਸ ਅੰਗਰੇਜ਼ੀ ਸ਼ਬਦ ਤੋਂ ਕਿਸੇ ਦੇ ਬੂਟ ਚੱਟਣੇ, ਭਾਵ ਖ਼ੁਸ਼ਾਮਦ ਜਾਂ ਮਿੰਨਤ ਤਰਲਾ ਕਰਕੇ ਅਤੇ ਡਿੱਗ ਕੇ ਜਿਉਣ ਨੂੰ ਕਹਿੰਦੇ ਹਨ।

ਦਸਤਾਰ :- ਫ਼ਾਰਸੀ ਸ਼ਬਦ ਪਗੜੀ ਲਈ ਹੈ। ਘਰ ਦੇ ਬਾ-ਇਖ਼ਤਿਆਰ ਪੁਰਸ਼ ਦੇ ਮਰ ਜਾਣ ਤੇ ਇਖ਼ਤਿਆਰ ਉਸ ਦੇ ਪੁਤ੍ਰ ਦੇ ਹਵਾਲੇ ਕਰਨ ਦੀ ਰਸਮ ਦਸਤਾਰ ਬੰਨ੍ਹ ਕੇ ਕੀਤੀ ਜਾਂਦੀ ਹੈ ਅਤੇ ਇਸ ਰਸਮ ਨੂੰ ਦਸਤਾਰ-ਬੰਦੀ ਕਹਿੰਦੇ ਹਨ।

ਕਮਰ ਕੱਸਾ :- ਕਮਰ ਅਰਥਾਤ ਲੱਕ ਨੂੰ ਕੱਸਣ ਵਾਲਾ ਪਟਕਾ ਹੈ। ਪਰ ਕਮਰ ਕੱਸਾ ਕਰ ਲੈਣ ਤੋਂ ਅਰਥ ਹਨ ਦ੍ਰਿੜ੍ਹਤਾ ਨਾਲ ਤਿਆਰ ਹੋ ਜਾਣਾ।

Sri Satguru Jagjit Singh Ji Elibrary NamdhariElibrary@gmail.com

ਲੰਗੋਟ ਜਾਂ ਲੰਗੋਟੀ :- ਨਿੱਕੇ ਬਾਲਾਂ ਦੇ ਲਾਈ ਜਾਂਦੀ ਸੀ, ਹੁਣ ਇਸ ਦੀ ਵਰਤੋਂ ਨਹੀਂ ਰਹੀ। ਪਰ ਇਸ ਦੀ ਸ਼ਬਦ ਦੇਣ ਲੰਗੋਟੀਆ ਯਾਰ ਕਾਇਮ ਹੈ ਅਤੇ ਰਹੇਗਾ ਵੀ। ਅਰਥ ਹੈ ਕਿਸ਼ੋਰ ਅਵਸਥਾ ਦਾ ਗੂੜ੍ਹਾ ਮਿਤ੍ਰ, ਬਾਲ ਸਖਾ।

ਦੁਪੱਟਾ :- ਉਰਦੂ ਦਾ ਸ਼ਬਦ ਹੈ। ਜਦੋਂ ਚੌੜੇ ਬਰ ਦੇ ਕੱਪੜੇ ਨਹੀਂ ਸਨ ਹੋਇਆ ਕਰਦੇ ਉਦੋਂ ਕੱਪੜੇ ਦੇ ਦੋ ਪੱਟਾਂ ਨੂੰ ਸੀ ਕੇ ਇਸਤ੍ਰੀਆਂ ਸਿਰ ਦਾ ਕੱਜਣ ਬਣਾ ਲਿਆ ਕਰਦੀਆਂ ਸਨ। ਦੋ ਪੱਟ ਹੋਣ ਕਰਕੇ ਉਸਦਾ ਨਾਂ ਹੀ ਦੁਪੱਟਾ ਪੈ ਗਿਆ। ਫੇਰ ਚੌੜੇ ਅਰਜ਼ ਦੇ ਕੱਪੜੇ ਬਣ ਜਾਣ ਤੇ ਦੁੱਪਟੇ ਦੇ ਨਾਲ ਇੱਕ ਪੱਟਾ ਵੀ ਚਾਲੂ ਹੋ ਗਿਆ। ਹੁਣ ਦੁੱਪਟਾ ਅਤੇ ਇੱਕ ਪੱਟਾ ਦੋਵੇਂ ਹੀ ਨਹੀਂ ਰਹੇ। ਇਕ ਵਸਤ੍ਰ ਦਾ ਨਾਂ ਹੋ ਗਿਆ ਹੈ।

ਜੁੱਤੀ :- ਬੂਟ ਦੇ ਆਗਮਨ ਤੋਂ ਪਹਿਲਾਂ ਇਸ ਦਾ ਪੰਜਾਬੀ ਪੈਰਾਂ ਤੇ ਰਾਜ ਸੀ। ਇਸ ਦਾ ਬੜਾ ਨਕੌੜਾ ਸੀ। ਇਸੇ ਲਈ ਇਸਨੇ ਭਾਸ਼ਾ ਦੇ ਸ਼ਬਦਾਂ ਵਿਚ ਕਾਫੀ ਦੇਣਾਂ ਦਿੱਤੀਆਂ ਹਨ, ਜਿਵੇਂ :-

ਜੁੱਤੀ ਨਾਲ ਕਰਨਾ, ਜੁੱਤੀ 'ਤੇ ਦੀ ਮਾਰਨਾ, ਜੁੱਤੀਆਂ ਖਾਣੀਆਂ, ਜੁੱਤੀਆਂ ਚਲਣੀਆਂ, ਜੁੱਤਮ-ਜੁੱਤੀ ਹੋਣਾ, ਜੁੱਤੀ ਤੇ ਜਾਨਣਾ, ਜੁੱਤੀ ਨੂੰ ਜਾਨਣਾ, ਜੁੱਤੀਏਂ ਖੀਰ ਵੰਡਣੀ, ਜੁੱਤ ਪਤਾਣ ਕਰਨਾ, ਜੁੱਤੀ ਦਾ ਯਾਰ ਹੋਣਾ, ਜੁੱਤੀਆਂ ਦਾ ਭਾਝਾ ਹੋਣਾ, ਜੁੱਤੀਆਂ ਪੈਣੀਆਂ, ਜੁੱਤੀ ਹੇਠ ਰੱਖਣਾ, ਜੁੱਤੀਆਂ ਝਲਣੀਆਂ, ਜੁੱਤੀ ਖੜਕਣੀ, ਜੁੱਤੀ ਦਾ ਜ਼ੋਰ ਹੋਣਾ, ਆਦਿ।

ਖ਼ਸਤਾ ਟੁੱਟੀ ਜੁੱਤੀ ਨੂੰ ਛਿੱਤਰ ਕਹਿੰਦੇ ਹਨ। ਪੰਜਾਬੀ ਭਾਸ਼ਾ ਨੇ ਛਿੱਤਰ ਤੋਂ ਵੀ ਕੰਮ ਲਿਆ ਹੈ ਜਿਵੇਂ :- ਛਿੱਤਰ ਤੋਂ ਕੰਮ ਲੈਣਾ, ਛਿੱਤਰ ਪਤਾਣ ਕਰਨੀ।

ਇੰਝ ਇਹ ਸਿਧ ਹੋਇਆ ਕਿ ਜੁੱਤੀ ਜਾਂ ਛਿੱਤਰ ਦਾ ਸੰਬੰਧ ਮਾਰ ਕੁੱਟ ਅਤੇ ਦਾਬੇ ਜਾਂ ਤਾਕਤਵਰੀ ਦੇ ਨਾਲ ਹੈ। ਮਨੁੱਖ ਦੀ ਮੂਰਖਤਾ ਦਾ ਇਹ ਇਕ ਚਿੰਨ੍ਹ ਹੈ ਕਿ ਮੂਰਖਤਾ ਨਾਲ, ਪੈਰ ਲਈ ਬਣਾਈ ਜੁੱਤੀ ਅਤੇ ਉਸਦਾ ਛਿੱਤਰ ਮਨੁੱਖ ਆਪਣੇ ਸਿਰਾਂ ਮੂੰਹਾਂ ਤੇ ਵਰਤ ਲੈਂਦਾ ਹੈ।

ਪੱਗੜੀ :- ਇਹ ਹਿੰਦੀ ਦਾ ਸ਼ਬਦ ਹੈ। ਅਰਥ ਹਨ ਸਾਫ਼ਾ, ਸਿਰ ਤੇ ਬੰਨ੍ਹਣ ਦਾ ਕਪੜਾ। ਪੰਜਾਬੀ ਵਿਚ ਇਸ ਨੂੰ ਪੱਗ ਵੀ ਕਹਿੰਦੇ ਹਨ। ਪੱਗ ਹਰ ਪੱਖੋਂ ਇਜ਼ਤ ਮਾਣ ਦਾ ਪ੍ਰਤੀਕ ਹੈ ਜਿਵੇਂ :-

ਪੱਗ ਲਾਹੁਣੀ, ਪੱਗ ਉਤਾਰਨੀ, ਪੱਗ ਰੋਲਣੀ, ਪੱਗ ਉਛਾਲਣੀ, ਪੱਗ ਬੰਨ੍ਹਣੀ, ਪੱਗ ਵਟਾਉਣੀ, ਪੱਗ ਨੂੰ ਦਾਗ਼ ਲਵਾਣਾ, ਪੱਗ ਰੋਲਣੀ, ਪੱਗ ਪੈਰਾਂ ਤੇ ਰੱਖਣੀ, ਆਦਿ।

Sri Satguru Jagjit Singh Ji Elibrary NamdhariElibrary@gmail.com

ਟੌਹਰਾ :- ਇਹ ਸ਼ਬਦ ਫ਼ਾਰਸੀ ਦੇ ਤੁਰ੍ਹਾ ਤੋਂ ਬਣਿਆ ਹੈ। ਇਹ ਆਪਣੀ ਸ਼ਾਨ ਅਤੇ ਆਪ ਨੂੰ ਲੋਕਾਂ ਦੇ ਨਾਲੋਂ ਵੱਖਰੇਵਾਂ ਪਰਗਟ ਕਰਨ ਲਈ ਦਸਤਾਰ ਦੇ ਸਿਰੇ ਤੇ, ਉੱਪਰ ਨੂੰ ਲੜ ਕੱਢ ਕੇ, ਰੱਖਿਆ ਜਾਂਦਾ ਸੀ। ਅੱਜ ਇਹ ਤੁਰ੍ਹਾ ਜਾਂ ਟੌਹਰਾ ਤਾਂ ਨਹੀਂ ਰਿਹਾ ਪਰ ਜੇ ਕੋਈ ਸੱਜ ਧੱਜ ਕੇ ਨਿਕਲੇ ਤਾਂ ਕਹਿੰਦੇ ਹਨ ਕਿ ਟੌਹਰ ਨਾਲ ਨਿੱਕਲਿਆ ਹੈ ਜਾਂ ਟੌਹਰ ਕੱਢੀ ਫਿਰਦਾ ਹੈ।

Sri Satguru Jagjit Singh Ji Elibrary NamdhariElibrary@gmail.com

ਚੌਗਿਰਦੇ ਅਤੇ ਨਿਤਾਪ੍ਰਤੀ ਜੀਵਨ ਤੋਂ ਸ਼ਬਦ

ਪੰਜਾਬੀ ਭਾਸ਼ਾ ਨੇ ਆਪਣੇ ਨਿਤਾਪ੍ਰਤੀ ਜੀਵਨ ਵਿਚੋਂ ਅਤੇ ਆਪਣੇ ਚੌਗਿਰਦੇ ਵਿਚੋਂ ਆਪਣੀ ਵਰਤੋਂ ਲਈ ਭਾਵ-ਪੂਰਵਕ ਸ਼ਬਦ ਟਕਸਾਲੇ ਹਨ, ਜਿਵੇ :-

1. **ਮਿੱਟੀ ਪਾਉਣੀ** :- ਦੇ ਅਰਥ ਹਨ, ਕੋਈ ਚੀਜ਼ ਧਰਤੀ ਵਿਚ ਦੱਬ ਦੇਣੀ। ਕੋਈ ਕੋਹਜੀ ਜਾਂ ਗੰਦੀ ਸ਼ੈਅ ਮਿੱਟੀ ਹੇਠ ਦਬਾ ਕੇ ਅੱਖੋਂ ਪਰੇ ਕਰ ਦੇਣੀ। ਇਸ ਤੋਂ ਜਦੋਂ ਕਿਸੇ ਗੱਲ ਨੂੰ ਆਈ ਗਈ ਕਰਨਾ ਹੋਵੇ ਜਾਂ ਕਰ ਦਿੱਤੀ ਹੋਵੇ ਤਾਂ ਕਹਿੰਦੇ ਹਨ ਕਿ ਮਿੱਟੀ ਪਾਓ ਜੀ ਇਸ ਤੇ, ਛੱਡੋ ਪਰੇ। ਇਸ ਦਾ ਵਿਰੋਧ ਹੈ ਮਿੱਟੀ ਪੁੱਟਣੀ। ਅਰਥਾਤ ਬਦਨਾਮੀ ਨਸ਼ਰ ਕਰਨੀ।

2. **ਕਾਂਗਿਆਰੀ** :- ਕਿਸਾਨ ਆਪਣੀ ਕਣਕ ਦੇ ਖੇਤਾਂ ਨੂੰ ਮਿਹਨਤ ਨਾਲ ਸੁਆਰਦਾ ਹੈ। ਬੀਜ ਨੂੰ ਛੱਟਦਾ ਹੈ, ਛਾਣਦਾ ਹੈ ਅਤੇ ਖਰਾ ਕਰ ਕੇ ਬੀਜਦਾ ਹੈ। ਫੇਰ ਵੀ ਖੇਤ ਵਿਚ ਇੱਕ ਕਾਲੀ ਬੱਲੀ ਵਾਲੀ ਕਣਕ ਉੱਗ ਪੈਂਦੀ ਹੈ। ਹੁਣ ਤਾਂ ਕਿਸਾਨ ਨੂੰ ਪਤਾ ਵੀ ਹੈ ਕਿ ਇਹ ਇਕ ਰੋਗ ਹੈ, ਜਿਸ ਤੇ ਕਾਬੂ ਪਾਇਆ ਜਾ ਸਕਦਾ ਹੈ। ਉਹ ਪਹਿਲੇ ਸਮਿਆਂ ਵਿਚ ਕੇਵਲ ਹੈਰਾਨ ਹੀ ਹੁੰਦਾ ਸੀ ਕਿ ਸਭ ਕੁਝ ਠੀਕ ਢੰਗ ਨਾਲ ਕਰਨ ਤੇ ਵੀ ਇਹ ਕਾਂਗਿਆਰੀ ਮੱਲੋ ਮੱਲੀ ਕਿਵੇਂ ਉਗ ਪੈਂਦੀ ਹੈ। ਜਦੋਂ ਕਿ ਬੀਜ ਉਹੋ ਹੁੰਦਾ ਹੈ।

ਇਸ ਤੋਂ ਜਦੋਂ ਕੋਈ ਪੁਤ੍ਰ-ਧੀ ਮਾਪਿਆਂ ਦੇ ਕਹਿਣ ਵਿਚ ਨਾ ਰਹੇ ਅਤੇ ਉਹਨਾਂ ਦੇ ਲਈ ਬਦਨਾਮੀ ਸਹੇੜੇ ਤਾਂ ਮਾਪੇ ਮੱਥੇ ਤੇ ਹੱਥ ਮਾਰ ਕੇ ਕਹਿੰਦੇ ਹਨ ਕਿ ਸਾਡੇ ਤਾਂ ਇਹ ਕਾਂਗਿਆਰੀ ਜੰਮ ਪਈ, ਕੀ ਕਰੀਏ?

3. ਤਾਸ਼ ਦੇ ਖਿਡਾਰੀ ਨੂੰ ਪੱਤੇਬਾਜ਼ ਕਹਿੰਦੇ ਹਨ। ਤਾਸ਼ ਦੀ ਖੇਡ ਵਿਚ

Sri Satguru Jagjit Singh Ji Elibrary NamdhariElibrary@gmail.com

ਬਹੁਤ ਚੌਕਸੀ, ਹੁਸ਼ਿਆਰੀ ਅਤੇ ਚਲਾਕੀ ਦੀ ਲੋੜ ਹੁੰਦੀ ਹੈ।

ਇਸ ਤੋਂ, ਬਹੁਤ ਚਲਾਕ ਬੰਦੇ ਨੂੰ **ਪੱਤੇਬਾਜ਼** ਕਹਿੰਦੇ ਹਨ। ਚਲਾਕੀ ਕਰਨ ਤੇ ਕਹਿੰਦੇ ਹਨ ਕਿ ਪੱਤੇਬਾਜ਼ੀ ਕਰ ਗਿਆ ਹੈ। ਜੇ ਕਰ ਕਿਸੇ ਦੇ ਨਾਲ ਹੇਰਾਫੇਰੀ ਹੋ ਜਾਵੇ ਤਾਂ ਕਹਿੰਦੇ ਹਨ ਕਿ **ਪਤੇਬਾਜ਼ੀ** ਹੋ ਗਈ ਹੈ।

4. **ਡੁੱਕਣਾ** :- ਡੁੱਕਣ ਮੀਟੀ ਕੁੜੀਆਂ ਦੀ ਖੇਡ ਹੈ। ਇਸ ਵਿਚ ਕੁੜੀਆਂ ਰੋੜੀਆਂ ਜਾਂ ਨਿੱਕਆਂ ਨਿੱਕੀਆਂ ਠੀਕਰੀਆਂ ਦੇ ਨਾਲ ਖੇਡਦੀਆਂ ਹਨ। ਖੇਡ ਵਿਚ ਇਕ ਇਕ ਰੋੜੀ ਇੰਝ ਸਫ਼ਾਈ ਨਾਲ ਥੱਲਿਓਂ ਡੁੱਕੀ ਜਾਂਦੀ ਹੈ ਕਿ ਹੋਰ ਕੋਈ ਰੋੜੀ ਨਹੀਂ ਹਿਲਦੀ।

ਇਸ ਤੋਂ, ਜੇ ਕਰ ਕੋਈ ਕਿਸੇ ਚੀਜ਼ ਵਸਤ ਨੂੰ ਇਸ ਸਫ਼ਾਈ ਦੇ ਨਾਲ ਹਥਿਆ ਲਵੇ ਕਿ ਪਤਾ ਹੀ ਨਾ ਲਗਣ ਦੇਵੇ ਹਥਿਆਉਣ ਲੱਗਿਆਂ, ਤਾਂ ਕਹਿੰਦੇ ਹਨ ਲੈ ਗਿਆ **ਡੁੱਕ ਕੇ**।

5. ਘੁਮਾਰ ਦਾ ਆਵਾ ਜੇ ਕਰ ਖ਼ਰਾਬ ਹੋ ਜਾਵੇ ਤਾਂ ਸਾਰੇ ਦਾ ਸਾਰਾ ਹੀ ਖ਼ਰਾਬ ਹੋ ਜਾਂਦਾ ਹੈ।

ਇਸ ਤੋਂ, ਜੇ ਕਰ ਕਿਸੇ ਦੀ ਸਾਰੀ ਔਲਾਦ ਹੀ ਵਿਗੜ ਜਾਵੇ ਤਾਂ ਕਹਿੰਦੇ ਹਨ ਕਿ ਇਹ ਤਾਂ **ਆਵਾ ਹੀ ਵਿਗੜਿਆ ਹੋਇਆ ਹੈ**, ਜਾਂ **ਆਵਾ ਹੀ ਊਤ ਹੈ**।

6. ਇਹ ਮਸ਼ੀਨਰੀ ਦਾ ਯੁੱਗ ਹੈ। ਮਸ਼ੀਨ ਅਧਿਕ ਕਰ ਕੇ ਚਾਬੀ ਦੇ ਨਾਲ ਚੱਲਦੀ ਹੈ। ਆਮ ਵਰਤੋਂ ਦੀਆਂ ਮਸ਼ੀਨਾਂ ਤਾਂ, ਘੱਟੋ ਘੱਟ, ਚਾਬੀ ਦੇ ਨਾਲ ਹੀ ਚਲਦੀਆਂ ਹਨ। ਜਿਵੇਂ :- ਘੜੀ, ਗਰਾਮੋਫ਼ੂਨ ਆਦਿ।

ਇਸ ਤੋਂ, ਜੇ ਕਿਸੇ ਨੂੰ ਕੋਈ ਸਿਖਾ ਕੇ ਵਿਗਾੜ ਦੇਵੇ ਅਤੇ ਉਹ ਚੰਗਾ ਭਲਾ ਵਿਗੜ ਕੇ ਬੈਠ ਜਾਵੇ ਤਾਂ ਕਹਿੰਦੇ ਹਨ ਕਿ ਫਲਾਣੇ ਨੇ **ਚਾਬੀ ਦਿੱਤੀ ਹੈ** ਇਸਨੂੰ, ਨਹੀਂ ਤਾਂ ਇਹ ਚੰਗਾ ਭਲਾ ਬੰਦਾ ਸੀ।

7. ਅੱਜਕਲ੍ਹ ਬਜ਼ਾਰ ਵਿਚ ਦੁਕਾਨਦਾਰ ਸੌਦਾ-ਪੱਤਾ ਲਫ਼ਾਫ਼ਿਆਂ ਵਿੱਚ ਪਾ ਕੇ ਦੇਂਦੇ ਹਨ। ਲਫ਼ਾਫ਼ੇ ਵਿਚ ਭਾਵੇਂ ਲੂਣ ਵਸਾਰ ਹੋਵੇ ਭਾਵੇਂ ਦੋ ਪੈਸਿਆਂ ਦੇ ਛੋਲੇ। ਪਰ ਲਫ਼ਾਫ਼ਾ ਉਹਨਾਂ ਤੇ ਪਰਦਾ ਪਾ ਲੈਂਦਾ ਹੈ।

ਇਸ ਤੋਂ ਜੇ ਕਰ ਕੋਈ ਖ਼ਾਲੀ ਵਿਖਾਵਾ ਕਰੇ ਅਤੇ ਉੱਝ ਵਿਚ ਕੁਝ ਵੀ ਨਾ ਹੋਵੇ ਤਾਂ ਕਹਿੰਦੇ ਹਨ ਇਹ ਤਾਂ **ਲਫ਼ਾਫ਼ੇ ਬਾਜ਼ੀਆਂ ਕਰਦਾ ਹੈ**।

8. ਵੇਲਣੇ ਤੇ, ਰਸ ਕਾੜ੍ਹ ਕੇ, ਗੁੜ ਪਕਾਣ ਦੇ ਲਈ ਵਹਿਣੀ ਤੇ ਝੱਕਾ

ਲਾਉਣ ਵਾਲੇ ਨੂੰ ਝੋਕਾ ਹੀ ਕਹਿੰਦੇ ਹਨ। ਝੋਕੇ ਦਾ ਕੰਮ ਵੇਲਣੇ ਤੇ ਇਕ ਨਿੱਕਾ ਜਿਹਾ ਅਤੇ ਹੀਣਾ ਮੰਨਿਆ ਗਿਆ ਹੈ। ਇਹ ਕੋਈ ਕੰਮੀ ਹੀ ਕਰਦਾ ਹੈ।

ਇਸ ਤੋਂ ਜੇ ਕਿਸੇ ਦੀ ਕਿਸੇ ਥਾਂ ਵਿਚ ਪੁੱਛ ਪਰਤੀਤ ਨਾ ਹੋਵੇ ਤਾਂ ਕਹਿੰਦੇ ਹਨ ਕਿ ਇਸ ਨੂੰ ਕੌਣ ਪੁੱਛਦਾ ਹੈ ਝੋਕੇ ਨੂੰ ਉਥੇ।

9. ਇਹੋ ਅਰਥ ਢੱਕਣ, ਦੇ ਹਨ। ਢੱਕਣ ਵੀ ਪਤੀਲੇ ਤੇ ਇਕ ਨਾਂ-ਮਾਤਰ ਕੰਮ ਹੀ ਕਰਦਾ ਹੈ। ਝੋਕੇ ਦੀ ਥਾਂ ਤੇ ਕਹਿਣ ਨੂੰ ਢੱਕਣ ਵੀ ਕਹਿ ਦੇਂਦੇ ਹਨ। ਜਿਵੇਂ ਕੁੜੀਆਂ ਕੱਤਰੀਆਂ ਦੇ ਲੋਕ ਗੀਤਾਂ ਵਿਚ ਜੇਕਰ ਕੋਈ ਜੰਞ ਦੀ ਬੱਧੀ ਰੋਟੀ ਕਿਸੇ ਖਰੜ ਕਵੀਸ਼ਰ ਵਲੋਂ ਸੁਆਰ ਕੇ ਨਾ ਛੁਡਾ ਹੋਵੇ ਅਤੇ ਜੰਞ ਬਿਨਾਂ ਰੋਟੀ ਖੋਲ੍ਹਿਆਂ ਹੀ ਖਾਣ ਲੱਗ ਜਾਵੇ ਤਾਂ ਕੁੜੀਆਂ ਗਾਉਂਦੀਆਂ ਹਨ:-

ਵੇ ਤੈਨੂੰ ਜੰਞ ਛਡੌਣੀ ਨਾ ਆਈ ਪਤੀਲੇ ਦਿਆ ਵੇ ਢੱਕਣਾ,
ਤੈਨੂੰ ਭੈਣ ਦੇਣੀ ਨਾ ਆਈ ਕੁੜਮਾਂ ਦਿਆਂ ਵੇ ਢੱਕਣਾ।

10. ਮੋਮਬੱਤੀ ਬਹੁਤ ਨਰਮ ਸ਼ੈਅ ਹੈ। ਇਸ ਨੂੰ ਜਿਸ ਪਾਸਿਉਂ ਵੀ ਜ਼ਰਾ ਕੁ ਸੇਕ ਮਿਲੇ ਉਧਰ ਨੂੰ ਝੁਕ ਜਾਂਦੀ ਹੈ। ਝੁਕਾਉਣ ਦੀ ਵੀ ਲੋੜ ਨਹੀਂ ਪੈਂਦੀ।

ਇਸ ਤੋਂ, ਉਹ ਲੋਕ ਜਿਹੜੇ ਸਕਤੇ ਨਾਲ ਆਪੇ ਆ ਜੁੜਦੇ ਹਨ। ਉਨ੍ਹਾਂ ਝੋਲੀ ਚੁੱਕਾਂ ਨੂੰ ਮੋਮਬੱਤੀਆਂ ਕਿਹਾ ਜਾਂਦਾ ਹੈ, ਕਿ ਜੀ ਉਹ ਤਾਂ ਮੋਮ ਬੱਤੀਆਂ ਹਨ। ਉਹਨਾਂ ਨੂੰ ਕਹਿਣ ਜਾਂ ਸਮਝਾਣ ਦੀ ਕੀ ਲੋੜ ਹੈ। ਆਪਣੀ ਤਾਕਤ ਨੂੰ ਵੇਖ ਕੇ ਆਪੇ ਨਾਲ ਆ ਮਿਲਣਾ ਹੈ।

11. ਸ਼ਤਰੰਜ ਵਿਚ ਵਾਰੀ ਵਾਰੀ ਮੋਹਰੇ ਚਲਣੇ ਪੈਂਦੇ ਹਨ। ਇਸ ਕਰਮ ਨੂੰ ਚਾਲ ਚੱਲਣਾ ਕਹਿੰਦੇ ਹਨ। ਹਰ ਚਾਲ ਬੜੀ ਹੁਸ਼ਿਆਰੀ ਦੇ ਨਾਲ ਚੱਲਣੀ ਪੈਂਦੀ ਹੈ। ਤਾਂ ਜੋ ਵਿਰੋਧੀ ਖਿਡਾਰੀ ਚਕ੍ਰਿੱਤ ਹੋ ਜਾਵੇ।

ਇਸ ਤੋਂ, ਹੁਣ ਕਿਸੇ ਦੇ ਨਾਲ ਹੇਰਾਫੇਰੀ ਜਾਂ ਚਲਾਕੀ ਕਰ ਜਾਣ ਤੇ ਕਹਿੰਦੇ ਹਨ ਕਿ ਉਹ ਚਾਲ ਕਰਦਾ ਹੈ। ਜਾਂ ਚਲਾਕੀ ਕਰਦਾ ਹੈ। ਇਸੇ ਚਾਲ ਸ਼ਬਦ ਤੋਂ ਚਲਾਕ ਜਾਂ ਚਲਾਕੀ ਸ਼ਬਦ ਬਣੇ ਹਨ।

12. ਸੂਤਰ ਨੂੰ ਤ੍ਰੀਮਤਾ ਗਲੋਟਿਆਂ ਵਿਚ ਕੱਤਦੀਆਂ ਹਨ। ਗਲੋਟੇ ਨੂੰ ਜਦੋਂ ਅਟੇਰਿਆ ਜਾਂਦਾ ਹੈ ਤਾਂ ਉਹ ਮੁੱਕਣ ਵਿਚ ਹੀ ਨਹੀਂ ਆਉਂਦਾ।

ਇਸ ਤੋਂ, ਜੇ ਕਰ ਕੋਈ ਗੱਲ ਵਿੱਚੋਂ ਗੱਲ ਕੱਢੀਂ ਜਾਵੇ ਅਤੇ ਮੁਕੱਣ ਹੀ ਨਾ ਦੇਵੇ ਤਾਂ ਉਸ ਨੂੰ ਗੱਲਾਂ ਦਾ ਗਲੋਟਾ ਕਿਹਾ ਜਾਂਦਾ ਹੈ।

13. ਬਹਾਰ ਦੀ ਰੁੱਤੇ ਹੋਲੀ ਦਾ ਤਿਉਹਾਰ ਇੱਕ ਦੂਜੇ ਤੇ ਰੰਗ ਗੁਲਾਲ

Sri Satguru Jagjit Singh Ji Elibrary NamdhariElibrary@gmail.com

ਸੁੱਟ ਕੇ ਖ਼ੁਸ਼ੀਆਂ ਵਿਚ ਮਨਾਇਆ ਜਾਂਦਾ ਹੈ।

ਇਸ ਤੋਂ, ਜੇਕਰ ਕੋਈ ਐਸ਼ ਅਤੇ ਖ਼ੁਸ਼ੀ ਮਨਾ ਰਿਹਾ ਹੋਵੇ ਤਾਂ ਕਹਿੰਦੇ ਹਨ ਕਿ ਰੰਗ ਰਲੀਆਂ ਹੋ ਰਹੀਆਂ ਹਨ, ਕੀ ਪਰਵਾਹ ਹੈ।

14. ਜੇਕਰ ਕਿਸੇ ਦੇ ਕੱਪੜਿਆਂ ਨੂੰ ਅੱਗ ਲੱਗ ਜਾਵੇ ਤਾਂ ਉਹ ਘਬਰਾ ਕੇ ਏਧਰ ਓਧਰ ਭਜਿਆ ਨੱਸਿਆ ਫਿਰਦਾ ਹੈ।

ਇਸ ਤੋਂ, ਜੇ ਕਰ ਕੋਈ ਭੱਜ ਨੱਸ ਕਰਦਾ ਏਧਰ ਓਧਰ ਫਿਰਦਾ ਹੋਵੇ ਜਾਂ ਕਿਸੇ ਕੰਮ ਦੇ ਲਈ ਲੋੜ ਤੋਂ ਵੱਧ ਕਾਹਲੀ ਦਿਖਾ ਰਿਹਾ ਹੋਵੇ ਤਾਂ ਕਹਿੰਦੇ ਹਨ ਕਿ ਅੱਗ ਲੱਗੀ ਵਾਂਗ ਭੱਜਿਆ ਫਿਰਦਾ ਹੈ।

15. ਪੋਰ ਕਿਸਾਨ ਦਾ ਇਕ ਸੰਦ ਹੈ ਜਿਸਨੂੰ ਹਲ ਦੇ ਮੁੰਨੇ ਦੇ ਨਾਲ ਬੰਨ੍ਹ ਕੇ ਬੀਜ ਬੀਜਿਆ ਜਾਂਦਾ ਹੈ। ਉਪਰੋਂ ਪਾਇਆ ਬੀਜ ਪੋਰ ਵਿਚ ਦੀ ਲੰਘ ਕੇ ਸਿਆੜਾਂ ਵਿਚ ਡਿੱਗਦਾ ਰਹਿੰਦਾ ਹੈ। ਪੋਰ ਖ਼ਾਲੀ ਦਾ ਖ਼ਾਲੀ ਰਹਿੰਦਾ ਹੈ।

ਇਸ ਤੋਂ, ਕਿਸੇ ਵਿਅਕਤੀ ਨੂੰ ਬਹੁਤ ਸਮਝਾਇਆਂ ਵੀ ਜੇ ਕਰ ਉਹ ਉੱਲੂ ਦਾ ਉੱਲੂ ਹੀ ਰਹੇ ਤਾਂ ਉਸਨੂੰ ਕਹਿੰਦੇ ਹਨ ਕਿ ਇਹ ਤਾਂ ਪੋਰ ਹੈ। ਇਸ ਕੰਨੋਂ ਸੁਣੀਂ ਜਾਂਦਾ ਹੈ ਅਤੇ ਦੂਜੇ ਕੰਨੋਂ ਕੱਢੀਂ ਜਾਂਦਾ ਹੈ।

16. ਸੁਨਿਆਰੇ ਆਮ ਕਰ ਕੇ ਜ਼ਿਆਦਾ ਕੰਮ ਨੂੰ ਹੱਥ ਪਾ ਲੈਂਦੇ ਹਨ। ਫੇਰ ਆਪਣੇ ਗਾਹਕਾਂ ਨੂੰ ਜ਼ੇਵਰ ਬਣਿਆ ਲੈਣ ਆਉਣ ਤੇ, ਟਾਲਣ ਲਈ, ਕਹਿ ਦੇਂਦੇ ਹਨ ਕਿ ਬੱਸ ਜੀ ਟੂਮ ਤਾਂ ਤਿਆਰ ਹੈ ਕੇਵਲ ਖੱਟੇ ਵਿਚ ਪਈ ਹੈ। (ਜ਼ੇਵਰ ਖੱਟੇ ਵਿਚ ਚਮਕ ਦਮਕ ਲਿਆਣ ਦੇ ਲਈ ਉਦੋਂ ਪਾਇਆ ਕਰਦੇ ਸਨ ਜਦੋਂ ਅਜੇ ਸੁਹਾਗੇ ਦੀ ਵਰਤੋਂ ਨਹੀਂ ਸੀ ਹੋਇਆ ਕਰਦੀ) ਇੰਝ ਇਹ ਜ਼ੇਵਰ ਹਫ਼ਤਾ ਹਫ਼ਤਾ ਖੱਟੇ ਵਿਚ ਪਏ ਹੀ ਦੱਸੇ ਜਾਂਦੇ ਸਨ। ਜਦੋਂ ਕਿ ਅਸਲ ਵਿਚ ਅਜੇ ਬਣੇ ਹੀ ਨਹੀਂ ਹੋਇਆ ਕਰਦੇ ਸਨ।

ਇਸ ਤੋਂ, ਜੇ ਕੋਈ ਕਿਸੇ ਕੰਮ ਦੇ ਕਰਨ ਨੂੰ ਲਾਰਾ ਤਾਂ ਲਾ ਛੱਡੇ ਪਰ ਉੱਝ ਕਰੇ ਹੈ ਨਾ ਤੇ ਕਹੀਂ ਜਾਵੇ ਕਿ ਬਸ ਜੀ ਤੁਸੀਂ ਕੀਤਾ ਲਵੋ। ਇਹ ਮੇਰੇ ਜ਼ਿਮੇਂ ਰਿਹਾ, ਆਦਿ। ਤਾਂ ਕਹਿੰਦੇ ਹਨ ਕਿ ਬੱਸ ਜੀ ਹੁਣ ਕੀ ਹੋਣਾ ਹਵਾਣਾ ਹੈ ਇਹ ਤਾਂ ਖੱਟੇ ਪੈ ਗਿਆ ਹੈ।

17. ਰੁੱਖ ਜੋ ਨਦੀ ਦੇ ਕੰਢੇ ਤੇ ਖੜਾ ਹੋਵੇ ਉਸਦਾ ਕੀ ਭਵਿਸ਼ ? ਜ਼ੋਰ ਦੇ ਹੜ੍ਹ ਨਾਲ ਅੱਜ ਵੀ ਡਿੱਗਾ ਕਿ ਕਲ੍ਹ ਵੀ ਡਿੱਗਾ। ਇਸ ਤੋਂ, ਬਿਰਧ ਅਵਸਥਾ ਵਿੱਚ ਕਹਿੰਦੇ ਹਨ ਕਿ ਅਸੀਂ ਤਾਂ ਹੁਣ ਨਦੀ ਕਿਨਾਰੇ ਰੁੱਖੜਾ ਹਾਂ। ਸਾਡਾ ਕੀ ਹੈ ਸਾਹ ਆਇਆ ਕਿ ਨਾ ਆਇਆ।

Sri Satguru Jagjit Singh Ji Elibrary NamdhariElibrary@gmail.com

18. ਕਿਸਾਨ ਖੇਤ ਵਿਚ ਕੰਮ ਕਰ ਕੇ ਆਪਣਾ ਰੰਬਾ, ਦਾਤਰੀ ਫੇਰ ਚੁੱਕਣ ਦੀ ਸੌਖ ਦੇ ਲਈ ਕਿਆਰੇ ਦੀ ਵੱਟ ਤੇ ਰੱਖ ਕੇ ਘਰ ਜਾਂਦਾ ਹੈ ਅਤੇ ਅਗਲੀ ਭਲਕ ਉਥੋਂ ਹੀ ਜਾ ਚੁੱਕਦਾ ਹੈ। ਜੇ ਕਰ ਕਿਆਰੇ ਵਿੱਚ ਹੀ, ਫਸਲ ਵਿਚ, ਛੱਡ ਦੇਵੇ ਤਾਂ ਫੇਰ ਅਗਲੇ ਦਿਨ ਭਾਲਣ ਦੀ ਲੋੜ ਪੈ ਸਕਦੀ ਹੈ।

ਇਸ ਤੋਂ, ਜੇ ਕਰ ਕੋਈ ਚੀਜ਼ ਇਸੇ ਸੁਖੈਣਤਾਂ ਦੇ ਨਾਲ ਪਰਾਪਤ ਹੋ ਜਾਣ ਵਾਲੀ ਹੋਵੇ ਤਾਂ ਕਹਿੰਦੇ ਹਨ ਕਿ ਬੱਸ **ਵੱਟ ਤੇ ਪਈ ਹੈ।** ਜਿਵੇਂ ਕਿ ਕੋਈ ਆਪਣੀ ਮੱਝ ਨੂੰ ਮੰਡੀ ਵਿਚ ਵੇਚਣ ਲਈ ਲੈ ਜਾ ਰਿਹਾ ਹੋਵੇ ਤਾਂ ਕਹਿੰਦਾ ਹੈ ਲਓ ਜੀ ਹਜ਼ਾਰ ਦੀ ਵੇਚਾਂਗਾ, ਨਹੀਂ ਤਾਂ ਅੱਠ ਸੌ ਤਾਂ **ਵੱਟ ਤੇ ਪਏ ਹਨ।**

19. ਰੇਲ ਗੱਡੀ ਜਦੋਂ ਤੱਕ ਲੀਹ ਅਰਥਾਤ ਪਟੜੀ ਤੇ ਹੁੰਦੀ ਹੈ ਤਦੋਂ ਤੀਕ ਚਲਦੀ ਰਹਿੰਦੀ ਹੈ। ਜਦੋਂ ਲੀਹ ਤੋਂ ਉੱਤਰ ਜਾਵੇ ਤਾਂ ਦੁਰਘਟਨਾਂ ਵਾਪਰ ਜਾਂਦੀ ਹੈ।

ਇਸ ਤੋਂ, ਜੇ ਕਰ ਕੋਈ ਕਾਰੋਬਾਰ ਭਲੀ ਪਰਕਾਰ ਚਲ ਰਿਹਾ ਹੋਵੇ ਤਾਂ ਪੁਛਣ ਤੇ ਕਹਿੰਦੇ ਹਨ ਕਿ ਬੱਸ ਜੀ **ਗੱਡੀ ਲੀਹ ਤੇ ਹੈ।**

20. ਕਹਿੰਦੇ ਹਨ ਕਿ ਸੌ ਵਾਹ ਇਕ ਸੁਹਾਗਾ ਅਰਥਾਤ ਵਾਰ ਵਾਰ ਵਾਹੀ ਹੋਈ ਜ਼ਮੀਨ ਨੂੰ ਇਕੋ ਵਾਰ ਸੁਹਾਗਾ ਮਾਰ ਕੇ ਫੇਰ ਪੱਧਰ ਕਰ ਲਿਆ ਜਾਂਦਾ ਹੈ।

ਇਸ ਤੋਂ, ਜੇ ਕਰ ਕਿਸੇ ਮਿਹਨਤ ਨਾਲ ਕੀਤੇ ਕਰਾਏ ਕੰਮ ਨੂੰ ਮਾਣਤਾ ਹੀ ਨਾ ਦਿੱਤੀ ਜਾਵੇ, ਮੰਨਿਆ ਹੀ ਨਾ ਜਾਵੇ ਅਤੇ ਮੁੜ ਪਹਿਲਾਂ ਵਾਂਗ ਹੀ ਕਰ ਦਿੱਤਾ ਜਾਵੇ ਤਾਂ ਓਦੋਂ ਕਹਿੰਦੇ ਹਨ ਕਿ **ਕੀਤੇ ਕਰਾਏ ਤੇ ਸੁਹਾਗਾ ਫੇਰ ਦਿੱਤਾ।**

21. ਤੀਰ ਜੇ ਡਿੰਗਾ ਹੋਵੇ ਤਾਂ ਕਿਸ ਕੰਮ ਦਾ। ਉਸਦਾ ਡਿੰਗ ਕੱਢਣਾ ਹੀ ਪੈਂਦਾ ਹੈ। ਇਸ ਤੋਂ, ਜੇ ਕਰ ਕਿਸੇ ਨੂੰ ਸਮਝਾ ਕੇ ਜਾਂ ਡਰਾ ਕੇ ਰਾਹੀਂ ਕਰ ਲਿਆ ਜਾਵੇ ਤਾਂ ਕਹਿੰਦੇ ਹਨ ਕਿ **ਤੀਰ ਕੀਤਾ ਹੋਇਆ ਹੈ,** ਹੁਣ ਕੀ ਹੈ।

22. ਕਮਾਣੋ ਛੁਟਿਆ ਤੀਰ ਬਹੁਤ ਤੇਜ਼ੀ ਨਾਲ ਕਿਸੇ ਅਣਜਾਣੀ ਥਾਂ ਵਲ ਚਲਿਆ ਜਾਂਦਾ ਹੈ।

ਇਸ ਤੋਂ, ਜੇ ਕਰ ਕੋਈ ਬੇ-ਪਤਾ ਥਾਂ ਨੂੰ ਨੱਸ ਜਾਵੇ ਤਾਂ ਕਹਿੰਦੇ ਹਨ ਕਿ ਉਹ ਤਾਂ **ਬਸ ਤੀਰ ਹੋ ਗਿਆ ਹੈ ਇਥੋਂ।**

23. ਮਦਾਰੀ ਆਪਣੇ ਤਮਾਸ਼ੇ ਵਿਚ ਲੋਕਾਂ ਨੂੰ ਹਾਸੇ ਵਿਚ ਪਾਉਣ ਦੇ ਲਈ ਵਾਰ ਵਾਰ ਇੱਕ ਅਰਲੀ ਜਿਹੀ, ਜਿਸਨੂੰ ਉਹ ਆਪ ਭੁਰਲੂ ਕਹਿੰਦੇ ਹਨ,

Sri Satguru Jagjit Singh Ji Elibrary NamdhariElibrary@gmail.com

ਆਪਣੇ ਜਮੂਰੇ ਦੇ ਸਿਰ ਦੁਆਲੇ ਫੇਰਦੇ ਹਨ ਅਤੇ ਹਰ ਤਮਾਸ਼ੇ ਸਮੇਂ ਕਹਿੰਦਾ ਹੈ ਕਿ ਪਹਿਲਾਂ ਝੁਰਲੂ ਫੇਰ ਲੈਣ ਦੇਵੇ ਤੇ ਫੇਰ ਜਾਦੂ ਹੋਵੇਗਾ।

ਇਸ ਤੋਂ, ਜਦੋਂ ਕੋਈ ਕਿਸੇ ਨੂੰ ਪੱਕੀ ਤਰ੍ਹਾਂ ਆਪਣਾ ਪਿੱਛ ਲੱਗੂ ਬਣਾ ਲਵੇ ਤਾਂ ਉਹ ਹੋਰਾਂ ਨੂੰ ਗਿੱਥ ਗਿੱਥ ਕੇ ਦਸਦਾ ਹੈ ਕਿ ਮੇਰਾ ਹੀ ਝੁਰਲੂ ਫੇਰਿਆ ਹੋਇਆ ਹੈ ਉਸਤੇ।

24. ਕੁਸ਼ਤੀ ਨੂੰ ਪੰਜਾਬੀ ਵਿਚ ਘੋਲ ਕਹਿੰਦੇ ਹਨ। ਕਦੇ ਫੌਜਾਂ ਦੇ ਜਰਨੈਲ ਆਪੋ ਵਿਚ ਘੁਲ ਕੇ ਆਪੋ ਵਿਚ ਜਿੱਤ ਹਾਰ ਦਾ ਨਿਤਾਰਾ ਕਰ ਲਿਆ ਕਰਦੇ ਸਨ। ਅਰਥਾਤ ਘੁਲਣਾ ਹੀ ਯੁਧ ਜਾਂ ਲੜਾਈ ਹੋਇਆ ਕਰਦਾ ਸੀ। ਅੱਜ ਜੇ ਕਰ ਕਿਸੇ ਕੰਮ ਲਈ ਬਹੁਤ ਜ਼ਿਆਦਾ ਸੰਘਰਸ਼ ਕੀਤਾ ਜਾਵੇ ਅਤੇ ਪਰਾਪਤੀਆਂ ਹੋਣ ਜਾਂ ਨਾਂ ਹੋਣ, ਤਾਂ ਕਹਿੰਦੇ ਹਨ ਕਿ ਘੋਲ ਤਾਂ ਬੜਾ ਕੀਤਾ ਹੈ ਇਸ ਕੰਮ ਦੇ ਲਈ, ਦੇਖੋ ਕੀ ਬਣਦਾ ਹੈ। ਅੱਜ ਸ੍ਰੇਣੀ-ਬੱਧ ਲੜਾਈ ਨੂੰ ਸ੍ਰੇਣੀ ਘੋਲ ਹੀ ਕਹਿੰਦੇ ਹਨ। ਮਜ਼ਦੂਰ ਸ਼ਰਮਾਇਆਦਾਰ ਵਿਰੁਧ ਆਪਣੀ ਸਿਧਾਂਤਕ ਲੜਾਈ ਨੂੰ ਵੀ ਘੋਲ ਕਰਨਾ ਕਹਿੰਦੇ ਹਨ।

25. ਪੋਈਏ ਪਾਉਣੇ :- ਜੁਲਾਹੇ ਬੁਣਕਰ ਜਦੋਂ ਸੂਤਰ ਨੂੰ, ਬੁਣਨ ਤੋਂ ਪਹਿਲਾਂ, ਸੰਵਾਰਦੇ ਹਨ ਤਾਂ ਸੂਤ ਨੂੰ ਨੜੀਆਂ ਤੇ ਚਾੜ੍ਹ ਕੇ ਤਾਣਾ ਤਿਆਰ ਕਰਦੇ ਹਨ। ਬੁਰਸ਼ ਦੇ ਨਾਲ ਮਾਂਜਦੇ ਹਨ। ਤਾਣਾ ਪਾਉਣ ਵੇਲੇ ਨੜੀਆਂ ਲੈ ਕੇ ਤੇਜ਼ੀ ਨਾਲ ਘੁੰਮਣ ਫਿਰਨ ਦੇ ਕਾਰਜ ਨੂੰ ਪੋਈਏ ਪਾਉਣਾ ਕਹਿੰਦੇ ਹਨ। ਇਹ ਕੰਮ ਜੁਲਾਹੇ ਕਮਾਲ ਦੀ ਤੇਜ਼ੀ ਅਤੇ ਫੁਰਤੀ ਦੇ ਨਾਲ ਕਰਦੇ ਹਨ। ਬੱਸ ਪੱਬ ਨਹੀਂ ਲਾਉਂਦੇ ਪੋਈਏ ਪਾਉਂਦੇ।

ਇਸ ਤੋਂ, ਜੇਕਰ ਕੋਈ ਕਿਸੇ ਕੰਮ ਦੇ ਕਰਨ ਲਈ ਏਧਰ ਓਧਰ ਭੱਜਿਆ ਫਿਰਦਾ ਪੱਬ ਨਾ ਲਾਉਂਦਾ ਹੋਵੇ ਤਾਂ ਕਹਿੰਦੇ ਹਨ ਕਿ ਪੋਈਏ ਪਾਉਂਦਾ ਫਿਰਦਾ ਹੈ।

26. ਈਸੀ ਭਾਰ ਹੋਣਾ :- ਹਰ ਏਕਮ ਜਾਂ ਦੂਜ ਨੂੰ ਜਦੋਂ ਚੰਨ ਨਜ਼ਰ ਪਵੇ ਤਾਂ ਤ੍ਰੀਮਤਾਂ ਅਤੇ ਹੋਰ ਪੁਰਾਣੇ ਵਿਚਾਰਾਂ ਵਾਲੇ ਲੋਕ ਚੰਨ ਨੂੰ ਵੇਖ ਕੇ ਉਸ ਮਹੀਨੇ ਦੇ ਲਈ ਦੁਨੀਆਂ ਦੀ ਕਿਸਮਤ ਦਾ ਪੂਰਬ ਅਨੁਮਾਨ ਲਗਾਂਦੇ ਹਨ। ਜੇ ਕਰ ਚੰਨ ਸਾਂਵਾਂ ਹੋਵੇ ਤਾਂ ਭਲੀ ਵਾਹਵਾ ਜੇ ਕਰ ਈਸੀ ਭਾਰ ਹੋਵੇ ਅਰਥਾਤ ਚੰਨ ਦੀ ਕੋਨ ਟੇਢੀ ਹੋਵੇ ਤਾਂ ਫੇਰ ਧਰਤੀ ਦੇ ਵਾਸੀਆਂ ਲਈ ਆਫ਼ਤਾਂ ਵਾਲਾ ਮਹੀਨਾ ਕਿਆਸਿਆ ਜਾਂਦਾ ਹੈ।

ਇਸ ਤੋਂ, ਜੇਕਰ ਕਿਸੇ ਨਾਲ ਘਰ ਵਿਚ ਕੋਈ ਨਾਰਾਜ ਹੋ ਗਿਆ ਹੋਵੇ ਤਾਂ

Sri Satguru Jagjit Singh Ji Elibrary NamdhariElibrary@gmail.com

ਕਹਿੰਦੇ ਹਨ ਕਿ **ਈਸੀ ਭਾਰ ਹੋਇਆ ਫਿਰਦਾ ਹੈ।**

27. ਨਮਾਣੀ ਟਪਾਉਣੀ :- ਨਮਾਣੀ ਹਾੜ੍ਹ ਮਹੀਨੇ ਦੀ ਇਕ ਇਕਾਦਸੀ ਨੂੰ ਕਹਿੰਦੇ ਹਨ। ਇਸ ਦਿਨ ਕਿਸਾਨ ਆਪਣੀਆਂ ਜ਼ਮੀਨਾਂ ਦੇ ਕਬਜ਼ੇ ਦੇਂਦੇ ਲੈਂਦੇ ਹਨ। ਸੀਰੀ ਸਾਂਝੀ ਹੱਟਦੇ ਅਤੇ ਲੱਗਦੇ ਹਨ। ਗਹਿਣੇ ਪਈਆਂ ਜ਼ਮੀਨਾਂ ਰੁਪਏ ਉਤਾਰ ਕੇ ਛੁਡਵਾਣ ਦੀ ਇਹ ਆਖਰੀ ਤਿਥ ਮੰਨੀ ਜਾਂਦੀ ਹੈ। ਇਹ ਟੱਪ ਜਾਵੇ ਤਾਂ ਫੇਰ ਸਾਲ ਭਾਰ ਇਹ ਸਭ ਕੁਝ ਨਹੀਂ ਹੋ ਸਕਦਾ। ਭਾਵ ਇਹ ਕਿ ਨਮਾਣੀ ਦੇ ਨੇੜੇ ਜਾ ਕੇ ਕਿਸਾਨ ਦੀ ਪੂਰੀ ਭੱਜ ਨੱਸ ਹੁੰਦੀ ਹੈ ਤਾਂ ਜੋ ਸਾਰੇ ਉਪਰੋਕਤ ਕਾਰਜ ਨਮਾਣੀ ਤੋਂ ਪਹਿਲਾਂ ਪਹਿਲਾਂ ਨੇਪਰੇ ਚੜ੍ਹ ਜਾਣ।

ਇਸ ਤੋਂ, ਜੇਕਰ ਕੋਈ ਘਰ ਵਿਚ ਕਿਸੇ ਕੰਮ ਦੇ ਲਈ ਸਾਰਿਆਂ ਦੀ ਹਾਬੜ ਦਾਬੜ ਪੁਵਾ ਦੇਵੇ ਤਾਂ ਕਹਿੰਦੇ ਹਨ ਕਿ ਉਸਨੇ ਸਾਰੇ ਘਰ ਦੀ ਨਮਾਣੀ ਟਪਾ ਦਿੱਤੀ।

28. ਮਜਾਵਰ ਸ਼ਬਦ ਮੁਸਲਮਾਨਾਂ ਦੇ ਨਾਲ ਆਇਆ ਸੀ। ਕਿਸੇ ਪੀਰ ਦੀ ਕਬਰ ਤੇ ਬੈਠਣ ਵਾਲਾ ਸੇਵਕ। ਪੰਜਾਬੀ ਨੇ ਇਸਨੂੰ **ਮਜੌਰ** ਕਰ ਲਿਆ ਹੈ । ਮਜੌਰ ਕਬਰ ਤੇ ਬੈਠਾ ਹਰ ਯਾਤਰੀ ਵੱਲ ਇਹ ਵੇਖਣ ਦੇ ਲਈ ਨੀਝ ਲਾਉਂਦਾ ਹੈ ਕਿ ਉਹ ਕੋਈ ਚੜ੍ਹਾਵਾ ਵੀ ਕਬਰ ਤੇ ਚੜ੍ਹਾਉਂਦਾ ਹੈ ਜਾਂ ਨਹੀਂ। ਕਿਉਂ ਜੋ ਇਹ ਚੜ੍ਹਾਵਾ ਹੀ ਉਸਦੀ ਉਪਜੀਵਕਾ ਹੁੰਦੀ ਹੈ।

ਇਸ ਤੋਂ, ਜੇ ਕਰ ਕੋਈ ਮੂਰਖਾਂ ਵਾਂਗ ਕਿਸੇ ਲਾਭ ਲਈ ਝਾਕਦਾ ਹੋਵੇ ਤਾਂ ਕਹਿੰਦੇ ਹਨ ਕਿ **ਝਾਕਦਾ ਹੈ ਮਜੌਰ ਵਾਂਗੂੰ।**

29. ਖੋਤਾ ਤੰਮਾਕੂ ਨਹੀਂ ਚਰਦਾ। ਤੰਮਾਕੂ ਦਾ ਖੇਤ ਦੂਰੋਂ ਹੋਰ ਫਸਲਾਂ ਵਾਂਗ ਹਰਿਆਲੀ ਮਾਰਦਾ ਹੈ। ਜੇ ਕਰ ਖੋਤਾ ਚਰਨ ਦੇ ਲਾਲਚ ਵਿਚ ਉਥੇ ਚਲਿਆ ਵੀ ਜਾਵੇ ਤਾਂ ਉਹ ਫਸੀ ਗੁਟਾਰ ਵਾਂਗ ਝਾਕਦਾ ਹੈ ਕਿ ਚਲ ਕੇ ਵੀ ਆਏ ਹਰਿਆਵਲ ਦੇਖ ਕੇ, ਤੇ ਖਾਣ ਲਈ ਵੀ ਕੁਝ ਨਾ ਪਰਾਪਤ ਹੋਇਆ।

ਇਸ ਤੋ ਜੇਕਰ ਕੋਈ ਵਿਅਕਤੀ ਕਿਸੇ ਪਰਾਪਤੀ ਦੀ ਆਸ ਵਿੱਚ ਕਿਸੇ ਨਾਲ ਸੰਬੰਧ ਪਾ ਲਵੇ ਅਤੇ ਅਗੋਂ ਉਹ ਪਰਾਪਤੀ ਵਾਲੀ ਵਸਤੂ ਹੋਵੇ ਹੀ ਨਾ। ਇਹ ਪਤਾ ਵੀ ਐਨ ਲੋੜ ਪੈਣ ਤੇ ਲੱਗੇ ਤਾਂ ਲੋਕ ਵਿਅੰਗ ਵਿਚ ਉਸਨੂੰ ਕਹਿੰਦੇ ਹਨ ਕਿ **ਹੁਣ ਝਾਕਦਾ ਹੈ ਜਿਵੇਂ ਤੰਮਾਕੂ ਦੇ ਖੇਤ ਵਿਚ ਖੜਾ ਖੋਤਾ ਝਾਕਦਾ ਹੋਵੇ।**

30. ਹੁਣ ਤਾਂ ਨਹੀਂ, ਅਤੀਤ ਕਾਲ ਵਿਚ ਡਾਕੂ ਰਾਹੀਆਂ ਨੂੰ ਲੁੱਟ ਲਿਆ ਕਰਦੇ ਸਨ। ਕਈ ਗਿਆ ਗੁਜ਼ਰਿਆ ਡਾਕੂ ਤਾਂ ਅਗਲੇ ਦੇ ਪਾਸੋਂ ਕੁਝ ਪਰਾਪਤ

Sri Satguru Jagjit Singh Ji Elibrary NamdhariElibrary@gmail.com

ਨਾਂ ਹੋਣ ਤੇ ਉਸਦੇ ਕੱਪੜੇ ਤੱਕ ਵੀ ਲੁਹਾ ਲਿਆ ਕਰਦਾ ਸੀ।

ਇਸ ਤੋਂ, ਜੇਕਰ ਕੋਈ ਕਿਸੇ ਨੂੰ ਬਹੁਤ ਲੁੱਟ ਖਸੁੱਟ ਲਵੇ ਤਾਂ ਕਹਿੰਦੇ ਹਨ ਕਿ ਉਹ ਤਾਂ ਉਸਦੇ ਕਪੜੇ ਲੁਹਾਣ ਤਕ ਗਿਆ ਹੈ। ਐਨੀ ਲੁੱਟ? ਜਾਂ ਜੇਕਰ ਉਸਦੇ ਪਾਸ ਕੁਝ ਲਿਆ ਦਿੱਤਾ ਮੋੜਨ ਦੇ ਲਈ ਹਿੰਮਤ ਨਾ ਹੋਵੇ ਤਾਂ ਅਗਲੇ ਦੇ ਜ਼ੋਰ ਪਾਉਣ ਤੇ ਕਹਿੰਦੇ ਹਨ ਕਿ ਹੁਣ ਉਸਦੇ ਕਪੜੇ ਲਾਹੁਣੇ ਹਨ, ਜਾਣ ਦੇ ਪਰੇ।

Sri Satguru Jagjit Singh Ji Elibrary NamdhariElibrary@gmail.com

ਪਸ਼ੂ ਪੰਛੀਆਂ ਤੋਂ ਸ਼ਬਦ ਅਤੇ ਉਪਮਾਵਾਂ

ਹਰ ਭਾਸ਼ਾ ਦੇ ਸ਼ਬਦ-ਭੰਡਾਰ ਵਿਚ ਬਹੁਤ ਯੋਗਦਾਨ ਚਰਾਂਦੀ-ਅਰਥਚਾਰੇ, ਅਤੇ ਟੱਪਰੀਵਾਸ-ਜੀਵਨ ਕਾਲ ਨੇ ਪਾਇਆ ਹੈ। ਬਹੁਤੀ ਅਤੇ ਪਰਮੁੱਖ ਸ਼ਬਦਾਵਲੀ ਉਸੇ ਦੌਰ ਦੀ ਹੈ।

ਪੰਜਾਬੀ ਸ਼ਬਦਾਵਲੀ 'ਤੇ ਪਸ਼ੂ ਪੰਛੀਆਂ ਤੋਂ ਆਏ ਸ਼ਬਦਾਂ ਦਾ ਇਤਨਾ ਜ਼ਿਆਦਾ ਪਰਭਾਵ ਹੋਣ ਦਾ ਕਾਰਨ ਸ਼ਾਇਦ ਇਹ ਵੀ ਹੋਵੇ ਕਿ ਪੰਜਾਬੀ ਜੀਵਨ ਹੀ ਖੁਲ੍ਹਾ ਡੁਲ੍ਹਾ ਹੈ। ਪੰਜਾਬ ਦੇ ਸ਼ਹਿਰੀ ਜੀਵਨ ਤੇ ਅਜੇ ਵੀ ਪੇਂਡੂ ਜੀਵਨ ਭਾਰੀ ਹੈ। ਪ੍ਰਕਿਰਤੀ ਵਿਚ ਵਿਚਰਦੇ ਹੋਣ ਕਰਕੇ ਪੰਜਾਬੀ ਭਾਸ਼ੀਆਂ ਨੇ ਪਸ਼ੂ ਪੰਛੀਆਂ ਤੋਂ ਭਾਵ ਸੰਕੇਤ ਲੈ ਕੇ ਆਪਣੀ ਭਾਸ਼ਾ ਨੂੰ ਅਮੀਰ ਕੀਤਾ ਹੈ। ਜਿਵੇ :-

ਕਿਸੇ ਨਾਲ ਸਿੰਗ ਫਸਾਣੇ, ਨਹੁੰ-ਪੰਜਾ ਲੈਣਾ, ਚੌਕੜੀਆਂ ਭਰਦੇ ਫਿਰਨਾ, ਕੀਲੇ ਦੇ ਜ਼ੋਰ ਤੇ ਤਾਂਘੜਨਾ, ਕਤਾਬੀ ਕੀੜਾ ਹੋਣਾ, ਉਡਦੇ ਪੰਛੀ ਫਾਹਣੇ, ਵੇਹਲਿਆਂ ਮੱਖੀਆਂ ਮਾਰਨੀਆਂ, ਸਾਨ੍ਹਾਂ-ਝੋਟਿਆਂ ਵਾਲਾ ਖ਼ੋਰ ਰੱਖਣਾ, ਸਾਨ੍ਹਾਂ ਦੇ ਭੇੜ ਤੋਂ ਬਚਣਾ, ਬਿੱਲੀ ਵਾਂਗ ਲੂੰਹਦੇ ਫਿਰਨਾ, ਵੱਡੀ ਮੱਛੀ ਨਿਕੀ ਮੱਛੀ ਨੂੰ ਖਾਂਦੀ ਹੈ, ਉੱਲੂ ਬੋਲਣੇ, ਮੱਖ ਲੜਨੀ, ਮੱਖ ਹਟਾਣੀ, ਖੋਤੇ ਵਾਲੀ ਅੜੀ ਹੋਣੀ, ਭੇਡਚਾਲ ਹੋਣੀ, ਭੇਡ ਤੇ ਉਨ ਨਾ ਛਡਣੀ, ਤੌਂਕੀ ਜਾਣਾ, ਭੌਂਕੜ ਬੰਦਾ, ਡੰਗ ਮਾਰਨਾ, ਖੁਰਾ ਖੋਜ ਕਢਣਾ, ਖੁਰਾ ਖੋਜ ਮਿਟਾਉਣਾ, ਘੁਮਾਰ ਤੇ ਘੁਮਾਰ ਚੜ੍ਹਿਆ ਹੋਣਾ, ਘਰ ਵਿਚ ਚੂਹੇ ਡੁੰਘੇ ਮਰਨੇ, ਬਗਲਾ ਭਗਤ, ਪੈਲ ਪਾਉਣੀ, ਗਰਦਨ ਤੇ ਸਵਾਰ ਹੋਣਾ, ਮੇਲ੍ਹਦੀ ਜਾਣਾ, ਲੱਤ ਮਾਰਨੀ, ਚਊਂ ਚਊਂ ਕਰਨਾ, ਤੋਏ ਤੋਏ ਹੋਣੀ, ਮੂੰਹ ਨੂੰ ਛਿੱਕਲੀ ਦੇਣੀ, ਨਕੇਲ ਪਾ ਲੈਣੀ, ਲਗਾਮ ਦੇ ਕੇ ਰੱਖਣਾ, ਖੂਹ ਦਾ ਡੱਡੂ ਹੋਣਾ, ਜੋਕ ਵਾਂਗ ਲਹੂ ਚੂਸਣਾ, ਸੱਪ ਵਾਂਗ ਡੰਗ ਮਾਰਨਾ, ਚਾਰੇ ਪੈਰ

Sri Satguru Jagjit Singh Ji Elibrary NamdhariElibrary@gmail.com

ਚੁੱਕ ਕੇ ਮਗਰ ਪੈ ਜਾਣਾ, ਤੀਲਾ ਤੀਲਾ ਜੋੜਨਾ, ਸੁਸਰੀ ਵਾਂਗ ਸੌਂ ਜਾਣਾ, ਜੂੰ ਸਰਕਣੀ, ਕੁੱਤੇ ਦੀ ਮੌਤ ਮਰਨਾ, ਵਾਗਡੋਰ ਸੰਭਾਲਣੀ, ਭਾੜੇ ਦਾ ਟੱਟੂ ਹੋਣਾ, ਅੜਾਂਦਿਆਂ ਲੱਦਣਾ, ਬੱਕਰੇ ਬੁਲਾਣੇ, ਮਘੇ ਕੱਢਣੇ, ਨੱਕ ਬੁੱਲ ਮਾਰਨਾ ਆਦਿ। ਸ਼ਬਦਾਂ ਅਤੇ ਉਪਮਾਵਾਂ ਦੀ ਇਹ ਸੂਚੀ ਬਹੁਤ ਲੰਬੀ ਹੈ ਅਤੇ ਵਖਰੇ ਅਧਿਅਨ ਦੀ ਮੰਗ ਕਰਦੀ ਹੈ।

ਕੁਝ ਇਕ ਉਦਾਹਰਨਾਂ ਹੋਰ ਦਿੱਤੀਆਂ ਜਾ ਰਹੀਆਂ ਹਨ।

1. ਬਾਘ ਨੂੰ ਬਘਿਆੜ ਵੀ ਕਹਿੰਦੇ ਹਨ। ਇਸ ਸ਼ਬਦ ਦੇ ਇਸਤਰੀ ਲਿੰਗ ਤੋਂ ਸ਼ਬਦ ਰਚਨਾ ਹੋਈ ਹੈ, ਜਿਵੇਂ ਬਘਿਆੜੀ। ਇਹ ਕੁਸ਼ਤੀ ਦਾ ਇਕ ਦਾਅ ਹੈ। ਸੂਣ ਤੇ ਆਈ ਮੱਝ ਨੂੰ ਜਦੋਂ ਭਾਰ ਪੈਣ ਭਾਵ ਅੰਦਰ ਬਾਹਰ ਹੋਣ, ਲਗ ਜਾਵੇ ਤਾਂ ਇੱਕ ਖ਼ਾਸ ਤਰੀਕੇ ਨਾਲ ਰੱਸੀ ਇਸ ਦੇ ਪਿਛੇ ਪਾ ਦਿੱਤੀ ਜਾਂਦੀ ਹੈ, ਅਤੇ ਇਸ ਨੂੰ ਬਘਿਆੜੀ ਪਾਉਣਾ ਕਹਿੰਦੇ ਹਨ।

2. ਸਾਨ੍ਹ ਜ਼ੋਰਾਵਰੀ ਦਾ ਚਿੰਨ੍ਹ ਹੈ। ਇਸ ਲਈ ਜਦੋਂ ਕੋਈ ਸੀਨਾ ਜ਼ੋਰੀ ਕਰੇ ਤਾਂ ਕਹਿੰਦੇ ਹਨ—ਕਿਉਂ ਬਈ ਤੂੰ ਬਹੁਤ ਸਾਨ੍ਹ ਹੈਂ, ਜੋ ਸੀਨਾ ਜ਼ੋਰੀ ਵਿਖਾਂਦਾ ਹੈ?

3. ਸੇਹ ਇਕ ਅਦਭੁਤ ਜਾਨਵਰ ਹੈ, ਜਿਸਦੇ ਸਰੀਰ ਉਤੇ ਅਨੇਕਾ ਹੀ ਲੰਮੇ ਲੰਮੇ ਕੰਡੇ, ਤੱਕਲੇ ਵਰਗੇ, ਹੁੰਦੇ ਹਨ। ਜਿਨ੍ਹਾਂ ਦੇ ਨਾਲ ਉਹ ਆਪਣੀ ਰੱਖਿਆ ਕਰਦੀ ਹੈ। ਇਕ ਵਹਿਮ ਪ੍ਰਚੱਲਤ ਹੈ ਕਿ ਜੇ ਕਰ ਕਿਸੇ ਦੇ ਘਰ ਵਿਚ ਲੜਾਈ ਕਰਵਾਣੀ ਹੋਵੇ ਤਾਂ ਚੋਰੀ ਛੁਪੇ ਸੇਹ ਦਾ ਤੱਕਲਾ ਗੱਡ ਦਿੱਤਾ ਜਾਵੇ। ਇਸ ਵਹਿਮ ਨੇ ਸੇਹ ਦਾ ਤੱਕਲਾ ਗਡਣ ਦਾ ਅਖਾਣ ਦਿੱਤਾ ਹੈ। ਭਾਵ, ਜੇ ਕਰ ਕਿਸੇ ਦੇ ਘਰ ਵਿਚ ਕੋਈ ਲੜਾਈ ਦਾ ਸ਼ੋਸ਼ਾ ਜਾਂ ਕੋਈ ਬਹਾਨਾ ਘੜ ਕੇ ਦੇ ਦੇਵੇ ਤਾਂ ਕਹਿੰਦੇ ਹਨ ਕਿ ਫਲਾਣੇ ਨੇ ਉਸ ਘਰ ਵਿਚ ਸੇਹ ਦਾ ਤੱਕਲਾ ਗੱਡ ਦਿੱਤਾ ਹੈ।

4. ਮਿਰਗ ਦੀ ਅੱਖ ਬਹੁਤ ਸੁੰਦਰ ਹੁੰਦੀ ਹੈ। ਇਸੇ ਲਈ ਪ੍ਰੇਮਕਾ ਦੀ ਅੱਖ ਨੂੰ ਸੁੰਦਰ ਜਤਲਾਉਣ ਦੇ ਲਈ ਮਿਰਗ ਨੈਣੀ ਕਿਹਾ ਜਾਂਦਾ ਹੈ।

5. ਕੁੱਤੇ ਦੀ ਪੂਛ ਡਿੰਗੀ ਹੁੰਦੀ ਹੈ। ਕਿਸੇ ਤਰਕੀਬ ਨਾਲ ਵੀ ਸਿੱਧੀ ਨਹੀਂ ਕੀਤੀ ਜਾ ਸਕਦੀ। ਇਸ ਬਾਰੇ ਪ੍ਰਚੱਲਤ ਹੈ ਕਿ ਬਾਰਾਂ ਵਰ੍ਹੇ ਕਿਸੇ ਨੇ ਕੁੱਤੇ ਦੀ ਪੂਛ ਸਿੱਧੀ ਨਲਕੀ ਦੇ ਵਿਚ ਪਾ ਕੇ ਰੱਖੀ, ਪਰ ਜਦੋਂ ਕੱਢੀ ਤਾਂ ਡਿੰਗੀ ਦੀ ਡਿੰਗੀ। ਇਹ ਉਸ ਵੇਲੇ ਕਹਿੰਦੇ ਹਨ ਜਦੋਂ ਕੋਈ ਸਮਝਾਇਆਂ ਗੱਲ ਨੂੰ ਮੰਨ ਤਾਂ ਲਵੇ, ਅਤੇ ਤਰਕ ਨਾਲ ਸਹਿਮਤ ਹੋ ਜਾਵੇ, ਪਰ ਜਦੋਂ ਕਰਤਵ ਕਰੇ ਤਾਂ

Sri Satguru Jagjit Singh Ji Elibrary NamdhariElibrary@gmail.com

ਉਸ ਤੋਂ ਉਲਟ ਕਰੇ। ਉਸ ਨੂੰ ਕਹਿੰਦੇ ਹਨ ਕਿ ਜੀ ਉਹ ਤਾਂ ਕੁੱਤੇ ਦੀ ਪੂੰਛ ਸਿੱਧ ਹੋਇਆ ਹੈ।

6. ਇਸੇ ਤਰ੍ਹਾਂ ਕੁੱਤਾ ਇਕ ਜਾਨਵਰ ਹੈ। ਜੋ ਸਭਿਆ ਦੁਨੀਆਂ ਵਿਚ ਵਿਚਰਦਾ ਹੈ। ਜੰਗਲੀ ਨਹੀਂ ਹੈ। ਅਤੇ ਸ਼ੇਰ ਜੰਗਲ ਦਾ ਵਾਸੀ ਹੈ। ਸਭਿਅਤਾ ਤੋਂ ਦੂਰ ਦਾ ਵਸਨੀਕ ਹੈ। ਪਰ ਜੇ ਕਰ ਕਿਸੇ ਨੂੰ ਕੁੱਤਾ ਕਹਿ ਦਿੱਤਾ ਜਾਵੇ ਤਾਂ ਮਰਨ ਮਾਰਨ ਤਕ ਜਾਂਦਾ ਹੈ। ਪਰ ਜੇ ਕਰ ਸ਼ੇਰ ਕਹਿ ਦੇਈਏ ਤਾਂ ਖ਼ੁਸ਼ ਹੋ ਜਾਂਦਾ ਹੈ।

7. ਕਿਸੇ ਦੀ ਸ਼ਰਾਫ਼ਤ ਵਲ ਸੰਕੇਤ ਕਰਨਾ ਹੋਵੇ ਤਾਂ ਉਸਨੂੰ ਗਊ ਕਹਿੰਦੇ ਹਨ।

8. ਕੋਈ ਇਸਤਰੀ ਜੇ ਕਰ ਸੁਰੀਲੀ ਆਵਾਜ਼ ਵਾਲੀ ਹੋਵੇ ਤਾਂ ਉਸ ਨੂੰ ਕੋਇਲ ਨਾਲ ਤੁਲਨਾ ਦਿੱਤੀ ਜਾਂਦੀ ਹੈ। ਪਰ ਜੇ ਕਰ ਆਵਾਜ਼ ਤੋਂ ਹਟ ਕੇ ਕਿਸੇ ਸਾਂਵਲੇ ਰੰਗ ਵਾਲੀ ਕੁੜੀ ਨੂੰ ਕੋਇਲ ਕਹਿ ਦਿੱਤਾ ਜਾਵੇ ਤਾਂ ਫੇਰ ਖ਼ੈਰ ਨਹੀਂ।

9. ਜੋਕ ਇਕ ਜੀਵ ਹੈ। ਜੋ ਪਸ਼ੂਆਂ ਦੇ ਸਰੀਰ ਤੇ ਲੱਗ ਕੇ ਉਨ੍ਹਾਂ ਦਾ ਲਹੂ ਚੂਸਦੀ ਹੈ। ਪਰਾਇਆ ਲਹੂ ਉਸਦੀ ਖ਼ੁਰਾਕ ਹੈ। ਇਸੇ ਤਰ੍ਹਾਂ ਪਰਾਏ ਲੋਕਾਂ ਦੀ ਕਮਾਈ ਖਾਣ ਵਾਲੇ ਨੂੰ ਜਾਂ ਸੂਦ-ਖ਼ੋਰ ਨੂੰ ਜੋਕ ਨਾਲ ਤੁਲਨਾ ਦਿੱਤੀ ਜਾਂਦੀ ਹੈ।

10. ਨਾਗ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਕਿਸੇ ਦਾ ਮਿੱਤ ਨਹੀਂ ਹੁੰਦਾ ਹੈ। ਭਾਵੇਂ ਕੋਈ ਉਸਨੂੰ ਕਿਤਨਾ ਹੀ ਦੁੱਧ ਪਿਆ ਪਲਾਵੇ। ਇਸ ਤਰ੍ਹਾਂ ਅਕਿਰਤਘਣ ਬੰਦੇ ਨੂੰ ਨਾਗ ਨਾਲ ਤੁਲਨਾ ਦਿੱਤੀ ਜਾਂਦੀ ਹੈ।

11. ਸੋਹਣੀ ਇਸਤ੍ਰੀ ਨੂੰ ਮੋਰਨੀ ਕਹਿ ਦਿੰਦੇ ਹਨ।

12. ਘੋੜੀ ਘੋੜੇ ਦਾ ਇਸਤਰੀ ਲਿੰਗ ਹੈ। ਰਿਵਾਜ ਸੀ ਕਿ ਵਿਆਹ ਸਮੇਂ ਲਾੜਾ ਘੋੜੀ ਤੇ ਚੜ੍ਹ ਕੇ ਸਹੁਰੇ ਢੁੱਕਦਾ ਸੀ। ਉਸ ਘੋੜੀ ਦੀ ਸਿਫ਼ਤ ਵਿਚ ਗੀਤ ਗਾਏ ਜਾਂਦੇ ਸਨ ਜਿਨ੍ਹਾਂ ਨੂੰ ਘੋੜੀਆਂ ਗਾਣਾ ਕਿਹਾ ਜਾਂਦਾ ਹੈ। ਗੀਤ ਵਿਚ ਵਾਰ ਵਾਰ ਘੋੜੀ ਦਾ ਵਰਨਣ ਜੋ ਹੁੰਦਾ ਸੀ। ਇਸ ਤਰ੍ਹਾਂ ਜੇ ਕਰ ਕੋਈ ਇੱਕ ਚੀਜ਼ ਬਾਰੇ ਗੱਲ ਨੂੰ ਵਾਰ ਵਾਰ ਦੁਹਰਾਈ ਜਾਵੇ ਤਾਂ ਕਹਿੰਦੇ ਹਨ ਕਿ ਉਸੇ ਚੀਜ਼ ਜਾਂ ਗੱਲ ਦੀਆਂ **ਘੋੜੀਆਂ** ਗਾਈ ਜਾਂਦਾ ਹੈ। ਜਾਂ ਜੇਕਰ ਕੋਈ ਕਿਸੇ ਦੀਆਂ ਸਿਫ਼ਤਾਂ ਹੀ ਕਰੀ ਜਾਵੇ ਤਾਂ ਕਹਿੰਦੇ ਹਨ ਕਿ ਕੀ ਤੂੰ ਉਸੇ ਦੀਆਂ ਘੋੜੀਆਂ ਗਾਈ ਜਾਂਦਾ ਹੈ ਕੋਈ ਹੋਰ ਗੱਲ ਨਹੀਂ ਕਰ ਸਕਦਾ?

ਨੱਕ ਦੀ ਕੋਮਲ ਹੱਡੀ, ਜਿਸ ਤੇ ਐਨਕ ਅਟਕਦੀ ਹੈ, ਨੂੰ ਘੋੜੀ ਹੀ ਕਹਿੰਦੇ ਹਨ। ਘਰ ਵਿਚ ਦਰੀਆਂ ਆਦਿ ਬੁਣਨ ਲਈ ਵਰਤੀ ਜਾਂਦੀ ਉੱਚੀ ਕੁੱਥੀ

Sri Satguru Jagjit Singh Ji Elibrary NamdhariElibrary@gmail.com

ਜਿਹੀ ਵਸਤੂ ਨੂੰ ਵੀ ਘੋੜੀ ਕਹਿੰਦੇ ਹਨ।

ਸੇਵੀਆਂ ਵੱਟਣ ਵਾਲੀ ਹੱਥ-ਮਸ਼ੀਨ ਵੀ ਘੋੜੀ ਅਖਵਾਉਂਦੀ ਹੈ। ਪੈਰ ਦੇ ਗਿੱਟੇ ਅਤੇ ਪੱਬ ਦੇ ਵਿਚਕਾਰ ਜੋ ਕੁੱਬੀ ਜਿਹੀ ਥਾਂ ਹੈ ਉਹ ਵੀ ਘੋੜੀ ਹੈ।

13.. ਜਾਨਵਰਾਂ ਨੂੰ ਇਕੱਠਿਆਂ ਖੇਤਾਂ ਚਰਾਂਦਾਂ ਵਿਚ ਚਰਾਇਆ ਜਾਂਦਾ ਹੈ। ਇਸ ਤੋਂ ਜੇ ਕਰ ਕੋਈ ਹੋਰਨਾਂ ਨੂੰ ਮੂਰਖ ਡੰਗਰ ਸਮਝ ਕੇ ਹੇਰਾ ਫੇਰੀ ਕਰੇ ਤਾਂ ਕਹਿੰਦੇ ਹਨ ਕਿ ਲੋਕਾਂ ਨੂੰ ਚਾਰਦਾ ਹੈ।

14. ਊਠ ਜਦੋਂ ਮੂਤਰਦਾ ਹੈ ਤਾਂ ਉਸ ਸਮੇਂ ਬਹੁਤ ਵਿਸਮਾਦ ਵਿਚ ਹੁੰਦਾ ਹੈ। ਉਹ ਘੰਟਾ ਘੰਟਾ ਭਰ ਮੂਤਰਦਾ ਹੀ ਰਹਿੰਦਾ ਹੈ। ਵਿਸਮਾਦ ਵਿਚ ਉਹ ਆਪਣੀ ਪੂਛ ਪਿਛਲੀਆਂ ਲੱਤਾਂ ਵਿਚਕਾਰ ਮਾਰਦਾ ਰਹਿੰਦਾ ਹੈ। ਉਸ ਦੇ ਇਸ ਕਰਮ ਨੂੰ ਮੱਕੜਾ ਮਾਰਨਾ ਕਹਿੰਦੇ ਹਨ। ਇਸ ਤੋਂ ਕਿਸੇ ਆਰਾਮ ਅਤੇ ਸੌਖ ਵਿਚ ਜੀਵਨ ਬਤੀਤ ਕਰਨ ਵਾਲੇ ਨੂੰ ਕਹਿੰਦੇ ਹਨ ਕਿ ਬੱਸ ਮੱਕੜਾ ਮਾਰ ਰਿਹਾ ਹੈ।

15. ਨਿਆਣਾ ਨਿੱਕੇ ਬੱਚੇ ਨੂੰ ਕਹਿੰਦੇ ਹਨ। ਪਰ ਗਾਂ ਨੂੰ, ਲੱਤ ਮਾਰਨ ਤੋਂ ਰੋਕਣ ਦੇ ਲਈ, ਚੋਣ ਵੇਲੇ ਜੋ ਰੱਸੀ ਉਸ ਦੀਆਂ ਪਿਛਲੀਆਂ ਲੱਤਾਂ ਨੂੰ ਬੰਨ੍ਹਦੇ ਹਨ ਉਸਨੂੰ ਵੀ ਨਿਆਣਾ ਕਹਿੰਦੇ ਹਨ। ਇਹ ਨਿਆਣਾ ਗਾਂ ਨੂੰ ਕਾਬੂ ਵਿਚ ਰੱਖਣ ਦੇ ਲਈ ਪਾਉਂਦੇ ਹਨ। ਇਸੇ ਤਰ੍ਹਾਂ ਜੇ ਕਰ ਕਿਸੇ ਬੰਦੇ ਨੂੰ ਚੰਗੀ ਤਰ੍ਹਾਂ ਨਾਲ ਕਾਬੂ ਕਰ ਕੇ ਕੰਮ ਕੱਢ ਲਿਆ ਜਾਵੇ ਤਾਂ ਕਿਹਾ ਜਾਂਦਾ ਹੈ ਕਿ ਕੰਮ ਕਿਵੇਂ ਨਾ ਕਰਦਾ ਉਸਦੇ ਨਿਆਣਾ ਜੁ ਪਾ ਰੱਖਿਆ ਸੀ। ਭਾਵ ਹੁੰਦਾ ਹੈ ਕਿ ਕਾਬੂ ਕੀਤਾ ਹੋਇਆ ਸੀ। ਉਸ ਨੂੰ ਮਜਬੂਰੀ ਵਜੋਂ ਕੰਮ ਕਰਨਾ ਹੀ ਪਿਆ।

ਬੋਤੇ ਦਾ ਬੁਲ੍ਹ ਆਮ ਤੌਰ ਤੇ ਹੇਠ ਨੂੰ ਲਮਕਿਆ ਹੋਇਆ ਹੁੰਦਾ ਹੈ। ਕਹਿੰਦੇ ਹਨ ਕਿ ਕੁੱਤਾ, ਇਸ ਆਸ ਵਿਚ ਕਿ ਬੋਤੇ ਦਾ ਇਹ ਲਮਕਦਾ ਬੁਲ੍ਹ ਡਿੱਗਾ ਕਿ ਡਿਗਾ, ਇੱਕ ਵਾਰ ਬੋਤੇ ਦੇ ਪਿਛੇ ਪਿਛੇ ਕਿੰਨੇ ਹੀ ਦਿਨ ਫਿਰਦਾ ਰਿਹਾ, ਪਰ ਬੁਲ੍ਹ ਨੇ ਕੀ ਡਿੱਗਣਾ ਸੀ? ਇਸ ਤੋਂ ਜਦੋਂ ਕਿਸੇ ਨਾਹ ਹੋਣ ਵਾਲੀ ਗੱਲ ਦੇ, ਗਲਤ ਤੌਰ ਤੇ ਹੋ ਜਾਣ ਦੀ ਆਸ ਹੋ ਜਾਵੇ ਅਤੇ ਅੰਤ ਉਹ ਹੋਵੇ ਨਾ ਤਾਂ ਕਹਿੰਦੇ ਹਨ ਕਿ ਬਈ ਉਹ ਤਾਂ ਬੋਤੇ ਦਾ ਬੁਲ੍ਹ ਸਿਧ ਹੋਈ ਹੈ। ਕੱਟਾ ਸਾਡੀ ਜ਼ਿੰਦਗੀ ਵਿਚ ਕਿਸੇ ਵਿਸ਼ੇਸ਼ ਕੰਮ ਨਹੀਂ ਆਉਂਦਾ। ਉਸਨੂੰ ਨਿਕਿਆਂ ਹੁੰਦਿਆਂ ਮਝ ਦਾ ਘੱਟ ਦੁਧ ਛਡਿਆ ਜਾਂਦਾ ਹੈ। ਅਤੇ ਜੇ ਕਰ ਮੱਝ ਤਿੱਲ ਹੋਵੇ ਅਰਥਾਤ ਉਸਦਾ ਇਕ ਥਣ ਨਾਕਾਰਾ ਹੋ ਕੇ ਸੁੱਕ ਗਿਆ ਹੋਵੇ ਤਾਂ ਚੋਣ ਵਾਲਾ ਆਪਣੇ ਤਿਨ ਥਣ ਚੋ ਲੈਂਦਾ ਹੈ ਅੰਤ ਉਸਨੂੰ ਉਹ ਚੌਥਾ ਥਣ, ਜੋ ਕਿ ਸੁੱਕ ਗਿਆ

ਹੁੰਦਾ ਹੈ ਚੁੰਘਣ ਦੇ ਲਈ ਛੱਡ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਜੇ ਕਰ ਕਿਸੇ ਕਮਜ਼ੋਰ ਜਾਂ ਗ਼ਰੀਬ ਬੰਦੇ ਨੂੰ ਕੋਈ ਡਾਢਾ ਬੰਦਾ ਉਸਦਾ ਹੱਕ ਨਾ ਦੇਵੇ ਪਰ ਵਿਖਾਵਾ ਦੇ ਦੇਣ ਦਾ ਕਰ ਦੇਵੇ ਤਾਂ ਕਮਜ਼ੋਰ ਅਤੇ ਗ਼ਰੀਬ ਲਈ ਕਿਹਾ ਜਾਂਦਾ ਹੈ ਕਿ ਹੁਣ ਝਾਕ਼ਦਾ ਹੈ ਤਿੱਨ ਮੱਝ ਦੇ ਕੱਟੇ ਵਾਂਗ। ਓਦੋਂ ਨਹੀਂ ਸੀ ਪਤਾ ਜਦੋਂ ਆਪ ਤੋਂ ਡਾਢੇ ਦੇ ਨਾਲ ਵਾਹ ਪਾਇਆ ਸੀ।

Sri Satguru Jagjit Singh Ji Elibrary NamdhariElibrary@gmail.com

ਰਸੋਈ ਤੋਂ ਸ਼ਬਦ

ਜਿਵੇਂ ਦੋ ਕੌਮਾਂ ਦੇ ਪਰਸਪਰ ਮੇਲ ਮਿਲਾਪ ਦੇ ਨਾਲ ਜੀਵਨ ਦੇ ਹੋਰ ਪੱਖਾਂ ਤੇ ਪ੍ਰਭਾਵ ਪੈਂਦਾ ਹੈ ਉਵੇਂ ਹੀ ਉਨ੍ਹਾਂ ਦੇ ਘਰ ਵਰਤੋਂ ਅਤੇ ਖਾਣ ਪੀਣ ਦੇ ਭਾਂਡਿਆਂ, ਉਨ੍ਹਾਂ ਦੇ ਨਾਵਾਂ ਅਤੇ ਉਨ੍ਹਾਂ ਦੀ ਵਰਤੋਂ ਤੇ ਵੀ ਪੈਂਦਾ ਹੈ, ਜਿਵੇ :-

ਪਤੀਲਾ :- ਫ਼ਾਰਸੀ ਭਾਸ਼ਾ ਦਾ ਸ਼ਬਦ ਪਾਤਿਲਾ ਹੈ। ਇਹ ਹੁਣ ਭਾਰਤੀ ਹੈ ਸਗੋਂ ਹਿੰਦੂ ਹੈ ਜਦੋਂ ਕਿ ਭਾਰਤੀ ਹਾਂਡੀ ਹੁਣ ਪਾਕਿਸਤਾਨ ਜਾ ਚੁਕੀ ਹੈ। ਮਤਲਬ ਇਹ ਹੈ ਕਿ ਮੁਸਲਮਾਨ ਲੋਕ ਹਾਂਡੀ ਕਹਿੰਦੇ ਹਨ ਤੌੜੀ ਜਾਂ ਪਤੀਲੇ ਨੂੰ। ਇਹ ਦੋ ਕੌਮਾਂ ਜਾਂ ਸਭਿਆਚਾਰਾਂ ਦਾ ਸ਼ਬਦ ਵਟਾਂਦਰਾ ਹੈ।

ਦੇਗ :- ਇਹ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਇਸਨੂੰ ਭਾਰਤੀ ਰਸੋਈ ਦੇ ਲਈ ਛੋਟਿਆਂ ਕਰ ਲਿਆ ਗਿਆ ਹੈ ਅਤੇ ਦੇਗਚੀ ਸਾਡੀ ਰਸੋਈ ਵਿਚ ਸਮਾ ਚੁਕੀ ਹੈ।

ਗਲਾਸ :- ਇਹ ਅੰਗਰੇਜ਼ੀ ਦੇ ਨਾਲ ਸਾਡੇ ਏਥੇ ਆਇਆ ਹੈ। ਇਸ ਤੋਂ ਪਹਿਲਾਂ ਕੇਵਲ ਛੰਨਾ ਕਟੋਰਾ ਪਰਧਾਨ ਸਨ। ਅੰਗਰੇਜ਼ੀ ਵਿਚ ਗਲਾਸ ਕੱਚ ਨੂੰ ਕਹਿੰਦੇ ਹਨ। ਇਹ ਵਲੈਤੀ ਭਾਂਡਾ ਕੱਚ ਤੋਂ ਬਣਿਆ ਹੋਣ ਕਰਕੇ "ਟੰਬਲਰ ਆਫ਼ ਗਲਾਸ" ਸੀ। ਪਰ ਇਸਦਾ ਸਾਧਾਰਨੀਕਰਨ ਗਲਾਸ ਹੋ ਗਿਆ ਹੈ। ਅੱਜ ਇਹ ਤਾਂਬਾ, ਪਿੱਤਲ, ਤਰਤ ਜਾਂ ਚਾਂਦੀ ਦਾ ਵੀ ਹੋ ਸਕਦਾ ਹੈ। ਪਰ ਨਾਂ ਉਹੀ ਗਲਾਸ ਹੀ ਹੈ।

ਚਮਚਾ :- ਇਹ ਤੁਰਕੀ ਭਾਸ਼ਾ ਦਾ ਸ਼ਬਦ ਹੈ। ਤੁਰਕ ਹਮਲਾਵਰਾਂ ਦੇ ਨਾਲ ਆਇਆ ਹੋਵੇਗਾ। ਦਾਲ ਸਬਜ਼ੀ ਵਰਤਾਉਣ ਦੇ ਲਈ ਜਾਂ ਤਰੀ ਆਦਿ ਮੂੰਹ ਵਿਚ ਪਾਉਣ ਦੇ ਲਈ ਵਰਤਿਆ ਜਾਂਦਾ ਹੈ। ਉਂਝ ਅੱਜਕਲ ਚਮਚਾ ਪਿੱਛ

ਲੱਗੂ ਖ਼ੁਸ਼ਾਮਦੀ ਲਈ ਵੀ ਕਿਹਾ ਜਾਂਦਾ ਹੈ।

ਮਾਚਿਸ :- ਇਹ ਅੰਗਰੇਜ਼ੀ ਭਾਸ਼ਾ ਨੇ ਦਿੱਤਾ ਹੈ। ਹੁਣ ਪੰਜਾਬੀ ਵਿਚ ਰਚ ਮਿਚ ਗਿਆ ਹੈ।

ਰਕਾਬੀ :- ਇਹ ਫ਼ਾਰਸੀ ਭਾਸ਼ਾ ਦੀ ਦੇਣ ਹੈ ਇਸ ਦੇ ਅਰਥ ਹਨ ਥਾਲ਼ੀ। ਪਰ ਹੁਣ ਰਕਾਬੀ ਦੀ ਥਾਂ ਅੰਗਰੇਜ਼ੀ ਪਲੇਟ ਨੇ ਲੈ ਲਈ ਹੈ।

ਪਤੀਲੇ ਤੋਂ :- **ਪਤੀਲੇ ਵਾਂਗ ਮਾਂਜ ਦੇਣਾ** :- ਪਤੀਲਾ ਵਾਰ ਵਾਰ ਵਰਤੋਂ ਵਿਚ ਆਉਣ ਦੇ ਕਾਰਨ ਚੰਗੀ ਤਰ੍ਹਾਂ ਨਾਲ ਮਾਂਜ ਸੁਆਰ ਕੇ ਰੱਖਿਆ ਜਾਣ ਵਾਲਾ ਭਾਂਡਾ ਹੈ। ਇਸ ਲਈ ਜੇ ਕਰ ਕੋਈ ਚੰਗੀ ਤਰ੍ਹਾਂ ਨਾਲ ਕਿਸੇ ਦੀ ਲੁੱਟ ਖਸੁੱਟ ਕਰ ਲਵੇ ਤਾਂ ਕਹਿੰਦੇ ਹਨ ਕਿ **ਮਾਂਜ ਦਿਤਾ ਹੈ ਪਤੀਲੇ ਵਾਂਗ।**

ਢੱਕਣ :- ਪਤੀਲੇ ਆਦਿ ਦੇ ਮੂੰਹ ਤੇ ਤੇ ਕੱਜਣ ਵਜੋਂ ਦੇਣ ਵਾਲਾ ਭਾਂਡਾ। ਇਸਦਾ ਪਤੀਲੇ ਜਾਂ ਉਸ ਵਿਚ ਤਿਆਰ ਹੋਣ ਵਾਲੀ ਵਸਤੂ ਨਾਲ ਕੋਈ ਖ਼ਾਸ ਸਬੰਧ ਨਹੀਂ ਹੁੰਦਾ। ਇਕ ਵਾਧੂ ਜਿਹੀ ਚੀਜ਼ ਹੀ ਹੈ। ਇਸ ਲਈ ਕਿਸੇ ਖ਼ਾਹ-ਮਖ਼ਾਹ ਕਿਸਮ ਦੇ ਆਦਮੀ ਨੂੰ **ਪਤੀਲੇ ਦਾ ਢੱਕਣ** ਕਿਹਾ ਜਾਂਦਾ ਹੈ। ਜਿਵੇਂ .- "ਚੱਲ ਉਏ ਪਤੀਲੇ ਦਿਆ ਢੱਕਣਾ, ਤੈਨੂੰ ਕੌਣ ਪੁਛਦਾ ਹੈ ਏਥੇ?" ਆਦਿ।

ਚਿਮਟਾ :- ਇਹ ਰਸੋਈ ਵਿਚ ਵਰਤੋਂ ਦਾ ਇਕ ਸੰਦ ਹੈ। ਇਸ ਦੇ ਨਾਲ ਚੁਲ੍ਹੇ ਵਿਚ ਰੋਟੀ ਸੇਕਦੇ ਹਨ ਜਾਂ ਅੱਗ ਹਿਲਾਉਂਦੇ ਕੱਢਦੇ ਹਨ। ਜੇ ਕਿਸੇ ਨੇ ਕਿਸੇ ਵਸਤੂ ਨਾਲ ਘਿਰਣਾ ਦਰਸਾਉਣੀ ਹੋਵੇ ਤਾਂ ਕਹਿੰਦੇ ਹਨ ਕਿ ਮੈਂ ਤਾਂ ਉਸ ਵਸਤੂ ਨੂੰ **ਚਿਮਟੇ ਨਾਲ ਵੀ ਨਹੀਂ ਛੂੰਹਦਾ।**

ਚੱਪਣੀ :- ਇਹ ਇਕ ਗਰੀਬੜਾ ਜਿਹਾ, ਮਿੱਟੀ ਦੇ ਭਾਂਡਿਆਂ ਲਈ ਮਿੱਟੀ ਦਾ ਢੱਕਣ ਹੈ। ਪਰ ਜਦੋਂ ਕਿਸੇ ਨੂੰ ਕਿਸੇ ਗੱਲ ਤੋਂ ਗੈਰਤ ਦਲਵਾਣੀ ਮਨਜ਼ੂਰ ਹੋਵੇ ਤਾਂ ਕਹਿੰਦੇ ਹਨ ਕਿ **ਮਰ ਜਾਹ ਚੱਪਣੀ ਵਿੱਚ ਨੱਕ ਡੋਬ ਕੇ।**

ਕੂੰਜਾ :- ਇਹ ਅਰਬੀ ਭਾਸ਼ਾ ਦਾ ਕੂਜ਼ ਹੈ, ਦਰਿਆ ਬੰਦ ਕਰਨ ਦਾ ਵੀ, ਭਾਸ਼ਾ ਵਿਚ, ਕੰਮ ਦੇਣ ਲੱਗ ਪਿਆ। ਜੇ ਕਰ ਕਿਸੇ ਨੇ ਕੋਈ ਮਹਾਨ ਗੱਲ ਘੱਟ ਸ਼ਬਦਾਂ ਵਿਚ ਕਹਿ ਦਿੱਤੀ ਹੋਵੇ ਤਾਂ ਕਹਿੰਦੇ ਹਨ ਕਿ **ਕੂੰਜੇ ਵਿਚ ਦਰਿਆ ਬੰਦ ਕਰ ਦਿੱਤਾ ਹੈ।** ਹੋ ਸਕਦਾ ਹੈ ਕਿ ਕਦੇ ਇਸ ਅਰਬੀ ਕੂੰਜੇ ਦੀ ਥਾਂ ਅੰਗਰੇਜ਼ੀ ਦਾ **ਕੈਪਸੂਲ** (capsule) ਲੈ ਲਵੇ ਅਤੇ ਲੋਕ ਕਹਿਣ ਲੱਗ ਜਾਣ ਕਿ **ਕੈਪਸੂਲ ਵਿਚ ਦਰਿਆ ਬੰਦ ਕਰ ਦਿੱਤਾ ਹੈ।**

ਛਾਣ-ਬੀਣ ਕਰਨੀ :- ਆਟਾ ਛਾਣਿਆ ਜਾਂਦਾ ਹੈ ਅਤੇ ਦਾਲ ਚੋਲ ਆਦਿ

Sri Satguru Jagjit Singh Ji Elibrary NamdhariElibrary@gmail.com

ਨੂੰ ਬੀਨਿਆ ਭਾਵ ਚੁਣਿਆ ਜਾਂਦਾ ਹੈ। ਇਹ ਬੀਨ ਸ਼ਬਦ ਫਾਰਸੀ ਦੇ ਸ਼ਬਦ **ਬੀਨਾਈ** ਤੋਂ ਲਿਆ ਗਿਆ ਹੈ। ਹੁਣ ਕਿਸੇ ਗੱਲ ਨੂੰ ਚੰਗੀ ਤਰ੍ਹਾਂ ਵਿਚਾਰਨ, ਪੜਤਾਲ ਅਤੇ ਘੋਖ ਕਰ ਲੈਣ ਨੂੰ **ਛਾਣ ਬੀਣ ਕਰਨਾ** ਕਹਿੰਦੇ ਹਨ।

ਉਂਗਲੀਆਂ ਚੱਟਣੀਆਂ :- ਬਹੁਤ ਸੁਆਦਲੇ ਭੋਜਨ ਨੂੰ ਸੁਆਦ ਲੈ ਲੈ ਕੇ ਚਖਣ ਲਈ ਕਹਿੰਦੇ ਹਨ ਉਂਗਲੀਆਂ ਤੱਕ ਚੱਟ ਲਈਆਂ ਹਨ।

ਭਾਂਡਿਆਂ ਵਾਂਗ ਰਸੋਈ ਵਿਚ ਤੁਰਕੀ, ਫਾਰਸੀ, ਅਰਬੀ ਅਤੇ ਅੰਗਰੇਜ਼ੀ ਖਾਣੇ ਵੀ ਆ ਵੜੇ ਅਤੇ ਰੱਚ ਮਿਚ ਗਏ ਹਨ। ਹੁਣ ਇਹ ਸਾਰੇ ਸ਼ਬਦ ਪੰਜਾਬੀ ਦੇ ਆਪਣੇ ਹੀ ਹੋ ਗਏ ਹਨ। ਜਿਵੇਂ :- **ਨੂਣ** ਫਾਰਸੀ ਤੋਂ। **ਸਬਜ਼ੀ** ਫਾਰਸੀ ਸਬਜ਼ਾ ਤੋਂ। **ਮੀਟ** ਅੰਗਰੇਜ਼ੀ ਤੋਂ। **ਗੋਸ਼ਤ** ਫ਼ਾਰਸੀ ਤੋਂ। **ਹਲਵਾ** ਅਰਬੀ ਤੋਂ। **ਕਬਾਬ** ਅਰਬੀ ਤੋਂ। ਪਲਾਉ, ਜ਼ਰਦਾ, **ਕੋਫ਼ਤੇ**, ਨਾਨ, ਸਭ ਫਾਰਸੀ ਤੋਂ। **ਟਮਾਟਰ, ਸਲਾਦ, ਟੋਸਟ, ਸੈਂਡਵਿਚ, ਆਮਲੇਟ** ਆਦਿ ਅੰਗਰੇਜ਼ੀ ਰਾਹੀਂ ਆਏ ਹਨ। **ਫ਼ਰਾਈ ਕਰਨਾ, ਰੋਸਟ ਕਰਨਾ** ਆਦਿ ਅੰਗਰੇਜ਼ੀ ਭਾਸ਼ਾ ਤੋਂ। ਲੂਣ ਇਕ ਗਰੀਬੜੀ ਜਿਹੀ ਵਸਤੂ ਹੈ। ਪਰ ਹੈ ਬੜਾ ਮਾਨ ਮੱਤਾ। ਇਸ ਦੀ ਦੇਣ ਹੈ :- **ਲੂਣ ਹਰਾਮ ਕਰਨਾ, ਲੂਣ ਖਾਧਾ ਮੰਨਣਾ, ਲੂਣ ਖਾਣਾ**, ਆਦਿ।

ਮਸਾਲਾ :- ਦਾਲ ਸਬਜ਼ੀ ਨੂੰ ਸੁਆਦੀ ਬਣਾ ਦਿੰਦਾ ਹੈ। ਇਸ ਲਈ ਜੇ ਕਰ ਕੋਈ ਗੱਲ ਵਧਾ ਚੜ੍ਹਾ ਕੇ ਅਲੰਕਾਰਾਂ ਸਹਿਤ ਕਹੀ ਜਾਵੇ ਤਾਂ ਕਹਿੰਦੇ ਹਨ **ਮਸਾਲਾ ਲਾ ਕੇ ਕਹੀ ਗਈ ਹੈ।** ਜਾਂ **ਲੂਣ ਮਿਰਚ ਲਾ ਕੇ** ਕਹੀ ਵੀ ਕਹਿੰਦੇ ਹਨ।

ਕਬਾਬ :- ਲੋਹੇ ਦੀਆਂ ਸੀਖ਼ਾਂ ਨਾਲ ਅੱਗ ਵਿਚ ਮਾਸ ਭੁੰਨ ਕੇ ਬਣਾਉਂਦੇ ਹਨ। ਇਸ ਲਈ ਜੇ ਕਰ ਕਿਸੇ ਦਾ ਦਿਲ ਕਿਸੇ ਕੰਮ, ਜਾਂ ਸ਼ਖ਼ਸ ਦੀਆਂ ਹਰਕਤਾਂ, ਤੋਂ ਤੰਗ ਆਇਆ ਰਹੇ ਤਾਂ ਕਹਿੰਦੇ ਹਨ **ਕਬਾਬ ਹੋਇਆ ਪਿਆ ਹੈ।** ਕਿਸੇ ਦੀ ਪ੍ਰਗਤੀ ਨੂੰ ਦੇਖ ਕੇ ਵੀ ਕੋਈ ਕਬਾਬ ਹੁੰਦਾ ਰਹਿੰਦਾ ਹੈ।

Sri Satguru Jagjit Singh Ji Elibrary NamdhariElibrary@gmail.com

ਰਾਜਨੀਤੀ ਦੇ ਖੇਤ੍ਰ ਤੋਂ ਸ਼ਬਦ

ਰਾਜ ਸੱਤਾ ਨੂੰ ਚਲਾਉਣ ਅਤੇ ਪਰਾਪਤ ਕਰਨ ਦੇ ਲਈ ਵਿਸ਼ੇਸ਼ ਨੀਤੀ ਅਪਨਾਉਣੀ ਪੈਂਦੀ ਹੈ। ਇਸਨੂੰ ਰੀਜਨੀਤੀ ਕਿਹਾ ਜਾਂਦਾ ਹੈ। ਇਹ ਨੀਤੀ ਵੀ ਸਮਾਜਕ ਵਿਕਾਸ ਦੇ ਨਾਲ ਨਾਲ ਵਿਕਾਸਸ਼ੀਲ ਹੈ। ਇਸਨੇ ਵੀ ਭਾਸ਼ਾ ਨੂੰ ਸ਼ਬਦ ਦਿਤੇ ਹਨ। ਜਿਵੇ :-

ਡਿਕਟੇਟਰ, ਫ਼ਾਸ਼ਇਜ਼ਮ, ਨਾਜ਼ੀਇਜ਼ਮ, ਕਮਿਊਨਿਇਜ਼ਮ, ਸੋਸ਼ਲਇਜ਼ਮ, ਅਨਾਰਕਿਜ਼ਮ, ਅਨਾਰਕੀ, ਟ੍ਰੇਡ ਯੂਨੀਅਨ, ਸੁਸਾਇਟੀ, ਕੌਂਸਲ, ਕਮੇਟੀ, ਬੋਰਡ, ਡਿਮੋਕਰੇਸੀ, ਰੀਪਬਲਿਕ, ਪ੍ਰੋਲਤਾਰੀ, ਬੁਰਜੂਵਾ ਆਦਿ ਯੂਰਪੀ ਭਾਸ਼ਾਵਾਂ ਦੇ ਹਨ।

ਸਾਮਰਾਜ, ਰਾਮਰਾਜ, ਸਵਰਾਜ, ਅਰਾਜਕਤਾ, ਲੋਕ ਰਾਜ, ਨਾਗਰਿਕਤਾ, ਨਾਮਿਲਵਰਤੋਂ, ਸਤਿਅਗ੍ਰਹਿ, ਸਾਮਿਆਵਾਦ, ਹੜਤਾਲ, ਘਿਰਾਉ, ਬੰਦ, ਤਾਲਾਬੰਦੀ, ਹੜਤਾਲ, ਨਕਸਲਵਾਦੀ ਆਦਿ ਆਪਣੇ ਹੀ ਘਰੋਂ ਹਿੰਦੀ ਤੋਂ।

ਜਮਹੂਰੀਅਤ, ਸ਼ਹਿਰੀ, ਮੁਜ਼ਾਹਰਾ, ਜਲੂਸ ਆਦਿ ਅਰਬੀ ਫ਼ਾਰਸੀ ਤੋਂ ਲਏ ਹਨ ਅਤੇ ਪੰਜਾਬੀ ਭਾਸ਼ਾ ਦੇ ਵਿਚ ਨਗ ਵਾਂਗ ਜੜਤ ਹਨ।

ਸਾਡੇ ਦੇਸ਼ ਵਿਚ ਲੋਕਰਾਜ ਹੋਣ ਕਰਕੇ ਆਏ ਦਿਨ ਕਿਸੇ ਨਾ ਕਿਸੇ ਪਰਕਾਰ ਦੇ ਚੁਣਾਉ ਹੁੰਦੇ ਹੀ ਰਹਿੰਦੇ ਹਨ। ਚੋਣਾਂ ਦੇ ਨਾਲ ਕੁਝ ਸ਼ਬਦ ਵੀ ਸਾਡੀ ਭਾਸ਼ਾ ਵਿਚ ਪ੍ਰਵੇਸ਼ ਕਰ ਗਏ ਹਨ। ਇਹ ਅੰਗਰੇਜ਼ੀ ਤੋਂ ਹਨ। ਜਿਵੇ:-

ਇਲੈਕਸ਼ਨ, ਵੋਟ, ਵੋਟਰ, ਸੀਟ, ਰਿਜ਼ਰਵ ਸੀਟ, ਅਸੈਂਬਲੀ, ਪਾਰਲੀਮਿੰਟ, ਹਾਊਸ, ਐਮ. ਪੀ, ਐਮ. ਐਲ. ਏ, ਸਪੀਕਰ, ਅਪੋਜ਼ੀਸ਼ਨ, ਬਿੱਲ, ਐਕਟ, ਰੂਲਿੰਗ, ਬਾਈ-ਇਲੈਕਸ਼ਨ, ਪਾਰਟੀ, ਕੋਰਮ, ਮੇਅਰ, ਰਿੱਟ, ਪਟੀਸ਼ਨ, ਕੋਆਪਟ

Sri Satguru Jagjit Singh Ji Elibrary NamdhariElibrary@gmail.com

ਆਦਿ।

ਇਸਦੇ ਨਾਲ ਨਾਲ ਕੁਝ ਸ਼ਬਦ ਅਰਬੀ ਦੇ ਵੀ ਇਸ ਖੇਤ੍ਰ ਵਿਚ ਕੰਮ ਆ ਗਏ ਹਨ।

ਹਲਕਾ, ਵਜ਼ੀਰ, ਮੁਸਵੱਦਾ, ਆਦਿ ਅਤੇ ਫ਼ਾਰਸੀ ਤੋਂ ਉਮੀਦਵਾਰ ਲੈ ਲਿਆ ਹੈ। ਇਸ ਖੇਤ੍ਰ ਵਿਚ ਪੰਜਾਬੀ ਨੇ ਆਪ ਵੀ ਕੁਝ ਸ਼ਬਦ ਰਚੇ ਹਨ। ਜਿਵੇ :- ਪਰਚੀ, ਚੋਣਾਂ, ਮਤਾ, ਬੇ-ਪਰਤੀਤੀ ਦਾ ਮਤਾ ਆਦਿ।

ਮੰਤਰੀ ਹਿੰਦੀ ਤੋ ਅਪਣਾ ਲਿਆ ਹੈ। ਅਰਬੀ ਦੇ ਮੁਸਵੱਦਾ ਨੂੰ ਖਰੜਾ ਵੀ ਕਹਿ ਲਿਆ ਹੈ।

Sri Satguru Jagjit Singh Ji Elibrary NamdhariElibrary@gmail.com

ਰਾਜ ਸੱਤਾ ਅਰਥਾਤ ਮਹਿਕਮਿਆਂ ਤੋਂ ਸ਼ਬਦ

ਮਾਲ ਵਿਭਾਗ, ਪੁਲੀਸ ਅਤੇ ਅਦਾਲਤਾਂ ਨੇ ਵੀ ਭਾਸ਼ਾ ਵਿਚ ਆਪਣੇ ਭਾਵਾਂ ਲਈ ਵੱਖ ਵੱਖ ਸ਼ਬਦ ਦਿਤੇ ਹਨ। ਪੰਜਾਬ ਉਤੇ ਪਿਛਲੇ ਇਕ ਹਜ਼ਾਰ ਸਾਲ ਤੋ ਇਸਲਾਮ ਧਰਮ ਦੇ ਮੰਨਣ ਵਾਲਿਆਂ ਦਾ ਰਾਜ ਰਿਹਾ ਹੈ। ਇਸਲਾਮੀ ਧਰਮ ਅਤੇ ਇਨਸਾਫ ਸ਼ਰਾਅ ਦੇ ਮੁਤਾਬਕ ਚਲਦਾ ਹੈ। ਇਸ ਲਈ ਨਿਆ-ਆਲਿਆਂ ਵਿਚ ਅਰਬੀ ਸ਼ਬਦਾਂ ਦੀ ਭਰਮਾਰ ਅੱਜ ਤੱਕ ਹੈ। ਕੁਝ ਕੁਝ ਫ਼ਾਰਸੀ ਵੀ ਹਨ। ਇਨ੍ਹਾਂ ਮਹਿਕਮਿਆਂ ਵਿਚ ਅਰਬੀ ਫ਼ਾਰਸੀ ਦੇ ਨਾਲ ਨਾਲ ਅੰਗਰੇਜ਼ੀ ਵੀ ਆਪਣਾ ਅਸਰ ਛੱਡ ਗਈ ਹੈ। ਜਿਵੇ :-

ਅਰਬੀ :- ਤਾਰੀਖ਼, ਮੁਨਸ਼ੀ, ਮੁਖ਼ਬਰ, ਇਤਲਾਅ, ਦਫ਼ਾ, ਕਤਲ, ਨਕਲ, ਮੁਲਜ਼ਮ, ਹਾਜ਼ਰੀ, ਮੁਆਇਨਾ, ਮਿਸਲ, ਇਸਤਗ਼ਾਸਾ, ਮੌਕਾ, ਤਫ਼ਤੀਸ਼, ਬਿਆਨ, ਜ਼ੁਰਮ, ਫਰਦ ਜੁਰਮ, ਹਾਕਮ, ਜ਼ਿਮਨੀ, ਫੌਜਦਾਰੀ, ਜ਼ਾਮਨ, ਜ਼ਮਾਨਤ, ਹਲਫ਼ੀਆ ਬਿਆਨ, ਇੰਤਕਾਲ, ਹੱਕ, ਦਖ਼ਲ, ਕਬਜ਼ਾ, ਨਕਸ਼ਾ, ਮੁਰੱਬਾ, ਮੁਰੱਬਾ ਬੰਦੀ, ਰਕਬਾ, ਅਰਾਜ਼ੀ, ਬੈਅ, ਰਹਿਣ, ਬਹਿਸ, ਕਾਨੂੰਨ, ਜਿਰਾਹ, ਤਨਕੀਅ, ਵਕੀਲ, ਅਦਾਲਤ, ਮਾਲ, ਸਾਲਸ।

ਫ਼ਾਰਸੀ :- ਹਵਾਲਾਤ, ਪੇਸ਼ੀ, ਰੋਜ਼ਨਾਮਚਾ, ਗੁਵਾਹ, ਅਹਿਲਕਾਰ, ਪੈਮਾਇਸ਼, ਗ੍ਰਿਫ਼ਤਾਰ, ਨਸ਼ਾਨਦਹੀ, ਪੈਮਾਨਾ, ਪਿਆਦਾ ਆਦਿ।

ਤੁਰਕੀ :- ਤਲਾਸ਼ੀ, ਮਚਲਕਾ ਆਦਿ।

ਅੰਗਰੇਜ਼ੀ :- ਚਲਾਨ, ਰਿਮਾਂਡ, ਰੱਪਟ, ਸਿਪਾਹੀ, ਕੰਸਟੇਬਲ, ਕੇਸ, ਪੁਲੀਸ,

Sri Satguru Jagjit Singh Ji Elibrary NamdhariElibrary@gmail.com

ਸੀ. ਆਈ. ਡੀ. ਸਟਾਫ, ਮੇਜਰ ਪੋਰਸ਼ਨ, ਓਵਰ ਫਲੋ, ਏਕੜ, ਡਿਗਰੀ, ਕੋਰਟ, ਕੋਰਟਫੀਸ, ਮਜਿਸਟ੍ਰੇਟ, ਜੱਜ, ਰਜਿਸਟਰੀ, ਅਪੀਲ, ਜੇਲ, ਸੰਮਨ ਆਦਿ।

ਇਹ ਸਾਰੇ ਸ਼ਬਦ ਵੱਖ ਵੱਖ ਭਾਸ਼ਾਵਾਂ ਦੇ ਹੁਣ ਪੰਜਾਬੀ ਹੀ ਹਨ। ਇਨ੍ਹਾਂ ਦੀ ਉਦਾਹਰਨ ਦਿੰਦੇ ਹਾਂ :-

ਇਕ **ਚੋਰ** (ਪੰਜਾਬੀ) **ਪਾੜ** (ਪੰਜਾਬੀ) ਲਾਉਂਦਾ ਹੈ। ਘਰ ਵਾਲਾ ਜਾ **ਮੁਖ਼ਬਰ** (ਅਰਬੀ) **ਥਾਣੇ** (ਪੰਜਾਬੀ) ਵਿਚ **ਇਤਲਾਅ** (ਅਰਬੀ) ਜਾਂ **ਰੱਪਟ** (ਅੰਗਰੇਜ਼ੀ) ਦਿੰਦਾ ਹੈ। **ਪੁਲਿਸ** (ਅੰਗਰੇਜ਼ੀ) **ਤਫ਼ਤੀਸ਼** (ਅਰਬੀ) ਲਈ **ਰਵਾਨਾ** (ਫ਼ਾਰਸੀ) ਹੁੰਦੀ ਹੈ। **ਤਲਾਸ਼ੀ** (ਤੁਰਕੀ) ਤੇ **ਮਾਲ** (ਅਰਬੀ) **ਬਰਾਮਦ** (ਫ਼ਾਰਸੀ) ਹੋ ਜਾਂਦਾ ਹੈ। **ਮੁਲਜ਼ਮ** (ਅਰਬੀ) **ਗ੍ਰਿਫ਼ਤਾਰ** (ਫ਼ਾਰਸੀ) ਕਰਕੇ **ਹਵਾਲਾਤ** (ਫ਼ਾਰਸੀ) ਵਿਚ ਬੰਦ ਕੀਤਾ ਜਾਂਦਾ ਹੈ। **ਚਲਾਨ** (ਅੰਗਰੇਜ਼ੀ) **ਅਦਾਲਤ** (ਅਰਬੀ) ਵਿਚ **ਪੇਸ਼** (ਫ਼ਾਰਸੀ) ਹੁੰਦਾ ਹੈ। **ਪੁਲੀਸ ਜੱਜ** (ਅੰਗਰੇਜ਼ੀ) ਪਾਸੋਂ ਰਿਮਾਂਡ (ਅੰਗੇਰਜ਼ੀ) **ਲੈ** ਲੈਂਦੀ ਹੈ। **ਫੇਰ ਫਰਦ-ਜੁਰਮ** (ਅਰਬੀ) ਪੇਸ਼ ਹੁੰਦੀ ਹੈ। **ਗਵਾਹਾਂ** (ਫ਼ਾਰਸੀ) ਨੂੰ **ਸੰਮਨ** (ਅੰਗਰੇਜ਼ੀ) **ਜਾਰੀ** (ਫ਼ਾਰਸੀ) ਹੁੰਦੇ ਹਨ। **ਵਕੀਲ** (ਅਰਬੀ) **ਬਹਿਸ** (ਅਰਬੀ) ਕਰਦੇ ਹਨ। **ਸ਼ਹਾਦਤ** (ਅਰਬੀ) ਭੁਗਤਦੀ ਹੈ। **ਜਿਰਾਹ** (ਅਰਬੀ) ਹੁੰਦੀ ਹੈ। **ਤਨਕੀਅ** (ਅਰਬੀ) ਨਿਕਲਦੀ ਹੈ। **ਜੁਰਮ** (ਅਰਬੀ) ਸਹੀ ਹੋਣ ਤੇ **ਹੁਕਮ** (ਅਰਬੀ) ਸੁਣਾਇਆ ਜਾਂਦਾ ਹੈ। **ਸਜ਼ਾ** (ਫ਼ਾਰਸੀ) ਹੁੰਦੀ ਹੈ। **ਕੈਦੀ** (ਅਰਬੀ) **ਜੇਲ੍ਹ** (ਅੰਗਰੇਜ਼ੀ) ਭੇਜਿਆ ਜਾਂਦਾ ਹੈ। ਉਥੋਂ ਸਜ਼ਾ ਭੁਗਤ ਕੇ ਰਿਹਾ (ਫ਼ਾਰਸੀ) ਹੁੰਦਾ ਹੈ।

ਇਹ ਸਭ ਅਜੀਬ ਨਹੀਂ ਤਾਂ ਹੋਰ ਕੀ ਹੈ? ਕੀ ਤੁਸੀਂ ਇਸ ਬਾਰੇ ਕਦੇ ਸੋਚਿਆ ਹੈ?

Sri Satguru Jagjit Singh Ji Elibrary NamdhariElibrary@gmail.com

ਵਿੱਦਿਆ ਦੇ ਖੇਤ੍ਰ 'ਚੋਂ ਸ਼ਬਦ

ਵਿੱਦਿਆ ਦੇ ਖੇਤ੍ਰ ਵਿਚੋਂ ਵੀ ਭਾਸ਼ਾ ਨੂੰ ਰਸਦ ਮਿਲਦੀ ਰਹੀ ਹੈ। ਪਹਿਲਾਂ ਮਕਤਬ ਤੋਂ ਅਤੇ ਫੇਰ ਸਕੂਲ ਤੋਂ ਨਵੇਂ ਸ਼ਬਦ ਮਿਲਦੇ ਰਹੇ ਹਨ।

ਮਕਤਬ ਤੋਂ :- ਹਾਜ਼ਰੀ, ਪੱਟੀ, ਇਬਾਰਤ, ਸਵਾਲ, ਜੁਵਾਬ, ਕਿਤਾਬ, ਕਾਇਦਾ, ਨਕਸ਼ਾ, ਜਮਾਤ, ਕਲਮ, ਦਵਾਤ, ਸਿਆਹੀ, ਉਸਤਾਦ, ਨਤੀਜਾ, ਕਾਗਜ਼, ਸ਼ਾਗਿਰਦ, ਕਲਮਦਾਨ, ਬਸਤਾ, ਤਖ਼ਤਾ ਸਿਆਹ, ਸਬਕ, ਕਤਾਰ, ਸਤਰ, ਕੁਰਸੀ, ਪੈਮਾਨਾ, ਇਮਤਿਹਾਨ, ਨਤੀਜਾ।

ਸਕੂਲ ਤੋਂ :- ਡੈਸਕ, ਬਲੈਕ ਬੋਰਡ, ਰਜਿਸਟਰ, ਡਸਟਰ, ਪੈਨ, ਪਿਨ, ਪੈਨਸਿਲ, ਸਲੇਟ, ਕਾਪੀ, ਟੀਚਰ, ਫ਼ੀਸ, ਸਕੂਲ, ਕਾਲਜ, ਪ੍ਰੋਫ਼ੈਸਰ, ਲੈਕਚਰ, ਲੈਕਚਰਾਰ, ਪੀਰੀਅਡ, ਸਲੇਬਸ, ਕੋਰਸ, ਮਾਸਟਰ, ਕਲਾਸ, ਡਵੀਜ਼ਨ, ਨੰਬਰ, ਸਟੇਸ਼ਨਰੀ, ਨਿੱਬ, ਇੰਕ, ਰਿਜ਼ਲਟ, ਅਤਿ ਆਦਿ।

ਫੇਰ ਇਨ੍ਹਾਂ ਸ਼ਬਦਾਂ ਦੇ ਹੋਰ ਭਾਵ ਭੇਦ ਹੋ ਗਏ। ਜਿਵੇ :- ਪੱਟੀ ਤੋਂ :-

ਪੱਟੀ ਮੇਸਣੀ :- ਵਿਦਿਆਰਥੀ ਸਾਰੀ ਲਿਖਾਈ ਕਰਕੇ ਹੋਰ ਕੁਝ ਲਿਖਣ ਦੇ ਲਈ ਪੂਰਬ ਲਿਖਿਆ ਸਭ ਕੁਝ ਮੇਟ ਦੇਂਦੇ ਹਨ। ਇਸ ਤੋਂ ਉਸ ਵੇਲੇ ਲਈ ਕਿਹਾ ਜਾਂਦਾ ਹੈ ਜਦੋਂ ਕੋਈ ਸਾਰੇ ਕੀਤੇ ਕਰਾਏ ਨੂੰ ਖ਼ਰਾਬ ਕਰ ਦੇਵੇ, ਕਿ ਉਸਨੇ ਤਾਂ ਪੱਟੀ ਮੇਸ ਕਰ ਦਿੱਤੀ।

ਪੱਟੀ ਪੜ੍ਹਾਣੀ :- ਬੱਚਿਆਂ ਨੂੰ ਅਧਿਆਪਕ ਪਹਿਲਾਂ ਆਪ ਪੱਟੀ ਤੇ ਲਿਖ ਕੇ ਦਸਦਾ ਹੈ ਅਤੇ ਫੇਰ ਉਸ ਲਿਖੇ ਨੂੰ ਪੜ੍ਹਾਂਦਾ ਹੈ। ਇਸ ਤੋਂ ਜੇਕਰ ਕੋਈ ਕਿਸੇ ਨੂੰ ਲਾਈ ਬੁਝਾਈ ਕਰ ਕੇ ਪੁੱਠੀ ਮੱਤ ਤੇ ਤੋਰ ਲਵੇ ਤਾਂ ਕਿਹਾ ਜਾਂਦਾ ਹੈ–ਪੱਟੀ ਪੜ੍ਹਾਈ ਹੋਈ ਹੈ।

Sri Satguru Jagjit Singh Ji Elibrary NamdhariElibrary@gmail.com

ਉਸਤਾਦ ਤੋਂ :- ਸਕੂਲ ਵਿਚ ਸਾਰਾ ਦਿਨ ਉਸਤਾਦ ਹੁਕਮ ਚਲਾਂਉਂਦਾ ਹੈ। ਬੱਚਿਆ ਨੂੰ ਸਾਰਾ ਦਿਨ ਬੱਚੇ ਅਤੇ ਸਿਖਿਆਰਥੀ ਹੋਣ ਦੇ ਨਾਤੇ ਆਪਣੇ ਤੋਂ ਘੱਟ ਸਮਝਦਾ ਹੈ। ਇਸ ਤੋਂ ਜੇ ਕਰ ਕੋਈ ਆਪਣੇ ਆਪ ਨੂੰ ਹੋਰਾਂ ਨਾਲੋਂ ਉੱਚਾ, ਸਿਆਣਾ ਅਤੇ ਅੱਗੇ ਸਮਝਦਾ ਹੋਵੇ ਅਤੇ ਵਾਸਤਵ ਵਿਚ ਉਹ ਹੋਵੇ ਨਾ ਤਾਂ ਕਹਿੰਦੇ ਹਨ ਕਿ ਉਸਤਾਦੀ ਕਰਦਾ ਹੈ ਸਾਡੇ ਨਾਲ। ਭਾਵ ਸਾਨੂੰ ਬੱਚੇ ਅਤੇ ਸਿਖਿਆਰਥੀ ਹੀ ਸਮਝਦਾ ਹੈ।

ਇੱਕ ਹੋਰ ਸ਼ਬਦ ਅਜੋਕੀ ਲੋੜ ਨੇ ਇਸ ਖੇਤ੍ਰ ਵਿਚ ਲਿਆਂਦਾ ਹੈ। ਉਹ ਹੈ ਇਸਤ੍ਰੀ ਅਧਿਆਪਕ ਦੇ ਲਈ -- ਭੈਣ ਜੀ।

Sri Satguru Jagjit Singh Ji Elibrary NamdhariElibrary@gmail.com

ਗਣਿਤ ਤੋਂ ਸ਼ਬਦ ਅਤੇ ਉਪਮਾਵਾਂ

ਗਣਿਤ ਨੂੰ ਬ੍ਰਹਿਮੰਡ ਦੀ ਭਾਸ਼ਾ ਮੰਨਿਆ ਜਾਂਦਾ ਹੈ। ਇਸਦੇ ਨਿਜ਼ਮ, ਗ੍ਰਿਹਾਂ ਅਤੇ ਤਾਰਾ-ਮੰਡਲ ਸਮੇਤ, ਸਾਰੀ ਕਾਇਨਾਤ ਵਿਚ ਇੱਕ ਸਮਾਨ ਹਨ।

ਗਣਿਤ ਨੇ ਲੱਗਭਗ ਸਾਰੀਆਂ ਭਾਸ਼ਾਵਾਂ ਦੀ ਸ਼ਬਦਾਵਲੀ ਨੂੰ ਪ੍ਰਫੁੱਲਤ ਕੀਤਾ ਹੈ। ਜਿਵੇਂ ਪੰਜਾਬੀ ਨੂੰ ਇਸਨੇ ਨਿਵਾਜਿਆ ਹੈ। ਏਥੋਂ ਤੱਕ ਪੰਜ ਤੋਂ ਬਿਨਾਂ ਪੰਜਾਬ ਅਤੇ ਪੰਜਾਬੀ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਹੋਰ ਦੇਣ ਇੰਞ ਹੈ।

ਲੱਖ ਲੇਤ੍ਰਾ, ਨਹਿਲੇ ਉਤੇ ਦਹਿਲਾ ਮਾਰਨਾ, ਇਕ ਨਾ ਗਿਣਨ ਦੇਣਾ, ਇਕ ਇਕੱਲਾ ਦੋ ਗਿਆਰਾ, ਚਾਰ ਸੌ ਵੀਹ, ਦਸ ਨੰਬਰੀਆ, ਤਿੰਨ ਪੰਜ ਕਰਨੀ, ਛੱਤੀ ਪਰਕਾਰ ਦੇ ਭੋਜਨ, ਸੋਲ੍ਹਾਂ ਸ਼ਿੰਗਾਰ, ਪੌਂ-ਬਾਰਾਂ ਜਾਂ ਤਿਨ ਕਾਣੇ, ਉੱਨੀ-ਇੱਕੀ ਦਾ ਅੰਤ੍ਰ ਹੋਣਾ, ਚੌਰਾਸੀ ਕੱਟੀ ਜਾਣੀ, ਸੱਤ ਸਮੁੰਦਰ ਪਾਰ, ਨੜ੍ਹਿਨਵੇਂ ਦਾ ਚੱਕਰ ਜਾਂ ਫੇਰ, ਚੌਦਾਂ ਤਬਕ ਰੋਸ਼ਨ ਹੋਣੇ, ਨੌ ਨਿਧਾਂ ਬਾਰਾਂ ਸਿਧਾਂ, ਪੰਚਾਇਤ, ਤਿੰਨਾਂ 'ਚ ਨਾਂ ਤੇਰ੍ਹਾਂ 'ਚ ਹੋਣਾ, ਪੰਜ ਇਸ਼ਨਾਨਾ।

Sri Satguru Jagjit Singh Ji Elibrary NamdhariElibrary@gmail.com

ਚਕਿੱਤਸਾ ਦੇ ਖੇਤ੍ਰ 'ਚੋਂ ਸ਼ਬਦ

ਚਕਿੱਤਸਾ ਦੇ ਖੇਤ੍ਰ ਵਿਚ ਵੀ ਸ਼ਬਦ ਰਚਨਾ ਹੋਈ ਹੈ। ਇਸ ਖੇਤ੍ਰ ਵਿਚ ਹੋਰ ਭਾਸ਼ਾਵਾਂ ਤੋਂ ਵੀ ਸ਼ਬਦ ਉਧਾਰ ਲਏ ਗਏ ਹਨ ਜਿਵੇ :-

ਅੰਗਰੇਜ਼ੀ ਤੋਂ :- ਫਲੂ, ਟੀ. ਬੀ., ਟਾਈਫਾਈਡ, ਕੈਂਸਰ, ਨਰਸ, ਡਾਕਟਰ, ਲੇਡੀ ਡਾਕਟਰ, ਹਸਪਤਾਲ, ਮਿਕਸਚਰ, ਕੁਨੀਨ, ਐਕਸ-ਰੇ, ਟੈਸਟ, ਬਲੱਡ-ਬੈਂਕ, ਆਪਰੇਸ਼ਨ, ਡੋਜ਼, ਹਾਰਟ ਫੇਲ੍ਹ, ਕੈਮਿਸਟ, ਸਟਰੇਚਰ, ਬਲੱਡ ਪ੍ਰੈਸ਼ਰ, ਇਹ ਸ਼ਬਦ ਐਲੋਪੈਥੀ ਨਾਲ ਸੰਬੰਧਤ ਹਨ।

ਇਹ ਯੂਨਾਨੀ ਹਿਕਮਤ ਨਾਲ ਹਨ ਜੋ ਫ਼ਾਰਸੀ ਅਰਬੀ ਤੋਂ ਆਏ ਹਨ ਜਿਵੇ:-

ਸ਼ੱਕਰ, ਮਰੀਜ਼, ਮਰਜ਼, ਨਬਜ਼, ਕਰੂਰਾ, ਸਿਹਤ, ਨੁਸਖ਼ਾ, ਦਵਾ, ਹਕੀਮ, ਨਸ਼ਤਰ, ਜਿਰਾਹ, ਜ਼ਖ਼ਮ, ਨਾਸੂਰ, ਆਦਿ। ਇਸਦੇ ਨਾਲ ਨਾਲ ਜਨ-ਸਾਧਾਰਨ ਨੇ ਕੁਝ ਸ਼ਬਦ ਆਪਣੀ ਆਸਾਨੀ ਦੇ ਲਈ ਆਪ ਘੜੇ ਹਨ, ਜਿਵੇਂ :-

ਟੀਕਾ, ਲੋਂਦਾ ਜਾਂ ਸੂਆ--ਇਨਜੈਕਸ਼ਨ ਦੇ ਲਈ।

ਦਿਲ ਫੇਲ੍ਹ ਹੋਣਾ –ਹਾਰਟ ਫੇਲ੍ਹ ਹੋਣ ਦੇ ਲਈ।

ਟੂਟੀ – ਸਟੈਥਿਸਕੋਪ ਦੇ ਲਈ।

ਵੱਦ :- ਇਹ ਇਕ ਅਜਿਹੀ ਬੀਮਾਰੀ ਹੈ ਜੋ ਥੋੜ੍ਹੇ ਕੀਤਿਆਂ ਹੱਟਣ ਵਿਚ ਨਹੀਂ ਆਉਂਦੀ ਅਤੇ ਤੰਗ ਬਹੁਤ ਕਰਦੀ ਹੈ। ਇਸ ਤੋਂ ਜੇ ਕਰ ਕਿਸੇ ਭੈੜੇ ਬੰਦੇ ਦੇ ਨਾਲ ਅਟੁੱਟ ਵਾਹ ਪੈ ਜਾਵੇ ਤਾਂ ਅੱਕ ਕੇ ਕਹਿੰਦੇ ਹਨ ਕਿ ਇਹ ਚੰਗਾ ਵੱਦ ਲਗਾ ਹੈ ਖਹਿੜਾ ਹੀ ਨਹੀਂ ਛੁੱਟਦਾ ਇਸ ਤੋਂ।

Sri Satguru Jagjit Singh Ji Elibrary NamdhariElibrary@gmail.com

ਬਿਜਲੀ ਦੇ ਖੇਤ੍ਰ 'ਚੋਂ ਸ਼ਬਦ

ਜੀਵਨ ਵਿਚ ਨਵੀਆਂ ਚੀਜ਼ਾਂ ਅਤੇ ਕਾਢਾਂ ਦਾ ਪ੍ਰਵੇਸ਼ ਹੋ ਰਿਹਾ ਹੈ। ਜਿਨ੍ਹਾਂ ਦੇਸ਼ਾਂ ਵਿਚੋਂ ਕਾਢਾਂ ਸਾਡੇ ਪਾਸ ਆਉਂਦੀਆਂ ਹਨ ਆਪਣੇ ਨਾਂ ਅਤੇ ਸੰਬੰਧਤ ਸ਼ਬਦਾਵਲੀ ਨਾਲ ਹੀ ਲੈ ਕੇ ਆਉਂਦੀਆਂ ਹਨ। ਆਪਸੀ ਇਸ ਲੈਣ ਦੇਣ ਸਮੇਂ ਕੁਝ ਹੋਰ ਸ਼ਬਦ ਵੀ ਆ ਹੀ ਜਾਂਦੇ ਹਨ। ਫੇਰ ਇਹ ਸ਼ਬਦ ਜਿਨ੍ਹਾਂ ਵਿਚਾਰਾਂ ਅਤੇ ਅਰਥਾਂ ਦੀ ਪ੍ਰਤੀਨਿਧਤਾ ਕਰਦੇ ਹਨ ਉਹ ਵਿਚਾਰ ਅਤੇ ਅਰਥ ਵੀ ਉਸ ਨਵੀਂ ਬੋਲੀ ਵਿਚ ਆ ਜਾਂਦੇ ਹਨ।

ਬਿਜਲੀ ਦੇ ਆ ਜਾਣ ਦੇ ਨਾਲ ਬਲਬ, ਲਾਇਟ, ਆਨ, ਆਫ਼, ਪਾਵਰ, ਕਰੰਟ, ਸ਼ਾਟ, ਕੈਂਡਲ ਪਾਵਰ, ਸ਼ਾਕ, ਲੋਡ, ਮੀਟਰ ਆਦਿ ਅਨੇਕ ਸ਼ਬਦ ਸਾਡੀ ਭਾਸ਼ਾ ਵਿਚ ਆ ਗਏ ਹਨ। ਜਨ-ਸਾਧਾਰਨ ਵੀ ਉਨ੍ਹਾਂ ਦੀ ਵਰਤੋਂ ਕਰ ਰਿਹਾ ਹੈ।

ਬਲਬ :- ਇਸਦਾ ਪੰਜਾਬੀਕਰਨ ਲਾਟੂ ਹੈ।

ਬੱਤੀ ਜਗਾਣ ਨੂੰ ਕਹਿੰਦੇ ਹਨ ਲਾਈਟ ਆਨ ਕਰਨੀ।

ਬੱਤੀ ਬੁਝਾਣ ਨੂੰ ਕਹਿੰਦੇ ਹਨ ਲਾਈਟ ਆਫ਼ ਕਰਨੀ।

ਜੇਕਰ ਬਿਜਲੀ ਦਾ ਝਟਕਾ ਲੱਗੇ ਤਾਂ ਕਹਿੰਦੇ ਹਨ ਕਿ ਸ਼ਾਕ ਲੱਗਾ, ਬਿਜਲੀ ਸ਼ਾਟ ਕਰਦੀ ਹੈ।

ਬਿਜਲੀ ਦੀ ਵਰਤੋਂ ਨੂੰ ਮਾਪਣ ਵਾਲੀ ਮਸ਼ੀਨ ਦਾ ਨਾਂ ਮੀਟਰ ਹੈ। ਬਲਬ ਜਾਂ ਲਾਟੂ ਦੀ ਤਾਕਤ ਕੈਂਡਲ-ਪਾਵਰ ਵਿਚ ਦਰਸਾਈ ਜਾਂਦੀ ਹੈ। ਲਾਈਟ ਆਨ ਜਾਂ ਆਫ਼ ਕਰਨ ਵਾਲਾ ਯੰਤ੍ਰ ਸੁਵਿੱਚ ਹੈ।

ਬਿਜਲੀ ਅਜੇ ਹੋਰ ਵੀ ਸ਼ਬਦ ਭਾਸ਼ਾ ਨੂੰ ਦੇਵੇਗੀ। ਅਜੇ ਇਸ ਦਾ ਪਸਾਰ ਹੋ ਰਿਹਾ ਹੈ।

Sri Satguru Jagjit Singh Ji Elibrary NamdhariElibrary@gmail.com

ਫ਼ਿਲਮਾਂ ਦੇ ਖੇਤ੍ਰ 'ਚੋਂ ਸ਼ਬਦ

ਫ਼ਿਲਮ ਦੀ ਕਾਢ ਦੇ ਨਾਲ ਵੀ ਢੇਰ ਸਾਰੇ ਸ਼ਬਦ ਭਾਸ਼ਾ ਦੀ ਝੋਲੀ ਪਏ ਹਨ। ਜਿਵੇਂ :-

ਫ਼ਿਲਮ, ਫਿਲਮ ਐਕਟਰ, ਐਕਟਰੈਸ, ਹੀਰੋ, ਹੀਰੋਇਨ, ਵਿਲੀਅਨ ਖਲਨਾਇਕ, ਵੈਂਪ, ਸਸਪੈਂਸ, ਕਾਮਿਡੀ, ਟ੍ਰੇਜਡੀ, ਬੱਕਸ ਆਫਿਸ, ਸਿਨੇਮਾ, ਟਾਕੀ, ਐਕਸਟਰਾ, ਸਿਨੇਮਾ ਸਲਾਈਡ, ਸਿਲੋਲਾਇਡ, ਸ਼ੋਅ, ਮੈਟਨੀ ਸ਼ੋਅ, ਸਟਾਰ, ਇਨਟਰਵਲ, ਹਾਲ ਫੁੱਲ, ਮਿਊਜ਼ਕ, ਡਾਨਸ, ਸੀਨਰੀ, ਡਾਇਲਾਗ, ਡਿਸਕੋ ਡਾਂਸ, ਆਰਕੈਸਟਰਾ, ਡਾਇਰੈਕਟਰ, ਪਿਕਚਰ, ਸੂਟਿੰਗ, ਕੋਰਸ ਸਾਂਗ, ਨਿਊਜ਼ਰੀਲ, ਸਾਇਡ ਹੀਰੋ ਜਾਂ ਸਾਇਡ ਹੀਰੋਇਨ ਆਦਿ।

ਇਹ ਸਾਰੀ ਸ਼ਬਦਾਵਲੀ ਫਿਲਮ ਦੇ ਨਾਲ ਹੀ ਵਿਦੇਸ਼ ਤੋਂ ਸਾਡੇ ਘਰ ਆਈ ਅਤੇ ਅਸੀਂ ਸਾਂਭ ਕੇ ਹਿੱਕ ਨਾਲ ਲਾ ਲਈ ਹੈ।

ਇੱਕ ਸ਼ਬਦ ਚੱਲ-ਚਿਤ੍ਰ ਹਿੰਦੀ ਤੋਂ ਆ ਰਿਹਾ ਹੈ ਪਰ ਫਿਲਮ ਦੇ ਸਾਹਮਣੇ ਚੱਲ-ਚਿਤ੍ਰ ਚੱਲ ਨਹੀਂ ਰਿਹਾ ਹੈ।

Sri Satguru Jagjit Singh Ji Elibrary NamdhariElibrary@gmail.com

ਨਸ਼ੇ ਪਾਰਟੀਆਂ ਅਤੇ ਕਲੱਬ ਤੋਂ ਸ਼ਬਦ

ਅੰਗ੍ਰੇਜ਼ਾਂ ਅਤੇ ਹੋਰ ਯੂਰਪੀ ਕੌਮਾਂ ਦੀ ਆਵਾਜਾਈ ਦੇ ਨਾਲ ਉਹਨਾਂ ਦਾ ਸਭਿਆਚਾਰ ਅਤੇ ਸੰਬੰਧਤ ਸ਼ਬਦਾਵਲੀ ਵੀ ਆਈ, ਪਰ ਗਈ ਨਹੀਂ। ਕਲੱਬ ਆਇਆ ਅਤੇ ਏਥੇ ਹੀ ਰਹਿ ਗਿਆ। ਕਲੱਬ ਅਤੇ ਹੋਰ ਪਾਰਟੀਆਂ ਵਿੱਚ ਵਰਤੇ ਜਾਂਦੇ ਸ਼ਬਦ ਅੰਗਰੇਜ਼ੀ ਤੋਂ ਆ ਕੇ ਹੁਣ ਸਾਡੇ ਆਪਣੇ ਹੀ ਹੋ ਗਏ ਹਨ। ਜਿਵੇਂ :-

ਗਲਾਸ, ਕੱਪ, ਪੈੱਗ, ਗੈਸਟ, ਪਾਰਟੀ, ਟੂਰ, ਅਊਟ (ਅਰਥਾਤ ਨਸ਼ਾ ਜ਼ਿਆਦਾ ਹੋ ਜਾਣਾ) ਡਾਂਸ, ਰੰਬਾ, ਟਵਿਸਟ, (ਦੋਵੇਂ ਨਿਰਤ ਦੀਆਂ ਵੰਨਗੀਆਂ ਹਨ) ਫ਼ਲੈਸ਼, ਸੁਵੀਪ, ਰੱਮੀ (ਇਹ ਤਿੰਨੇ ਤਾਸ਼ ਦੀਆਂ ਖੇਡਾਂ ਹਨ) ਬੋਤਲ, ਬਿੱਲ, ਬੈਰਾ, ਮਿਊਜ਼ਿਕ, ਆਰਕੈਸਟਰਾ, ਬੈਲੇ, ਕੌਫ਼ੀ, ਵਿਸਕੀ, ਬਰਾਂਡੀ, ਜਿੰਨ, ਰੈਮ, ਸ਼ੈਮਪੀਅਨ, ਟੋਸਟ, ਕਾਕਟੇਲ, ਡਿਨਰ, ਲੰਚ, ਟੀ-ਪਾਰਟੀ, ਗਾਰਡਨ-ਪਾਰਟੀ, ਬੁਆਇ ਅਤਿ ਆਦਿ।

ਇਸ ਦੇ ਨਾਲ ਅਜੇ ਕੁਝ ਸ਼ਬਦ ਅਰਬੀ ਅਤੇ ਫ਼ਾਰਸੀ ਦੇ ਵੀ ਵਰਤੋਂ ਵਿਚ ਹਨ। ਜਿਵੇਂ :-

ਮਹਿਫ਼ਲ, ਜਾਮ, ਸਾਕੀ, ਨਸ਼ਾ, ਖ਼ੁਮਾਰ, ਬੇਹੋਸ਼, ਸ਼ਰਾਬ, ਆਦਿ।

ਪੰਜਾਬੀ ਦੇ ਇਕ ਪੁਰਾਣੇ ਅਤੇ ਘਰੇਲੂ ਸ਼ਬਦ "ਹਾੜਾ" ਨੂੰ ਹੁਣ ਅੰਗਰੇਜ਼ੀ ਦੇ ਸ਼ਬਦ ਪੈੱਗ ਨੇ ਮੈਦਾਨ 'ਚੋਂ ਖਦੇੜ ਛੱਡਿਆ ਹੈ ਪਰ ਇਕ ਸ਼ਬਦ ਪੰਜਾਬੀ ਅੰਗਰੇਜ਼ੀ ਦੀ ਸੰਧੀ ਦੀ ਦੇਣ ਹੈ ਜੋ ਘਰ ਕਰਦਾ ਜਾ ਰਿਹਾ ਹੈ। ਉਹ ਹੈ **ਪਟਿਆਲਾ ਪੈੱਗ** ਅਰਥਾਤ ਡਬਲ ਪੈੱਗ।

Sri Satguru Jagjit Singh Ji Elibrary NamdhariElibrary@gmail.com

ਕਿੱਤਿਆਂ ਤੋਂ ਸ਼ਬਦ ਅਤੇ ਉਪਮਾਵਾਂ

ਹੋਰ ਸਮਾਜਾਂ ਵਾਂਗ ਪੰਜਾਬੀ ਭਾਸ਼ੀ ਸਮਾਜ ਵੀ ਵੱਖ ਵੱਖ ਕਿਰਤੀ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਹੈ। ਹਰ ਕਿਰਤ ਦਾ ਵੱਖ ਵੱਖ ਨਾਂ ਹੈ ਅਤੇ ਵੱਖਰੀ ਸ਼ਬਦਾਵਲੀ। ਉਸ ਕਿਰਤ ਜਾਂ ਨਾ ਤੋਂ ਸ਼ਬਦ ਵੀ ਰਚੇ ਗਏ ਹਨ ਜਿਵੇ :-

-ਸੋਨੇ ਦਾ ਕੰਮ, ਗਹਿਣੇ ਆਦਿ ਦਾ ਕੰਮ ਕਰਨ ਵਾਲੇ ਨੂੰ ਸੁਨਿਆਰ ਕਹਿੰਦੇ ਹਨ। ਇਸ ਕਿੱਤੇ ਤੋਂ – ਖੱਟੇ ਵਿਚ ਪਾਉਣਾ, ਸੁਨਾਰ ਦੀ ਠੱਕ ਠੱਕ ਲੁਹਾਰ ਦੀ ਇੱਕ ਸੱਟ, ਸੋਨੇ ਤੇ ਸੁਹਾਗਾ ਹੋਣਾ, ਟਾਂਕਾ ਲਾਉਣਾ, ਸੰਚੇ ਵਿਚ ਢਾਲਣਾ।

–ਤਿਲਾਂ ਵਿਚੋਂ ਤੇਲ ਕੱਢਣ ਦਾ ਕੰਮ ਕਰਨ ਵਾਲੇ ਨੂੰ ਤੇਲੀ ਕਿਹਾ ਗਿਆ ਹੈ। ਅੱਜ ਉਹ ਭਾਵੇਂ ਸਰ੍ਹੋਂ, ਤਾਰਾਮੀਰਾ, ਤੋਰੀਆ, ਮੂੰਗਫ਼ਲੀ ਜਾਂ ਗਿਰੀ ਆਦਿ ਵਿਚੋਂ ਵੀ ਤੇਲ ਕਢਦਾ ਹੈ ਪਰ ਉਸਦੇ ਕਿੱਤੇ ਦਾ ਨਾ ਉਹੋ ਤੇਲੀ ਹੀ ਹੈ । ਤੇਲੀ ਤੋਂ :-

ਤੇਲ ਦੇਖੋ ਤੇਲ ਦੀ ਧਾਰ ਦੇਖੋ, ਕੋਹਲੂ ਦਾ ਬਲਦ, ਤੇਲ ਕਢਣਾ, ਇਹਨੀ ਤਿੱਲੀਂ ਤੇਲ ਨਹੀਂ, ਬੰਦਾ ਜੋੜੇ ਪਲੀ ਪਲੀ ਰਾਮ ਲੁੰਢਾਵੇ ਕੁੱਪੇ, ਆਦਿ।

–ਰੂੰ ਪਿੰਜਣ ਦਾ ਕੰਮ ਕਰਨ ਵਾਲੇ ਨੂੰ ਪੈਂਜਾ ਕਹਿੰਦੇ ਹਨ। ਇਹ ਪੈਂਜਾ ਅਸਲ ਵਿਚ ਫ਼ਾਰਸੀ ਦਾ ਪੰਬਾ ਹੈ ਜਿਸ ਦੇ ਅਰਥ ਹਨ ਰੂੰ। ਰੂੰ ਨੂੰ ਪੰਜਾਬੀ ਵਿਚ ਫੰਬਾ ਵੀ ਇਸੇ ਪੰਬਾ ਤੋਂ ਕਹਿੰਦੇ ਹਨ। ਪੈਂਜੇ ਨੇ ਸਾਨੂੰ ਤਾੜੇ ਆਉਣਾ ਦਿਤਾ ਹੈ।

ਝਟਕਾ ਕਰਨ ਦਾ ਕੰਮ ਕਰਨ ਵਾਲੇ ਨੂੰ **ਝਟਕਈ** ਕਿਹਾ ਹੈ। ਇਹ ਸ਼ਬਦ **ਕਸਾਈ** ਦਾ ਸਿੱਖ ਰੂਪ ਹੈ। ਪਰ ਕਸਾਈ ਨਾਲੋਂ ਕੁਝ ਘੱਟ ਚੁਭਦਾ ਸ਼ਬਦ ਹੈ। ਕਸਾਈ ਤਾਂ ਪੰਜਾਬੀ ਵਿਚ ਇਕ ਗਾਲ੍ਹ ਵਜੋਂ ਵਰਤਿਆਂ ਜਾਂਦਾ ਹੈ। ਦੇਖੋ ਤਕ

Sri Satguru Jagjit Singh Ji Elibrary NamdhariElibrary@gmail.com

ਕਿ ਅੰਗਰੇਜ਼ੀ ਦਾ ਸ਼ਬਦ ਬੁੱਚਰਜ਼ ਵੀ ਏਨਾ ਘ੍ਰਿਣਤ ਨਹੀਂ ਹੈ।

ਕੱਪੜੇ ਧੋਣ ਦਾ ਕਿੱਤਾ ਕਰਨ ਵਾਲੇ ਨੂੰ ਧੋਬੀ ਕਿਹਾ ਹੈ। ਇਸ ਤੋਂ ਪਰਾਪਤ ਹੋਇਆ ਹੈ ਧੋਬੀ ਪੱਟਕਾ ਮਾਰਨਾ, ਧੋਬੀ ਦਾ ਕੁੱਤਾ, ਖੁੰਭ ਚਾੜ੍ਹਣੀ, ਖੁੰਭ ਠੱਪਣੀ ਆਦਿ।

ਜੁਲਾਹੇ ਤੋਂ :- ਓਤ ਪੋਤ ਕਰਨਾ, ਤਾਣਾ ਪੇਟਾ ਉਲਝਣਾ, ਉਧੇੜ ਬੁਣ ਵਿਚ ਰਹਿਣਾ।

ਲੋਹਾਰ ਤੋਂ :- ਤਾਅ ਵਿਚ ਆ ਜਾਣਾ, ਪੁਰਜ਼ੇ ਕੱਸਣੇ, ਪੁਰਜ਼ੇ ਢਿਲੇ ਹੋਣੇ।

ਦਰਜ਼ੀ ਤੋਂ :- ਤ੍ਰੋਪਾ ਭਰਨਾ। ਕਤਰ ਵਿਉਂਤ ਕਰਨੀ।

ਘੁਮਾਰ ਤੋਂ :- ਆਵਾ ਊਤ ਹੋਣਾ, ਆਪਣੇ ਭਾਂਡੇ ਨੂੰ ਸਰਾਹੁਣਾ, ਠੋਕ ਵਜਾ ਕੇ।

ਮਰਾਸੀ :- ਅਰਬੀ ਵਿਚ ਮਰਸੀਆ ਕਿਸੇ ਦੇ ਮਰਨ ਤੇ ਅਲਾਹੁਣੀਆਂ ਦੇਣ ਅਤੇ ਰੋਣ ਪਿੱਟਣ ਲਈ, ਮਰਨ ਵਾਲੇ ਦੀਆਂ ਖ਼ੂਬੀਆਂ ਗਿਣਾ ਗਿਣਾ ਕੇ ਪੜ੍ਹਿਆ ਜਾਂਦਾ ਹੈ। ਮਰਸੀਆ ਦਾ ਬਹੁ-ਵਚਨ ਹੈ ਮਿਰਾਸੀ। ਮਰਸੀਆ ਪੜ੍ਹਣ ਵਾਲਾ ਵੀ ਮਰਾਸੀ ਹੋ ਗਿਆ। ਰੋਣ ਪਿੱਟਣ ਦਾ ਕੰਮ ਚਾਹੇ ਉਸਦੀ ਤ੍ਰੀਮਤ ਮਰਾਸਣ ਨੇ ਸੰਭਾਲ ਲਿਆ ਹੋਇਆ ਹੈ।

ਗ੍ਰੰਥ ਸਾਹਿਬ ਦਾ ਪਾਠ ਕਰਨਾ ਵੀ ਸਿੱਖਾਂ ਵਿਚ ਹੁਣ ਇਕ ਕਿੱਤਾ ਹੀ ਹੋ ਕਿ ਰਹਿ ਗਿਆ ਹੈ। ਇਸ ਕਿਰਤ ਦੇ ਕਰਤਾ ਨੂੰ ਪਾਠੀ ਜਾਂ ਗ੍ਰੰਥੀ ਕਹੀਦਾ ਹੈ।

Sri Satguru Jagjit Singh Ji Elibrary NamdhariElibrary@gmail.com

ਹਥਿਆਰਾਂ ਅਤੇ ਯੁਧਾਂ ਤੋਂ ਸ਼ਬਦ

ਸਭਿਅਤਾ ਦੇ ਵਿਕਾਸ ਦੇ ਨਾਲ ਨਾਲ ਮਨੁੱਖ ਨੇ ਆਪਣੇ ਸ਼ਿਕਾਰ ਕਰਨ ਅਤੇ ਬਚਾਉ ਲਈ ਹਥਿਆਰ ਬਣਾਉਣ ਵਿਚ ਵੀ ਪ੍ਰਗਤੀ ਕੀਤੀ। ਪੱਥਰ ਦੇ ਹਥਿਆਰ ਤਾਂ ਹੁਣ ਇਤਿਹਾਸ ਦੇ ਪੰਨਿਆਂ ਜਾਂ ਸੰਗ੍ਰਹਿ –ਆਲਿਆਂ ਵਿਚ ਹੀ ਰਹਿ ਗਏ ਹਨ। ਫਿਰ ਧਾਤ ਦੇ ਹਥਿਆਰ ਬਣੇ। ਪੰਜਾਬੀ ਹਥਿਆਰਾਂ ਉਤੇ ਫ਼ਾਰਸੀ ਹਥਿਆਰਾਂ ਨੇ ਵਿਜੇ ਪਰਾਪਤ ਕੀਤੀ ਅਤੇ ਸਫ਼ਾ ਜੰਗ (ਫ਼ਾਰਸੀ ਦਾ ਸਫ਼ਦਰਜੰਗ) ਚਾਕੂ, ਖ਼ੰਜਰ, ਨੇਜ਼ਾ, ਤਲਵਾਰ, ਬੰਦੂਕ, ਤੋਪ, ਪੰਜਾਬ ਵਿਚ ਆਮ ਵਰਤੋਂ ਵਿਚ ਆ ਗਏ ਹਨ। ਪੱਥਰ ਅਤੇ ਧਾਤ ਦੇ ਮਧ-ਕਾਲ ਵਿਚ ਵਰਤਿਆ ਇਕ ਹਥਿਆਰ ਲਾਠੀ ਅਜੇ ਤੱਕ ਮਨੁੱਖ ਨੇ ਨਹੀਂ ਤਿਆਗਿਆ। ਐਟਮ ਬੰਬ ਦੇ ਯੁੱਗ ਵਿਚ ਵੀ ਲਾਠੀ ਦਾ ਬਹੁਤ ਦੱਬਦਬਾ ਅਤੇ ਜ਼ੋਰ ਹੈ। ਜਿਵੇ :-

ਲਾਠੀ ਦਾ ਜੋਰ ਹੋਣਾ – ਕੁੱਟ ਮਾਰ ਕਰਨ ਦੀ ਤਾਕਤ ਦਾ ਹੋਣਾ।

ਲਾਠੀ ਦਾ ਸਹਾਰਾ ਹੋਣਾ – ਬਿਰਧ ਅਵਸਥਾ ਵਿਚ ਸਹਾਰਾ ਹੋਣਾ, ਅਰਥਾਤ ਪੁੱਤ੍ਰ। ਲਾਠੀ ਖੜਕਣੀ :-ਲੜਾਈ ਹੋ ਪੈਣੀ। ਲਾਠੀ ਚੱਲਣੀ ਵੀ ਕਹਿੰਦੇ ਹਨ।

ਲਾਠੀ ਨਾਲ ਕਰਨਾ :- ਤਾਕਤ ਦੇ ਸਹਾਰੇ ਕਰਨਾ।

ਜਿਸ ਦੀ ਲਾਠੀ ਉਸ ਦੀ ਮਹੈਸ :- ਭਾਵ ਜੋਰ ਵਾਲਾ ਜ਼ੋਰ ਨਾਲ ਆਪਣੀ ਮਨਾ ਲੈਂਦਾ ਹੈ। ਮੁਕਦੀ ਗੱਲ ਲਾਠੀ ਤਾਕਤ ਅਤੇ ਜ਼ੋਰ ਦਾ ਪ੍ਰਤੀਕ ਹੈ। ਹਥਿਆਰ ਚਾਹੇ ਇਸ ਨਾਲੋਂ ਕਿਤੇ ਵਧ ਵਿਨਾਸ਼ਕਾਰੀ ਹੋ ਗਏ ਹਨ ਪਰ ਭਾਸ਼ਾ ਨੂੰ ਲਾਠੀ ਦਾ ਸਹਾਰਾ ਉਨ੍ਹਾਂ ਨਾਲੋਂ ਕਿਤੇ ਵਧ ਹੈ।

ਲਾਠੀ ਖੜਕਣੀ ਵਾਂਗ ਕਿਸੇ ਸਮੇਂ ਖੰਡਾ ਖੜਕਣਾ ਵੀ ਵਰਤਿਆ ਜਾਂਦਾ

Sri Satguru Jagjit Singh Ji Elibrary NamdhariElibrary@gmail.com

ਸੀ।

ਹੁਣ ਵਿਗਿਆਨ ਦੀ ਪ੍ਰਗਤੀ ਨਾਲ ਹਥਿਆਰ ਵੀ ਹੋਰ ਵਧੇਰੇ ਮਾਰੂ ਹੋ ਗਏ ਹਨ। ਜਿਵੇਂ ਬੰਬ, ਰਾਕਟ, ਮਸ਼ੀਨ ਗੰਨ, ਪਿਸਤੌਲ, ਟੈਂਕ, ਐਟਮ ਬੰਬ ਆਦਿ। ਇਹ ਹਥਿਆਰ ਵੀ ਜਦੋਂ ਵੱਧ ਵਰਤੋਂ ਵਿਚ ਆ ਗਏ ਤਾਂ ਅਵਸ਼ ਹੀ ਭਾਸ਼ਾ ਨੂੰ ਕੁੱਝ ਸ਼ਬਦ ਅਤੇ ਉਪਮਾਵਾਂ ਦੇ ਕੇ ਅਲੰਕਾਰਤ ਕਰਨਗੇ।

ਲੋਹਾ ਲੈਣਾ :- ਹਥਿਆਰ ਆਮ ਕਰਕੇ ਲੋਹੇ ਦੇ ਹੀ ਹੁੰਦੇ ਹਨ। ਇਸ ਲਈ ਲੋਹਾ ਲੈਣਾ ਕਹਿਣ ਤੋਂ ਭਾਵ ਹੁੰਦਾ ਹੈ ਮੁਕਾਬਲੇ ਵਿਚ ਆਉਣਾ। ਟੱਕਰ ਲੈਣੀ।

Sri Satguru Jagjit Singh Ji Elibrary NamdhariElibrary@gmail.com

ਆਵਾਜਾਈ ਦੇ ਸਾਧਨਾਂ ਤੋਂ ਸ਼ਬਦ

ਇਤਿਹਾਸਕ ਕਾਰਨਾਂ ਕਰਕੇ ਇਸ ਖੇਤ੍ਰ ਵਿਚ ਅੰਗਰੇਜ਼ੀ ਦਾ ਬੋਲ ਬਾਲਾ ਹੈ। ਕੋਈ ਟਾਵਾਂ ਸ਼ਬਦ ਹੀ ਕਿਸੇ ਹੋਰ ਭਾਸ਼ਾ ਤੋਂ ਹੈ। ਜਿਵੇਂ ਰੇਲ, ਟਿਕਟ, ਪਲੇਟ ਫ਼ਾਰਮ, ਸਟੇਸ਼ਨ, ਜੰਕਸ਼ਨ, ਸਟੇਸ਼ਨ ਮਾਸਟਰ, ਗਾਰਡ, ਐਕਸੀਡੈਂਟ, ਵਿਧਲ, ਸੀਟ, ਬਰਥ, ਰਿਜ਼ਰਵ, ਲਾਇਨ, ਟੀਟੀ, ਇੰਜਨ, ਬੋਗੀ ਸ਼ੰਟਿੰਗ, ਬੱਸ, ਕੰਡਕਟਰ, ਡਰਾਇਵਰ, ਚੈਕਰ, ਬੱਸ ਸਟੈਂਡ, ਬੱਸ ਸਟਾਪ, ਰੂਟ, ਪਟਰੋਲ, ਓਵਰਲੋਡ, ਹੈਲੀਕਾਪਟਰ, ਟੈਂਕ, ਏਅਰ ਹੋਸਟਸ, ਬਾਈ ਏਅਰ, ਬਾਈ ਸੀਅ, ਬਾਈ ਰੋਡ, ਰੋਡ, ਅੱਪ, ਡਾਊਨ, ਸਿਗਨਲ, ਟਰੈਫ਼ਿਕ, ਪਸਿੰਜਰ, ਵੈਗਨ, ਐਕਸਪ੍ਰੈੱਸ, ਮੇਲ, ਪੋਰਟ, ਡਰਾਈ ਪੋਰਟ, ਕਾਰ, ਟਰੱਕ, ਜੀਪ, ਟੈਕਸੀ, ਸਾਇਕਲ, ਟੂ-ਵਹੀਲਰ, ਥ੍ਰੀ-ਵ੍ਹੀਲਰ, ਫੋਰ ਵ੍ਹੀਲਰ।

ਫੇਰ ਇਨ੍ਹਾਂ ਤੋਂ ਹੋਰ ਭਾਵ ਅਰਥ ਵੀ ਲਏ ਗਏ ਜਿਵੇਂ ਗੱਡੀ ਲੀਹ ਤੇ ਹੋਣੀ ਅਤੇ ਟੇਸ਼ਨ ਭੰਨਣੇ। ਇਹ ਉਦੋਂ ਕਹਿੰਦੇ ਹਨ ਜਦੋਂ ਕੋਈ ਕਿਸੇ ਮਿਲਣ ਵਾਲੇ ਨੂੰ ਮਿਲਿਆਂ ਬਗੈਰ ਅੱਗੇ ਲੰਘ ਜਾਵੇ ਤਾਂ ਕਹਿੰਦੇ ਹਨ–ਬਈ ਦੇਖ ਲੈ ਟੇਸ਼ਨ ਭੰਨ ਕੇ ਲੰਘ ਗਿਆ ਏ –ਇਸੇ ਤਰ੍ਹਾਂ ਜੇ ਕੋਈ ਕਾਹਲੀ ਵਿਚ ਜਾ ਰਿਹਾ ਹੋਵੇ ਤਾਂ ਕਹਿੰਦੇ ਹਨ ਕਿ ਮੇਲ ਬਣਿਆ ਜਾਂਦਾ ਹੈ। ਏਥੇ ਮੇਲ ਤੋਂ ਭਾਵ ਹੈ ਮੇਲ ਰੇਲ ਗੱਡੀ।

Sri Satguru Jagjit Singh Ji Elibrary NamdhariElibrary@gmail.com

ਧਰਮ ਤੋਂ ਸ਼ਬਦ ਅਤੇ ਉਪਮਾਵਾਂ

ਪੰਜਾਬ ਵਿਚ ਹਿੰਦੂ, ਮੁਸਲਮਾਨ, ਈਸਾਈ, ਜੈਨ ਅਤੇ ਸਿਖ ਧਰਮ ਦੇ ਮੰਨਣ ਵਾਲੇ ਵਸਦੇ ਹਨ। ਇਨ੍ਹਾਂ ਵਿਚੋਂ ਭਾਸ਼ਾ ਉਤੇ ਪ੍ਰਭਾਵ ਪਾਉਣ ਵਾਲੇ ਕੇਵਲ ਤਿੰਨ ਧਰਮ ਹੀ ਹਨ। ਸਭ ਤੋਂ ਵੱਧ ਇਸਲਾਮ ਧਰਮ ਦਾ ਪ੍ਰਭਾਵ ਹੈ। ਫੇਰ ਸਿੱਖ ਅਤੇ ਹਿੰਦੂ ਧਰਮ ਦਾ। ਜਿਵੇ :-

ਇਸਲਾਮ ਤੋਂ :- ਹਰਾਮ, ਹਰਾਮੀ, ਕੁਰਬਾਨ, ਕੁਰਬਾਨੀ, ਰੱਬ, ਤੋਬਾ, ਫੱਕਰ, ਸ਼ਹੀਦ, ਹਲਾਲ, ਜਹੰਨਮ, ਬਹਿਸ਼ਤ, ਫਰਿਸ਼ਤਾ, ਹੂਰ, ਈਮਾਨ, ਰੂਹ, ਚਰਾਗ਼, ਕੱਫ਼ਨ, ਇਲਹਾਮ. ਔਲੀਆ, ਮਜ਼ੌਰ, ਦੀਨ, ਕਾਅਬਾ, ਈਦ, ਈਦ ਦਾ ਚੰਨ, ਕਿਆਮਤ, ਹਸ਼ਰ, ਹੱਕ, ਕਾਫਰ, ਕੁਫਰ, ਸ਼ੈਤਾਨ, ਕਰਾਮਾਤ, ਮਸੀਤ, ਰੋਜ਼ਾ, ਮੁਸਲਮਾਨ, ਸਲਾਮ, ਦੁਆ, ਆਦਿ।

ਹਿੰਦੂ ਧਰਮ ਤੋਂ :- ਸੁਵਰਗ, ਨਰਕ, ਯਮਦੂਤ (ਜਮ ਨੂੰ ਜੰਮ ਕਹਿਕੇ ਇਕੱਠਿਆਂ ਵੀ ਵਰਤਿਆਂ ਜਾਂਦਾ ਹੈ।) ਸੰਸਕਾਰ, ਪਾਠ, ਮੰਦਰ, ਪੂਜਾ, ਪ੍ਰਸ਼ਾਦ, ਧਰਮ, ਭੇਟ, ਪਾਖੰਡ, ਆਵਾਗਵਨ, ਪਰਲੌ, ਆਸਤਕ, ਨਾਸਤਕ, ਸਤੀ, ਆਤਮਾ, ਮਹਾਤਮਾ, ਪਰਮਾਤਮਾ, ਮਾਲਾ, ਅਲੱਖ, ਨਿਰੰਜਣ। ਹਿੰਦੂ ਧਰਮ ਦੀ ਉਪਮਾਵਾਂ ਨੂੰ ਵੀ ਦੇਣ ਹੈ ਜਿਵੇ :-

ਪਾਖੰਡੀ :- ਵੇਦਾਂ ਤੋਂ ਬਾਹਰ ਦੀ ਗੱਲ ਨੂੰ ਪਾਖੰਡ ਕਹਿੰਦੇ ਹਨ। ਜੇ ਕੋਈ ਵਿਅਕਤੀ ਗ਼ਲਤ ਕਿਸਮ ਦੀਆਂ ਗੱਲਾਂ ਪ੍ਰਚਲਤ ਕਰੇ ਤਾਂ ਕਹਿੰਦੇ ਹਨ ਕਿ ਐਵੇਂ ਪਖੰਡ ਕਰਦਾ ਹੈ।

ਰਾਮ ਕਹਾਣੀ :- ਸ੍ਰੀ ਰਾਮ ਚੰਦਰ ਜੀ ਦੀ ਕਹਾਣੀ ਵੱਲ ਸੰਕੇਤ ਹੈ। ਜੋ ਕਿ ਬਹੁਤ ਹੀ ਲੰਮੀ ਹੈ। ਇਸ ਤਰ੍ਹਾਂ ਜੇ ਕਰ ਕੋਈ ਆਪਣੀ ਗੱਲਬਾਤ ਨੂੰ

ਲਮਕਾਈ ਜਾਵੇ ਅਤੇ ਤੁਕ ਨਾਲ ਤੁਕ ਜੋੜੀ ਜਾਵੇ ਤਾਂ ਕਹਿੰਦੇ ਹਨ ਕਿ ਰਾਮ ਕਹਾਣੀ ਛੇੜੀ ਬੈਠਾ ਹੈ, ਮੁੱਕਣ ਹੀ ਨਹੀਂ ਦੇਂਦਾ।

ਰਾਮ ਰੌਲਾ :- ਇਹ ਵੀ ਉਪਰੋਕਤ ਕਹਾਣੀ ਨਾਲ ਹੀ ਸੰਬੰਧ ਰੱਖਦਾ ਹੈ। ਸ਼ਿਵ ਧਨੁਸ਼ ਤੋੜਨ ਉਪਰੰਤ ਜਦੋਂ ਰਾਮ ਚੰਦਰ ਜੀ ਸੀਤਾ ਜੀ ਨੂੰ ਵਿਆਹ ਕੇ ਪਰਤ ਰਹੇ ਸਨ ਤਾਂ ਰਾਹ ਵਿਚ ਇੱਕ ਹੋਰ ਰਾਮ ਨੇ ਉਹਨਾਂ ਨੂੰ ਲਲਕਾਰਿਆ। ਇਹ ਰਾਮ ਸੀ ਪ੍ਰਸ਼ੂ ਰਾਮ। ਦੋਹਾਂ ਰਾਮਾਂ ਦਾ ਰੌਲਾ ਰੱਪਾ ਤਾਂ ਹੋਇਆ ਪਰ ਮੁੱਕ ਮੁਕਾਈ ਹੋ ਗਈ। ਇਸ ਤੋਂ ਜੇਕਰ ਕਿਧਰੇ ਆਪੋ ਵਿਚ ਮੈਂ ਮੈਂ ਤੂੰ ਤੂੰ ਇਤਨੀ ਵਧ ਜਾਵੇ ਕਿ ਰੌਲੇ ਦਾ ਰੂਪ ਧਾਰ ਲਵੇ ਤਾਂ ਕਹਿੰਦੇ ਹਨ ਕਿ ਬਈ ਇਹ ਰਾਮ ਰੌਲਾ ਮੁਕਾਓ ਪਰੇ।

ਔਤ ਪ੍ਰੇਤ :- ਹਿੰਦੂ ਧਰਮ ਅਨੁਸਾਰ ਕਿਸੇ ਦੇ ਮਰਨ ਉਪਰੰਤ ਕੇਵਲ ਉਸਦਾ ਪੁਤ੍ਰ ਹੀ ਉਸ ਦੀ ਗਤਿ ਕਰਵਾ ਸਕਦਾ ਹੈ। (ਅਸਲ ਭਾਵ ਤਾਂ ਪੀੜ੍ਹੀ ਦੀ ਗਤੀ ਤੋਂ ਹੈ) ਨਹੀਂ ਤਾਂ ਉਸਦੀ ਗਤਿ ਨਹੀਂ ਹੋ ਸਕਦੀ ਅਤੇ ਉਸਨੂੰ ਮੁਕਤੀ ਵੀ ਪਰਾਪਤ ਨਹੀਂ ਹੋ ਸਕਦੀ। ਉਸਦੀ ਆਤਮਾ ਇਸੇ ਦੁਨੀਆਂ ਵਿਚ ਘੁੰਮਦੀ ਰਹਿੰਦੀ ਹੈ। ਇਸ ਲਈ ਜੇਕਰ ਕਿਸੇ ਦੇ ਪੁਤ੍ਰ ਸੰਤਾਨ ਨਾ ਹੋਵੇ ਤਾਂ ਉਸਦੀ ਜ਼ਿੰਦਗੀ ਵਿਚ ਹੀ ਉਸਨੂੰ ਔਤ ਪ੍ਰੇਤ ਕਹਿ ਕੇ ਫੁਟਿਆਇਆ ਜਾਂਦਾ ਹੈ।

ਆਵਾਗਵਨ :- ਹਿੰਦੂ ਮੱਤ ਅਨੁਸਾਰ ਬੰਦੇ ਦੀ ਆਤਮਾ ਆਪਣੇ ਕੀਤੇ ਕਰਮਾਂ ਅਨੁਸਾਰ ਸੰਸਾਰ ਵਿਚ ਵਾਰ ਵਾਰ ਆਂਦੀ ਜਾਂਦੀ ਰਹਿੰਦੀ ਹੈ। ਹੁਣ ਆਵਾਗੌਣ ਦਾ ਅਰਥ ਆਣ ਜਾਣ ਵਾਲੇ ਦੀ ਥਾਂ ਤੇ ਐਰਾ ਗ਼ੈਰਾ ਹੋ ਕੇ ਰਹਿ ਗਿਆ ਹੈ।

ਸਿਖ ਧਰਮ ਤੋਂ :- ਸਿਖ ਧਰਮ ਨੇ ਕੁਝ ਸ਼ਬਦ ਤਾਂ ਆਪ ਰਚੇ ਹਨ ਅਤੇ ਕੁਝ ਅਰਬੀ ਫ਼ਾਰਸੀ ਤੋਂ ਲੈ ਲਏ ਹਨ ਜੋ ਕਿ ਗੁਰਬਾਣੀ ਵਿਚ ਸੰਭਾਲੇ ਹੋਣ ਕਾਰਨ ਹੁਣ ਪੰਜਾਬੀ ਦਾ ਅੰਗ ਹੀ ਰਹਿਣਗੇ। ਜਿਵੇਂ :-

ਅਰਦਾਸ, (ਇਹ ਫ਼ਾਰਸੀ ਦੇ ਅਰਜ਼ਦਾਸ਼ਤ ਤੋਂ ਹੈ) ਗੱਦੀ, ਫ਼ਤਿਹ ਗਜਾਉਣੀ, ਸਾਹਿਬ, ਹਜ਼ੂਰ, ਹਜ਼ੂਰੀ, ਹੁਕਮ, ਦੀਵਾਨ, ਦਰਬਾਰ, ਬੰਦਾ, ਨਗਾਰਾ, ਦੇਗ, ਤੇਗ਼, ਦਮਾਮਾ, ਕਲਗ਼ੀ, ਨਿਸ਼ਾਨ, ਕਮਰ-ਕੱਸਾ, ਦਸਤਾਰ, ਚੋਗ਼ਾ, ਰਹਿਰਾਸ, ਸਾਹਿਬਜ਼ਾਦਾ, ਲੰਗਰ, ਗ਼ਰੀਬ, ਗ਼ਰੀਬ ਨਵਾਜ਼, ਪਾਤਸ਼ਾਹ, ਲੋਹ, ਰੁਮਾਲਾ ਆਦਿ।

Sri Satguru Jagjit Singh Ji Elibrary NamdhariElibrary@gmail.com

ਖੇਡ ਕੁੱਦ ਦੇ ਖੇਤ੍ਰ ਚੋਂ ਸ਼ਬਦ

ਖੇਡ ਕੁੱਦ ਦੇ ਖੇਤ੍ਰ ਵਿਚ ਵੀ ਸ਼ਬਦਾਂ ਦੀ ਘੁਸਪੈਠ ਹੋਈ ਹੈ। ਅਤੇ ਇਹ ਘੁਸਪੈਠੀਏ ਹੁਣ ਸਾਡੀ ਭਾਸ਼ਾ ਨੂੰ ਅਪਨਾਉਣੇ ਪੈ ਗਏ ਹਨ। ਜਿਵੇ :-

ਅੰਗਰੇਜ਼ੀ ਤੋਂ :- ਫਾਊਲ, ਇਨ, ਆਊਟ, ਰੈਫਰੀ, ਟਾਸ, ਜੱਜ, ਕੋਚ, ਮੈਡਲ, ਕੱਪ, ਸ਼ੀਲਡ, ਚੈਂਪੀਅਨ, ਔਲੰਪਿਕ, ਗੋਲ, ਹਾਫ਼ਟਾਈਮ, ਟੂਰਨਾਮਿੰਟ, ਟੀਮ, ਮੈਚ, ਜੰਪ, ਕਿੱਕ, ਹਿੱਟ, ਸ਼ੂਟ, ਪਾਸ, ਵਿਸਲ, ਬਾਲ, ਸਟਿਕ, ਰੰਨ, ਵਿਕਟ, ਸੈਂਚਰੀ, ਕੈਚ, ਬੈਟ, ਗਰਾਊਂਡ, ਕਾਰਨਰ, ਰੇਸ, ਰੈਲੇਰੇਸ, ਥਰੋ, ਰੰਨਿੰਗ ਕੁਮੈਂਟਰੀ, ਆਦਿ। ਇਨ੍ਹਾਂ ਦੇ ਨਾਲ ਭਾਸ਼ਾ ਨੂੰ ਹੋਰ ਵੀ ਇੱਕ ਦੋ ਉਪਮਾਵਾਂ ਮਿਲੀਆਂ ਹਨ। ਜਿਵੇ :-

ਫਾਊਲ :- ਜੇ ਕਰ ਕੋਈ ਠੀਕ ਰਾਹ ਤੇ ਚਲਦਾ ਚਲਦਾ ਵਿਚ ਸ਼ਰਾਰਤ ਕਰ ਜਾਵੇ ਜਾਂ ਠੀਕ ਕੰਮ ਵਿਚ ਜਾਨ ਬੁਝ ਕੇ ਵਿਘਨ ਪਾ ਦੇਵੇ ਤਾਂ ਕਹਿੰਦੇ ਹਨ ਕਿ ਫਾਊਲ ਕਰਦਾ ਹੈ।

ਰਿਕਾਰਡ :- ਰਿਕਾਰਡ ਤੋਂ ਰਿਕਾਰਡ ਤੋੜ ਦੇਣਾ ਬਣ ਗਿਆ ਹੈ। ਜੇਕਰ ਕੋਈ ਹੱਦੋਂ ਵਧ ਕੰਮ ਕਰ ਜਾਵੇ ਤਾਂ ਕਹਿੰਦੇ ਹਨ, ਬੜਾ ਕੰਮ ਕੀਤਾ, ਸਾਰੇ ਰਿਕਾਰਡ ਤੋੜ ਦਿੱਤੇ। ਜਾਂ ਕਹਿਣਗੇ ਰਿਕਾਰਡ ਤੋੜ ਮੀਂਹ ਵਰ੍ਹਿਆ, ਆਦਿ।

ਕਿਸੇ ਕੰਮ ਵਿਚ ਸਭ ਤੋਂ ਪਿਛੋਂ ਰਹਿ ਜਾਣ ਵਾਲੇ ਨੂੰ ਕਹਿੰਦੇ ਹਨ ਕਿ ਫਾਡੀ ਰਹਿ ਗਿਆ। ਇਹ ਫਾਡੀ ਹਿੰਦੀ ਦਾ ਫਸੱਡੀ ਹੈ।

ਸਭ ਤੋਂ ਅੱਗੇ ਨਿਕਲ ਜਾਣ ਵਾਲੇ ਨੂੰ ਕਹਿੰਦੇ ਹਨ ਕਿ ਮੀਰੀ ਨਿਕਲਿਆ। ਇਹ ਮੀਰੀ ਅਰਬੀ ਭਾਸ਼ਾ ਤੋਂ ਆਇਆ ਹੈ।

Sri Satguru Jagjit Singh Ji Elibrary NamdhariElibrary@gmail.com

ਹਾਰ ਸ਼ਿੰਗਾਰ ਅਤੇ ਜ਼ੇਵਰਾਂ ਤੋਂ ਸ਼ਬਦ

ਮਨੁੱਖ ਨੇ ਆਪਣੇ ਆਪ ਨੂੰ ਸਜਾਉਣ ਲਈ ਗਹਿਣਿਆਂ ਦੀ ਕਾਢ ਕੱਢੀ ਅਤੇ ਆਪਣੀਆਂ ਇਸਤ੍ਰੀਆਂ ਲਈ ਸ਼ਿੰਗਾਰ ਵਸਤੂਆਂ ਬਣਾਈਆਂ। ਇਹ ਵਸਤੂਆਂ ਅਤੇ ਗਹਿਣੇ ਵੱਖ ਵੱਖ ਭਾਸ਼ਾਈ ਲੋਕਾਂ ਦੇ ਵੱਖ ਵੱਖ ਹਨ ਅਤੇ ਉਹ ਪੰਜਾਬੀ ਵਿੱਚ ਆਉਣ ਸਮੇਂ ਆਪਣੇ ਨਾਂ ਵੀ ਨਾਲ ਹੀ ਲੈ ਕੇ ਆਏ ਹਨ, ਜਿਵੇ :-

ਅੰਗਰੇਜ਼ੀ ਤੋਂ

ਨੈਕਲਸ, ਈਅਰ ਰਿੰਗ, ਲਾਕਟ, ਚੈਨੀ ਆਦਿ।

ਪਾਉਡਰ, ਕਰੀਮ, ਨੇਲ ਪਾਲਿਸ਼, ਲਿੱਪ-ਸਟਿੱਕ, ਲਵਿੰਡਰ, ਰੋਜ਼, ਸੈਂਟ, ਸੈਂਪੋ, ਹੇਅਰ ਆਇਲ, ਵਿਗ, ਬੁਰਸ਼, ਟੂੱਥ ਪੇਸਟ, ਨੇਲ ਕੱਟਰ, ਪੋਨੀਟੇਲ, ਟੂੱਥ ਬੁਰਸ਼ ਆਦਿ।

ਫ਼ਾਰਸੀ ਤੋਂ

ਬਾਜੂਬੰਦ, ਪੰਜੇਬਾਂ (ਪਾਜ਼ੇਬ), ਜ਼ੇਵਰ, ਜ਼ੰਜੀਰੀ (ਜ਼ੰਜੀਰੀ) ਨਗ।

ਅਰਬੀ ਤੋਂ :-ਤਵੀਤ (ਤਾਅਵੀਜ਼), ਹਮੇਲ, ਸਰਾਫ਼ (ਸੁਨਿਆਰਾ)।

ਹਿੰਦੀ ਤੋਂ :- ਆਰਸੀ, ਚੂੜੀ, ਮੁਰਕੀ ਆਦਿ ਅਤੇ ਸਿੰਘ ਤਵੀਤ ਅਰਬੀ-ਸੰਸਕ੍ਰਿਤ ਦੀ ਸੰਧੀ ਦੀ ਦੇਣ ਹੈ।

Sri Satguru Jagjit Singh Ji Elibrary NamdhariElibrary@gmail.com

ਦੇਸ਼ ਦੀ ਵੰਡ ਅਤੇ ਸੰਪਰਦਾਇਕ ਘੱਲੂਘਾਰੇ ਤੋਂ ਸ਼ਬਦ

ਹਰ ਘਟਨਾਂ ਅਤੇ ਸਥਿਤੀ ਨੂੰ ਆਪਣੇ ਭਾਵਾਂ ਦੇ ਪ੍ਰਗਟਾਵੇ ਦੇ ਲਈ ਵੱਖ ਵੱਖ ਸ਼ਬਦਾਂ ਦੀ ਲੋੜ ਪੈਂਦੀ ਹੈ। ਇਹ ਸ਼ਬਦ ਉਨ੍ਹਾਂ ਘਟਨਾਵਾਂ ਅਤੇ ਪ੍ਰਸਥਿਤੀਆਂ ਦੇ ਨਾਲ ਜੋੜੇ ਹੀ ਜਨਮਦੇ ਹਨ। ਜਿਵੇਂ ਦੇਸ਼ ਦੀ ਵੰਡ ਵੇਲੇ, ਮਜ਼ਹਬੀ ਕਟਾ-ਵੱਢੀ ਵੇਲੇ ਅਤੇ ਵਿਸ਼ਵ ਯੁਧ ਵੇਲੇ ਨਿਮਨ ਲਿਖਤ ਸ਼ਬਦ ਆ ਹਾਜ਼ਰ ਹੋਏ ਸਨ ਅਤੇ ਹਰ ਕਿਸੇ ਦੀ ਜ਼ਬਾਨ ਤੇ ਸਨ।

ਵਾਰ, ਅਟੈਕ, ਫਰੰਟ, ਆਰਮੀ, ਰੈਡ ਕਰਾਸ, ਕਮਿਸ਼ਨ, ਵਾਰਫੰਡ, ਬੰਬ, ਮੈਡਲ, ਤਕਮਾਂ, ਵਾਇਰਲੈਸ, ਪਨਡੁਬੀ, ਲਾਇਟ ਆਊਟ, ਬਲੈਕ ਆਊਟ, ਐਟਮ ਬੰਬ, ਬੰਬਾਰੀ, ਟੈਂਕ, ਰਾਡਾਰ, ਗਰੀਨੇਡ, ਅਤੇ –

ਪਨਾਹਗੀਰ, ਸ਼ਰਨਾਰਥੀ , ਰਫ਼ਿਊਜੀ (ਇਸ ਨੂੰ ਵਿਗਾੜ ਕੇ ਜਨ-ਸਾਧਾਰਨ ਨੇ ਫ਼ਰੂਜੀ ਅਤੇ ਇਸ ਦਾ ਇਸਤ੍ਰੀ ਲਿੰਗ ਫਰੂਜਨ ਕਰ ਲਿਆ) ਅਲਾਟੀ, ਟਿੱਕ (ਇਹ ਅੰਗਰੇਜ਼ੀ ਦੇ ਅਟੈਕ ਨੂੰ ਸੋਧ ਲਿਆ) ਬਾਰਡਰ, ਅਲਾਟਮੈਂਟ, ਕੈਂਪ, ਵੀਜ਼ਾ, ਪਾਰਟੀਸ਼ਨ, ਕਲੇਮ ਆਦਿ।

Sri Satguru Jagjit Singh Ji Elibrary NamdhariElibrary@gmail.com

ਜਨ-ਸਾਧਾਰਨ ਦੀ ਟਕਸਾਲ ਵਿਚੋਂ ਸ਼ਬਦ

ਹਰ ਜੀਵਤ ਅਤੇ ਗਤੀਸ਼ੀਲ ਭਾਸ਼ਾ ਦੇ ਜਨ-ਸਾਧਾਰਨ ਨੇ ਆਪਣੀ ਨਿਤਾਪ੍ਰਤੀ ਲੋੜ ਅਨੁਸਾਰ ਆਪ ਮੁਹਾਰੇ ਸ਼ਬਦ ਰਚਨਾ ਕੀਤੀ ਹੈ। ਪੰਜਾਬੀ ਭਾਸ਼ਾ ਵੀ ਗਤੀਸ਼ੀਲ ਭਾਸ਼ਾ ਹੈ। ਉਸਦਾ ਜਨ-ਸਾਧਾਰਨ ਸ਼ਬਦ ਰਚਨਾ ਕਰਨ ਜਾਂ ਨਵਿਆਂ ਸ਼ਬਦਾਂ ਨੂੰ ਪੰਜਾਬਿਔਣ ਵਿਚ ਕਿਸੇ ਤੋ ਪਿਛੇ ਨਹੀ ਹੈ। ਜਿਵੇ :-

ਬਲਬ ਲਈ ਲਾਟੂ

ਸਾਈਕਲ ਦੇ ਰਿੰਮ ਦੇ ਲਈ ਚੱਕਾ।

ਸਕਰੀਊ ਡਰਾਈਵਰ ਦੇ ਲਈ ਪੇਚਕਸ।

ਰੈਂਚ ਦੇ ਲਈ ਅਡੈਂਚ।

ਪੰਪਿੰਗ ਸੈੱਟ ਦੇ ਲਈ ਖੰਬੀ।

ਪੰਪਿੰਗਸੈੱਟ ਦੇ ਵਿਚ ਵਰਤੇ ਜਾਣ ਵਾਲੇ ਗੋਲ ਜੁਆਇਨ ਦੇ ਲਈ ਰੋਟੀ।

ਟਰੈਕਟਰ ਦੇ ਹੈਰੋਜ਼ ਦੇ ਲਈ ਤਵੀਆਂ।

ਕਿਲੋਗਰਾਮ ਦੇ ਲਈ ਕਿੱਲੋ।

ਰੇਲਵੇ ਲਈ ਲੀਹ ਜਾਂ ਪਟੜੀ।

ਪਲਾਇਰਜ਼ ਦੇ ਲਈ ਪਲਾਸ।

ਸਪੇਨਰ ਦੇ ਲਈ ਪਾਨਾ।

ਟੈਲੀਗਰਾਮ ਦੇ ਲਈ ਤਾਰ।

ਇਸੇ ਤਰ੍ਹਾਂ ਕੁਝ ਨਵੇਂ ਸ਼ਬਦ ਵੀ ਰਚੇ ਹਨ ਜਿਵੇਂ :-

ਦੋ ਨਵੇ ਪੈਸੇ ਲਈ ਦੁੱਕੀ।

ਤਿਨ ਨਵੇ ਪੈਸੇ ਲਈ ਤਿੱਕੀ।

Sri Satguru Jagjit Singh Ji Elibrary NamdhariElibrary@gmail.com

ਪੰਜ ਨਵੇਂ ਪੈਸੇ ਲਈ ਪੰਜੀ।
ਦਸ ਨਵੇਂ ਪੈਸੇ ਲਈ ਦੱਸੀ।

ਜੇਕਰ ਹਰ ਤਰ੍ਹਾਂ ਦਾ ਕ਼ਾਰੋਬਾਰ ਠੱਪ ਕਰ ਦਿੱਤਾ ਜਾਵੇ ਤਾਂ ਕਹਿੰਦੇ ਹਨ ਕਿ ਬੰਦ ਹੋ ਗਿਆ।

ਜੇਕਰ ਕੋਈ ਬੰਦਾ ਹਰ ਕਿਸੇ ਦੇ ਨਾਲ ਇੰਝ ਚਿੰਬੜ ਜਾਵੇ ਕਿ ਕਿਸੇ ਵੇਲੇ ਖਹਿੜਾ ਹੀ ਨਾ ਛੱਡੇ ਤਾਂ ਉਸਨੂੰ ਘਿਰਨਾ ਹਿਤ ਚਿਪਕੂ ਕਹਿਦੇ ਹਨ।

Sri Satguru Jagjit Singh Ji Elibrary NamdhariElibrary@gmail.com

ਸਾਧਾਂ ਦੀ ਸ਼ਬਦਾਵਲੀ

ਸਾਧਾਂ ਸੰਤਾਂ ਦੀ ਵੀ ਇੱਕ ਵਿਸ਼ੇਸ਼ ਸ਼ਬਦਾਵਲੀ ਹੈ। ਜੋ ਜਨ-ਸਾਧਾਰਨ ਦੀ ਭਾਸ਼ਾ ਵਿਚ ਵੀ ਆ ਜਾਂਦੀ ਹੈ। ਜਿਵੇ :-

ਦਮ ਕਰਨਾ	ਭਾਵ ਜਾਦੂ ਮੰਤਰ ਜਾਂ ਟੂਣਾ ਕਰਨਾ। ਇਸਨੂੰ ਫਾਂਡਾ ਕਰਨਾ ਵੀ ਕਹਿੰਦੇ ਹਨ।
ਗਜਾ ਕਰਨਾ	ਇਹ ਗਜਾ ਫਾਰਸੀ ਦਾ ਗਦਾ ਹੈ। ਗੱਦਾ ਦਾ ਅਰਥ ਹੈ ਮੰਗਤਾ। ਗਜਾ ਕਰਨਾ ਸਾਧਾਂ ਨੇ ਮੰਗਣ ਨੂੰ ਕਹਿ ਲਿਆ ਹੈ।
ਅਖਾੜਾ	ਡੇਰਾ।
ਜਟਾਂ	ਵਾਲਾਂ ਦੀਆਂ ਲਿਟਾਂ-ਜਟੂਰੀਆਂ।
ਭਬੂਤੀ	ਧੂਣੀ ਦੀ ਸੁਆਹ।
ਜਲਧਾਰਾ	ਪੋਹ-ਮਾਘ ਦੇ ਸੀਤ ਮਹੀਨਿਆਂ ਵਿਚ ਠੰਢੇ ਪਾਣੀ ਦੀ ਧਾਰ ਥੱਲੇ ਬੈਠਣਾ।
ਵਿਰਾਗਣ	ਵਿਰਾਗੀ ਦੇ ਘਰਵਾਲੀ ਨਹੀ। ਇਹ ਸੋਟੀ ਤੇ, ਬਾਂਹ ਨੂੰ ਸਹਾਰਾ ਦੇ ਕੇ ਬੈਠਣ ਦੇ ਲਈ ਇਕ ਫੱਟੀ ਜੜੀ ਹੁੰਦੀ ਹੈ। ਸਮਾਧੀ ਵਿਚ ਥੱਕ ਜਾਣ ਤੇ ਵਿਰਾਗੀ ਨੂੰ ਸਹਾਰਾ ਦੇਂਦੀ ਹੈ। ਇਸ ਲਈ ਇਸ ਨੂੰ ਵਿਰਾਗਣ ਕਹਿੰਦੇ ਹਨ। ਵਿਚਾਰੇ ਵਿਰਗੀ ਨੇ ਇਸ ਨੂੰ ਆਪਣੀ ਜੀਵਨ ਸਾਥੀ ਕਹਿਕੇ ਸਾਰ ਲਿਆ ਹੈ।

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਸਿੰਘਾਂ ਦੀ ਸ਼ਬਦਾਵਲੀ

ਉਂਞ ਤਾਂ ਹਰ ਖੇਤ੍ਰ ਦੇ ਕਿੱਤੇ ਅਤੇ ਫਿਰਕੇ ਦੀ ਕੁਝ ਵਿਸ਼ੇਸ਼ ਆਪਣੀ ਹੀ ਸ਼ਬਦਾਵਲੀ ਹੈ ਪਰ ਅਸੀਂ ਕੇਵਲ ਨਾਮਧਾਰੀਆਂ, ਨਿਹੰਗਾਂ, ਇਸਤਰੀਆਂ ਅਤੇ ਪਸ਼ੂਆਂ ਦੇ ਦਲਾਲਾਂ, ਵਿਉਪਾਰੀਆਂ ਦੀ ਕੁਝ ਵਿਸ਼ੇਸ਼ ਦੇਣ ਤੱਕ ਹੀ ਸੀਮਤ ਹਾਂ। ਕਿਉਂ ਜੋ ਇਹ ਪਰਾਜੈਕਟ ਇਤਨਾ ਵੱਡਾ ਹੈ ਕਿ ਕਿਸੇ ਇਕ ਵਿਅਕਤੀ ਦੀ ਵੱਸ ਦੀ ਗੱਲ ਨਹੀਂ ਹੈ।

ਸੰਤ :- ਨਾਮਧਾਰੀ ਇੱਕ ਦੂਜੇ ਨੂੰ ਸਿੰਘ ਨਹੀਂ ਸੰਤ ਕਹਿ ਕੇ ਬੁਲਾਂਦੇ ਹਨ। ਕੋਸ਼ ਵਿਚ ਸੰਤ ਦੇ ਅਰਥ ਭਾਵੇਂ -ਮੰਨ ਇੰਦਰੀਆਂ ਨੂੰ ਟਕਾ ਕੇ ਰੱਖਣ ਵਾਲਾ ਹੈ।

ਸੋਧ:- ਕੁਝ ਖ਼ਾਸ, ਨਿਸ਼ਚਿਤ ਮਰਿਯਾਦਾ ਹੈ। ਉਸਨੂੰ ਸੋਧ ਕਿਹਾ ਜਾਂਦਾ ਹੈ। ਉਸ ਮਰਿਯਾਦਾ ਅਨੁਸਾਰ ਵਿਚਰਨ ਵਾਲੇ ਵਿਅਕਤੀ ਨੂੰ ਸੋਧੀ ਕਿਹਾ ਜਾਂਦਾ ਹੈ।

ਖੁਲ੍ਹਾ :- ਸੋਧ ਦੀ ਮਰਿਯਾਦਾ ਨਾ ਰੱਖਣ ਵਾਲਾ।

ਆਸਣ :- ਸੋਧ ਵਿਚ ਰਹਿਣ ਵਾਲੇ ਆਪਣੇ ਬੈਠਣ ਦੇ ਲਈ ਵਿਸ਼ੇਸ਼ ਕੱਪੜਾ ਰੱਖਦੇ ਹਨ। ਉਸਨੂੰ ਸੋਧ ਦਾ ਆਸਨ ਕਿਹਾ ਜਾਂਦਾ ਹੈ।

ਭਜਨ ਪੁਛਣਾ :- ਨਾਮਧਾਰੀ ਮਰਿਯਾਦਾ ਵਿਚ ਆਉਣਾ। ਸ਼ਰਾਬ ਅਤੇ ਮਾਸ ਦਾ ਤਿਆਗ ਕਰ ਕੇ ਅਧਿਕਾਰਤ ਨਾਮਧਾਰੀ ਪ੍ਰਾਸੋਂ ਕੰਨ ਵਿਚ, ਪਰਮਾਤਮਾ ਦੇ ਚੌ-ਅਖਰੇ ਨਾਂ ਦਾ ਮੰਤਰ ਲੈਣਾ।

ਚਾਹਟਾ :- ਨਿਹੰਗ ਚਾਹਟਾ ਛਕਾਉਣ ਤੋਂ ਭਾਵ ਕੁਟਮਾਰ ਕਰਨ ਦਾ ਲੈਂਦੇ ਹਨ। ਨਾਮਧਾਰੀ ਹਰ ਪਰਕਾਰ ਦੇ ਨਸ਼ੇ ਤੋਂ ਪਰਹੇਜ਼ ਕਰਦੇ ਹਨ, ਚਾਹ ਤੋਂ ਵੀ।

Sri Satguru Jagjit Singh Ji Elibrary NamdhariElibrary@gmail.com

ਇਹ ਸ਼ਬਦ ਚਾਹ-ਹਟਾ ਹੈ। ਇਸ ਵਿਚ ਹਾਹੇ ਅੱਖਰ ਦਾ ਲੋਪ ਹੋ ਗਿਆ ਹੈ। ਇਹ ਜੜੀ ਬੂਟੀਆਂ ਦਾ ਇੱਕ ਪਰਕਾਰ ਦਾ ਮਿਸ਼ਰਨ ਚਾਹ ਦੀ ਥਾਂ ਤੇ ਵਰਤਿਆ ਜਾਂਦਾ ਹੈ।

ਸਿਧੀ ਦਸਤਾਰ :- ਪਰਾਤਨ ਗੁਰਮੁਖੀ ਦਸਤਾਰ। ਜਿਹੜੀ ਅਸੀਂ ਪਰਾਤਨ ਚਿਤ੍ਰਾਂ ਵਿੱਚ ਦੇਖਦੇ ਹਾਂ। ਉਸਨੂੰ ਸਿਧੀ ਜਾਂ ਗੁਰਮੁਖੀ ਦਸਤਾਰ ਕਿਹਾ ਜਾਂਦਾ ਹੈ। ਆਮ ਦਸਤਾਰ ਨੂੰ ਨੋਕਦਾਰ ਕਹਿੰਦੇ ਹਨ-ਬੰਨ੍ਹਦੇ ਨਹੀਂ।

ਜਲ ਵਰਤਣਾ :- ਮੁਸਲਮਾਨ ਚੀਤਾ ਕਰ ਕੇ ਇਸਤੰਜਾ ਕਰਦੇ ਹਨ। ਅਨਪੜ ਇਸ ਕਿਰਿਆ ਨੂੰ ਢੇਲਾ ਕਰਨਾ ਵੀ ਕਹਿੰਦੇ ਹਨ। ਨਾਮਧਾਰੀ ਪੇਸ਼ਾਬ ਜਾਣ ਉਪਰੰਤ ਜਲ ਵਰਤਦੇ ਹਨ। ਇਸ ਲਈ ਪੇਸ਼ਾਬ ਜਾਣ ਲਈ ਵੀ, ਅੰਗਰੇਜ਼ੀ ਦੇ ਬਾਥਰੂਮ ਜਾਣ ਵਾਂਗੂ ਜਲ ਵਰਤਣਾ ਹੀ ਕਿਹਾ ਜਾਂਦਾ ਹੈ।

ਸਰਦਾਈ :- ਅਰਥ ਹਨ ਸੀਤਲਤਾ। ਪਰ ਨਾਮਧਾਰੀ ਵੀਰ ਇਸ ਦੀ ਵਰਤੋਂ ਸਾਰਾ ਸਾਲ ਅਤੇ ਆਮ ਕਰਦੇ ਰਹਿੰਦੇ ਹਨ। ਇਸ ਵਿਚ ਬਦਾਮ, ਲਾਚੀ, ਕਾਲੀ ਮਿਰਚ, ਚਾਰੇ ਮਗਜ਼, ਖ਼ਸ਼ਖ਼ਾਸ ਆਦਿ ਗੁਣਕਾਰੀ ਵਸਤਾਂ ਵਰਤੀਆਂ ਜਾਂਦੀਆਂ ਹਨ।

ਸੁਕੇਸ਼ੀ ਇਸ਼ਨਾਨ :- ਨਾਮਧਾਰੀ ਦਾ ਇਸ਼ਨਾਨ ਕੇਸਾਂ ਵਿਚ ਪਾਣੀ ਪਾਏ ਤੋਂ ਬਿਨਾਂ ਪੂਰਾ ਨਹੀਂ ਹੁੰਦਾ। ਉਹ ਕੇਸਾਂ ਵਿਚ ਪਾਣੀ ਪਾ ਕੇ ਇਸ਼ਨਾਨ ਕਰਦੇ ਹਨ ਅਤੇ ਇਸ ਇਸ਼ਨਾਨ ਨੂੰ ਸੁਕੇਸ਼ੀ ਇਸ਼ਨਾਨ ਕਹਿੰਦੇ ਹਨ।

ਸੁੱਚਾ ਕੱਪੜਾ :- ਉਹ ਕੱਪੜਾ ਜਿਸ ਵਿਚ ਸੂਤ ਦੀ ਵਰਤੋਂ ਨਾ ਕੀਤੀ ਗਈ ਹੋਵੇ।

ਖੁੱਲਾ ਕੱਪੜਾ :- ਉਹ ਕੱਪੜਾ ਜਿਸ ਵਿਚ ਸੂਤ ਵਰਤਿਆ ਹੋਇਆ ਹੋਵੇ।

ਸੂਬਾ :- ਇਸ ਲਹਿਰ ਦੇ ਮੋਢੀ ਨੇ ਇੱਕ ਸਮਾਨ ਅੰਤਰ ਸਰਕਾਰ ਅੰਗਰੇਜ਼ ਦੇ ਸਮੇਂ ਬਣਾਈ ਸੀ। ਦੇਸ਼ ਦਾ ਰਾਜਨੀਤਕ ਪਰਬੰਧ ਚਲਾਣ ਦੇ ਲਈ ਸਤਿਗੁਰੂ ਜੀ ਨੇ ਵੱਖ ਵੱਖ ਮੁਖੀ ਥਾਪੇ ਸਨ। ਜਿਨ੍ਹਾਂ ਨੂੰ ਸੂਬਾ ਕਿਹਾ ਜਾਂਦਾ ਸੀ। ਅੱਜ ਵੀ ਕਿਸੇ ਜਿਲੇ ਦੇ ਨਾਮਧਾਰੀ ਮੁੱਖੀ ਜਾਂ ਕਿਸੇ ਵਿਭਾਗ ਦੇ ਮੁਖੀ ਨੂੰ ਸੂਬਾ ਹੀ ਕਿਹਾ ਜਾਂਦਾ ਹੈ।

ਢਾਰਾ ਜਾਂ ਹੱਲੇ ਦਾ ਦੀਵਾਨ :- ਦੀਵਾਨ ਅਤੇ ਵਾਰ ਸਿੱਖਾਂ ਵਿਚ ਆਮ ਵਰਤੋਂ ਦੇ ਸ਼ਬਦ ਹਨ ਪਰ ਜਦੋਂ ਜੋਸ਼ ਅਤੇ ਸ਼ਰਧ-ਮਈ ਮਸਤੀ ਵਿਚ ਗੜਗੱਜ ਸਾਖ਼ਾਂ ਨਾਲ ਦੀਵਾਨ ਹੋਵੇ ਅਤੇ ਵਾਰ ਜਾਂ ਕੋਈ ਸ਼ਬਦ ਇਸ ਵਿਧੀ ਦੇ ਨਾਲ ਪੜ੍ਹਿਆ ਜਾਵੇ ਤਾਂ ਉਸਨੂੰ ਹੱਲੇ ਦਾ ਦੀਵਾਨ ਜਾਂ ਢਾਰਾ ਕਿਹਾ ਜਾਂਦਾ ਹੈ।

ਨਾਮਧਾਰੀ ਸੁੱਚ ਸੋਧ ਅਤੇ ਸਾਦਗੀ ਨੂੰ ਆਪਣੇ ਜੀਵਨ ਵਿਚ ਪਰਮੁਖ ਰੱਖਦੇ ਹਨ। ਗੜਵਾਂ ਕਿਉਂ ਜੋ ਉਹਨਾਂ ਦੀ ਰਹਿਤ ਲਈ ਇਕ ਲੋੜ ਹੈ ਇਸ ਲਈ ਨਾਲ ਹੀ ਰਖਿਆ ਜਾਂਦਾ ਹੈ। ਅਤੇ ਵਰਤੋਂ ਤੋਂ ਬਾਅਦ ਸੱਤ ਵਾਰ ਮਾਂਜਿਆ ਜਾਂਦਾ ਹੈ। ਉਹ ਚਮਕਦਾ ਰਹਿੰਦਾ ਹੈ। ਇਸ ਮਾਂਜ ਸੰਵਾਰ ਨੇ ਸਾਨੂੰ–ਮਾਂਜ ਦਿੱਤਾ ਕੂੱਕਿਆਂ ਦੇ ਗੜਵੇ ਵਾਂਗੂੰ-ਦਿੱਤਾ ਹੈ। ਜਦੋਂ ਕਿਸੇ ਦੀ ਚੰਗੀ ਤਰ੍ਹਾਂ ਨਾਲ ਲੁੱਟ ਕਰ ਲਈ ਗਈ ਹੋਵੇ ਉਦੋਂ ਵਿਅੰਗ ਵਜੋਂ ਕਿਹਾ ਜਾਂਦਾ ਹੈ। ....

ਜੰਗਲ :- ਜੰਗਲ ਜਾਣਾ ਭਾਵੇਂ ਨਿਹੰਗ ਸਿੰਘਾਂ ਵਿਚ ਮਗਰੋਂ ਜਾ ਕੇ ਮੈਦਾਨੇ ਜਾਣਾ ਹੋ ਗਿਆ ਹੈ ਪਰ ਨਾਮਧਾਰੀ ਭਾਵੇਂ ਹੁਣ ਫਲੱਸ਼ ਲੈਟਰੀਨਾਂ ਵਿਚ ਜਾਂਦੇ ਹੋਣ ਪਰ ਕਹਿੰਦੇ ਜੰਗਲ ਜਾਣਾ ਹੀ ਹਨ। ਜੰਗਲ ਨਹੀਂ ਆਇਆ, ਜੰਗਲ ਲੱਗੇ ਹੋਏ ਹਨ। ਵਾਰ ਵਾਰ ਜੰਗਲ ਆ ਰਿਹਾ ਹੈ, ਅਤਿ ਆਦਿ।

Sri Satguru Jagjit Singh Ji Elibrary NamdhariElibrary@gmail.com

ਤਰੀਮਤਾਂ ਦੀ ਸ਼ਬਦਾਵਲੀ

ਪੰਜਾਬੀ ਭਾਸ਼ਾ ਰਚਨਾ ਵਿਚ ਇਸਤ੍ਰੀਆਂ ਦੀ ਆਪਣੀ ਵਿਸ਼ੇਸ਼ ਦੇਣ ਹੈ। ਉਨ੍ਹਾਂ ਨੇ ਵੀ ਪੰਜਾਬੀ ਨੂੰ ਆਪਣੇ ਪੱਖੋਂ ਅਮੀਰ ਕੀਤਾ ਹੈ। ਜਿਵੇਂ:

ਬਾਹਰ ਜਾਣਾ	ਭਾਵ ਪਾਖਾਨੇ ਜਾਣਾ।
ਬਾਹਰ ਵਧਣਾ	ਸੂਤਕ ਦੇ ਦਿਨ ਮੁਕਾਉਣ ਤੋਂ ਬਾਅਦ ਕੰਮ ਕਾਜ ਅਰਥਾਤ ਰਸੋਈ ਆਦਿ ਦੇ ਕਾਰਜਾਂ ਲਈ ਤਿਆਰ ਹੋਣਾ।
ਅਣਗਿਣਤ ਦਿਨ, ਹਫ਼ਤਾ ਜਾਂ ਸਾਲ, ਹੋਣਾ	ਭਾਵ ਅਠਵਾਂ ਦਿਨ, ਹਫ਼ਤਾ ਜਾਂ ਸਾਲ ਤੋਂ ਹੈ। ਅਠਰਾਹ ਦੀ ਬਿਮਾਰੀ ਦੀ ਵਜ੍ਹਾ ਨਾਲ ਇਸਤ੍ਰੀਆਂ ਵਹਿਮ ਕਾਰਨ ਆਠੇ ਅੰਕੜਿਆਂ ਦਾ ਨਾਂ ਨਹੀਂ ਲੈਂਦੀਆਂ ਹਨ।
ਘਰ ਕਰਨਾ, ਰੋਟੀ ਪਕਾਉਣੀ, ਚਾਦਰ ਪਾਉਣੀ ਜਾਂ ਕਰੇਵਾ ਕਰਨਾ	ਦੂਸਰੀ ਸ਼ਾਦੀ ਕਰ ਲੈਣੀ।
ਆਸ ਮੁਰਾਦ ਹੋਣਾ	ਭਾਵ ਨੂੰਹ ਹੋਣਾ।

Sri Satguru Jagjit Singh Ji Elibrary NamdhariElibrary@gmail.com

ਮਹੀਨੇ ਦੀ	ਸੰਗਰਾਂਦ। ਇਸਤ੍ਰੀਆਂ ਪਹਿਲਾਂ ਕਿਸੇ ਮਰਦ ਦੇ ਮੂੰਹੋਂ ਇਹ ਸ਼ਬਦ ਅਤੇ ਮਹੀਨੇ ਦਾ ਨਾਂ ਸੁਣਨਾ ਸ਼ੁਭ ਸਮਝਦੀਆਂ ਹਨ।
ਗੋਦ ਭਰੀ ਹੋਣੀ	ਉਲਾਦ ਵਾਲੀ ਹੋਣੀ।
ਭਾਜੀ ਪਾਉਣੀ ਜਾਂ ਮੋੜਨੀ	ਵਿਆਹ ਸ਼ਾਦੀ ਤੇ ਸ਼ਰੀਕਾ ਸਹਾਇਤਾ ਵਜੋਂ ਕੁਝ ਦੇਂਦਾ ਹੈ। ਇਸ ਤੋਂ ਜੇਕਰ ਹੁਣ ਕੋਈ ਕਿਸੇ ਨਾਲ ਵਧੀਕੀ ਕਰ ਜਾਵੇ ਤਾਂ ਕਹਿੰਦੇ ਹਨ ਇਸਨੇ ਭਾਜੀ ਪਾਈ ਹੈ, ਮੋੜਨੀ ਹੀ ਪੈਣੀ ਹੈ।
ਗੋਝ	ਇਸ ਸ਼ਬਦ ਵਿਚ ਗੁਝ ਅਰਥਾਤ ਗੁਝਾ ਸਪਸ਼ਟ ਨਜ਼ਰ ਆ ਰਿਹਾ ਹੈ। ਭਾਵ ਕੁਝ ਲੁਕਾ ਛੁਪਾ ਕੇ ਰੱਖੀ ਹੋਈ ਵਸਤੂ। ਸਾਡੇ ਅਰਥਚਾਰੇ ਵਿਚ ਘਰ ਦੀ ਆਰਥਕਤਾ ਮਰਦ ਦੇ ਹੱਥਾਂ ਵਿਚ ਹੈ। ਇਸ ਅਵਸਥਾ ਵਿਚ ਤ੍ਰੀਮਤ ਵਿਚਾਰੀ ਹੱਥ ਲੱਗੀ ਰਕਮ ਨੂੰ ਆਪਣੇ ਹੱਥ ਗੋਚਰੇ ਕਰ ਲੈਂਦੀ ਹੈ। ਸਭ ਤੋਂ ਲੁਕਾ ਛੁਪਾ ਕੇ। ਇਸ ਲੁਕਾਈ ਛੁਪਾਈ ਰਕਮ ਨੂੰ ਗੋਝ ਕਿਹਾ ਜਾਂਦਾ ਹੈ।
ਕਾਕਾ ਜਾਂ ਕਾਕੀ ਦਾ ਗੋਦੀ ਹੋਣਾ	ਭਾਵ ਕਾਕਾ ਜਾਂ ਕਾਕੀ ਦਾ ਜਨਮਿਆ ਹੋਣਾ।
ਪੈਰ ਭਾਰੀ ਹੋਣਾ	ਗਰਭਵਤੀ ਹੋਣਾ।
ਨ੍ਹਾਉਂਦੀ ਧੋਂਦੀ ਹੋਣਾ	ਮੁਟਿਆਰ ਹੋਣਾ ਭਾਵ ਮਾਹਵਾਰੀ ਆਉਂਦੀ ਵਾਲੀ ਹੋਣਾ।
ਵਿਦਾਅ ਹੋ ਕੇ ਆਉਣਾ ਜਾਂ ਜਾਣਾ	ਪਹਿਲੇ ਬੱਚੇ ਦੀ ਪੈਦਾਇਸ਼ ਲਈ ਸਹੁਰਿਆਂ ਤੋਂ ਸ਼ਗਨ ਲੈ ਕੇ ਪੇਕੇ ਆਉਣਾ ਤਾਂ ਜੋ ਮਾਂ ਵਿਦਾਅ ਹੋ ਕੇ ਆਉਣ ਦਾ ਇਹ ਸ਼ਗਨ ਦੇਖ ਕੇ ਸਮਝ ਜਾਵੇ ਕਿ ਧੀ ਦਾ ਸੁੱਖ ਨਾਲ ਪੈਰ ਭਾਰਾ ਹੈ।
ਪੇਟ ਘਰੋੜੀ ਦੀ ਸੰਤਾਨ	ਭਾਵ ਆਖ਼ਰੀ ਬੱਚਾ।
ਦਿਖਾਵਾ	ਧੀ ਜਾਂ ਨੂੰਹ ਨੂੰ ਦਿਤੀ ਲਈ ਚੀਜ਼ ਵਸਤ ਦੀ ਸ਼ਰੀਕਾਂ ਦੇ ਦੇਖਣ ਲਈ ਪਾਰਦਰਸ਼ਨੀ।

Sri Satguru Jagjit Singh Ji Elibrary NamdhariElibrary@gmail.com

ਸੰਧਾਰਾ	ਤਿੱਥ ਤਿਉਹਾਰ ਨੂੰ ਧੀ ਭੈਣ ਨੂੰ ਦਿੱਤੀ ਜਾਣ ਵਾਲੀ ਸੁਗ਼ਾਤ।
ਦੁੱਧ	ਇਸਤ੍ਰੀ ਦੀਆਂ ਛਾਤੀਆਂ।
ਬੋਲਣਾ ਬੁਲਾਣਾ ਜਾਂ ਰੋਟੀ ਲੈਣੀ ਦੇਣੀ	ਭਾਵ ਸਰੀਰਕ ਮੇਲ। ਸਹਿਵਾਸ
ਰੋਟੀ ਨਾ ਹੋਣੀ, ਨਾ ਬੁਲਾਣਾ	ਭਾਵ ਪਤੀ ਦੀ ਸਰੀਰਕ ਅਣਗਹਿਲੀ ਜਾਂ ਪਰ-ਇਸਤ੍ਰੀ ਨਾਲ ਲਗਾਓ ਹੋਣਾ।
ਖੁੱਚਰ ਪਾਲਣੀ	ਜੇ ਕਰ ਨੂੰਹ ਦੇ ਸੰਤਾਨ ਪੈਦਾ ਹੋ ਜਾਣ ਵਿਚ ਦੇਰ ਹੋ ਜਾਵੇ ਤਾਂ ਹੋਛੀਆਂ ਸੱਸਾਂ ਨਨਾਣਾ "ਖੱਚਰ ਪਾਲ ਰਹੇ ਹਾਂ" ਕਹਿ ਕਹਿ ਕੇ ਮਿਹਣੇ ਮਾਰਦੀਆਂ ਹਨ।
ਰਕਾਨ	ਇਹ ਅਰਬੀ ਭਾਸ਼ਾ ਦਾ ਸ਼ਬਦ ਅਰਕਾਨ ਹੈ ਅਤੇ ਰੁਕਨ ਦਾ ਬਹੁ-ਵਚਨ ਹੈ। ਰੁਕਨ ਦੇ ਅਰਥ ਹਨ ਵਜ਼ੀਰ। ਇਹ ਇਕ ਇਸਤ੍ਰੀ ਦੂਜੀ ਨਖ਼ਰੇ ਵਾਲੀ ਨੂੰ ਕਹਿ ਕੇ ਬੁਲਾਂਦੀ ਹੈ।
ਵਰੀ	ਵਿਆਹ ਵੇਲੇ ਸਹੁਰਿਆਂ ਵਲੋਂ ਦਿੱਤਾ ਗਿਆ ਕੱਪੜਾ ਲੱਤਾ।
ਕਾਣਾ ਘੁੰਡ ਹੋਣਾ	ਜੇਠ ਆਦਿ ਨਾਲ ਅੱਖ ਮੱਟਕੇ ਲਾਉਣ ਵਾਲੀ ਦੇ ਘੁੰਡ ਨੂੰ ਕਹਿੰਦੇ ਹਨ।.
ਛੁੱਟੜ	ਛੱਡੀ ਹੋਈ, ਤਲਾਕੀ ਹੋਈ ਇਸਤ੍ਰੀ। ਇਸਤ੍ਰੀਆਂ ਇਹ ਸ਼ਬਦ ਗਾਲ੍ਹ ਵਜੋਂ ਵਰਤੀਆਂ ਹਨ।
ਕਚੀਲ ਹੋਣਾ	ਸੂਤਕ ਜਾਂ ਮਾਹਵਾਰੀ ਦੇ ਦਿਨਾਂ ਵਿਚ ਹੋਣਾ
ਨ੍ਹਾਤੀ ਹੋਣਾ	ਮਾਹਵਾਰੀ ਮੁੱਕ ਚੁੱਕੀ ਹੋਣ ਦੀ ਸੂਚਨਾ ਵਜੋਂ ਵਰਤਦੀਆਂ ਹਨ।
ਪਿਛਲੀ ਪੈਰੀ	ਸਹੁਰਿਆਂ ਵਲੋਂ ਮਾਪਿਆਂ ਦਾ ਘਰ ਭਰਨ ਵਾਲੀ।
ਕੱਚੇ ਪੱਕੇ ਦਿਨ ਹੋਣੇ	ਭਾਵ ਚਾਰ ਪੰਜ ਮਹੀਨੇ ਦਾ ਗਰਭ ਹੋਣਾ।

Sri Satguru Jagjit Singh Ji Elibrary NamdhariElibrary@gmail.com

ਦੀਦੇ ਮਟਕਾਉਣੇ	ਜੇਕਰ ਕੋਈ ਨੂੰਹ ਧੀ ਤਾਕਾ ਝਾਕੀ ਕਰਨ ਡਹਿ ਪਵੇ ਤਾਂ ਕਹਿੰਦੇ ਹਨ ਦੀਦੇ ਮਟਕਾਉਂਦੀ ਹੈ।
ਲੈਣ ਦੇਣ	ਦਾਜ ਦਹੇਜ।
ਅੱਖਾਂ ਮੁਤਾਉਣੀਆਂ	ਭਾਵ ਹੈ ਦਿਖਾਵੇ ਦੇ ਲਈ ਹੰਝੂ ਵਗਾਉਣੇ (ਜੋ ਕੇਵਲ ਇਸਤ੍ਰੀ ਹੀ ਕਰ ਸਕਦੀ ਹੈ)
ਉਡਦੇ ਪਲੇ ਆਉਣਾ	ਨੂੰਹ ਜਦੋਂ ਪੇਕਿਆਂ ਤੋਂ ਆਉਂਦੀ ਹੈ ਤਾਂ ਮਾਂ ਕੁਝ ਪੱਲੇ ਪਾ ਕੇ ਭੇਜਦੀ ਹੈ। ਜੋ ਕਿ ਸ਼ਰੀਕੇ ਵਿਚ ਨਨਾਣ "ਭਾਬੀ ਦਾ ਪੱਲਾ ਹੈ" ਕਹਿ ਕੇ ਫੇਰਦੀ ਹੈ। ਜੇਕਰ ਮਾਂ ਧੀ ਨੂੰ ਖ਼ਾਲੀ ਤੋਰ ਦੇਵੇ ਤਾਂ ਸੱਸ ਨਨਾਣਾਂ ਕਹਿੰਦੀਆਂ ਹਨ—ਆ ਗਈ ਉਡਦੇ ਪੱਲੇ ਮੂੰਹ ਚੁੱਕ ਕੇ।
ਇਸ ਤੋਂ ਇਲਾਵਾ	ਲੜ ਲੱਗਣਾ, ਪੱਲੇ ਪਾਉਣਾ, ਹੱਥ ਪੀਲੇ ਕਰਨੇ, ਪਾਣੀ ਵਾਰਨਾ, ਵਾਰਨੇ ਕਰਨਾ, ਘੋੜੀਆਂ ਗਾਉਣੀਆਂ, ਪੂਰੇ ਦਿਨਾਂ ਦਾ ਹੋਣਾ, ਫੇਰਿਆਂ ਦੀ ਗੁਨਾਹਗਾਰ ਹੋਣਾ, ਆਦਿ।

ਤਰੀਮਤਾਂ ਦੀਆਂ ਗਾਲ੍ਹਾਂ ਵੀ ਆਪਣੀਆਂ ਹੀ ਹੁੰਦੀਆਂ ਹਨ। ਜਿਵੇਂ ਖ਼ਸਮਾ ਖਾਣੀ, ਭਾਈਆਂ ਪਿੱਟੀ, ਜਾਏ ਰੋਣੀ, ਝਾਟਾ ਸੜੀ, ਦੇਹ ਫਿੱਟੀ, ਖੱਚਰ, ਘਗਰੀ ਵਿਚ ਗਹਿਣਾ ਹੋਣਾ, ਫੱਫੇ ਕੁੱਟਣੀ, ਕੋੜਮਾ ਪਿੱਟੀ, ਫਾਫਾਂ, ਵਹੇਲ, ਸਿਰ ਸੜੀ, ਆਦਿ।

ਨਿਹੰਗ ਸਿੰਘਾਂ ਦੀ ਸ਼ਬਦਾਵਲੀ

ਇਸਤ੍ਰੀਆਂ ਵਾਂਗ ਨਿਹੰਗ ਸਿੰਘਾਂ ਦੀ ਵੀ ਆਪਣੀ ਸ਼ਬਦਾਵਲੀ ਹੈ। ਜੋ ਆਮ ਬੋਲ ਚਾਲ ਵਿਚ ਵੀ ਖ਼ੁਸ਼ ਬੋਲਿਆਂ ਵਾਂਗ ਆ ਜਾਂਦੀ ਹੈ। ਨਿਹੰਗ ਸਿੰਘ ਆਪਣੀ ਇਸ ਸ਼ਬਦਾਵਲੀ ਨੂੰ ਗੜਗੱਜ ਬੋਲੇ ਕਹਿੰਦੇ ਹਨ।

ਆਕਾਸ਼ ਪਰੀ ਭਾਵ ਬੱਕਰੀ।

ਫ਼ੌਜਾਂ ਇਕ ਦੂਸਰੇ ਨੂੰ "ਫ਼ੌਜਾਂ ਕਿਧਰੋਂ ਆਈਆਂ ਹਨ ਜਾਂ ਫ਼ੌਜਾਂ ਦਾ ਕੀ ਹਾਲ ਹੈ?" ਕਹਿ ਕੇ ਸੰਬੋਧਨ ਕਰਦੇ ਹਨ। ਫ਼ੌਜਾਂ ਇਸ ਲਈ ਕਿ ਇਕ ਨੂੰ ਸਵਾ ਲੱਖ ਜੋ ਕਹਿਣਾ ਹੋਇਆ। ਸਵਾ ਲੱਖ ਜੇ ਕਰ ਫ਼ੌਜ ਨਹੀਂ ਹੈ ਤਾਂ ਹੋਰ ਕੀ ਹੈ?

ਸਵਾ ਲੱਖ ਭਾਵ ਇੱਕ।

ਬੇਅੰਤ ਸਵਾ ਲੱਖ ਤੋਂ ਬਾਅਦ ਦੋ ਲੱਖ। ਤਿੰਨ ਲੱਖ। ਇਹ ਲੱਖਾਂ ਦੀ ਗਿਣਤੀ ਦਸ ਲੱਖ ਤੱਕ ਚਲਦੀ ਹੈ। ਦਸ ਤੱਕ ਗਿਣ ਕੇ ਫੇਰ ਇਹ ਗਿਣਤੀ ਖ਼ਤਮ ਹੋ ਜਾਂਦੀ ਹੈ ਅਤੇ ਕਹਿੰਦੇ ਹਨ-ਬੇਅੰਤ।

ਤੁਰਕ, ਫਰੰਗੀ ਇਹ ਉਨ੍ਹਾਂ ਦੀਆਂ ਗਾਲ੍ਹਾਂ ਹਨ ਅਤੇ ਘਿਰਨਾ ਵਾਚਕ ਸ਼ਬਦ ਹਨ।

ਘੋੜ ਦੌੜ ਹੋਣੀ ਭਾਵ ਵਸਤਰਾਂ ਵਿਚ ਜੂਆਂ ਹੋਣੀਆਂ।

ਭਾਉਣੀ ਬਦਲਣੀ ਅਰਥਾਤ ਕੱਪੜੇ ਉਲਟਾ ਕੇ ਪਹਿਨਣੇ।

ਮਿੱਠਾ ਪ੍ਰਸ਼ਾਦਾ ਬਾਸੀ ਰੋਟੀ।

Sri Satguru Jagjit Singh Ji Elibrary NamdhariElibrary@gmail.com

ਭਟਕਾਇਆ ਹੋਇਆ ਪ੍ਰਸ਼ਾਦਾ	ਭਾਵ ਅੱਧੀ ਰੋਟੀ।
ਸ਼ਹੀਦੀ ਦੇਗ	ਭਾਵ ਭੰਗ
ਚੌਥਾ ਪੌੜਾ	ਦਲਿਤ ਸ਼੍ਰੇਣੀਆਂ ਦੇ ਲਈ ਵਰਤਦੇ ਹਨ।
ਚਾਹਟੇ ਛਕਾਉਣੇ	ਕੁੱਟ ਮਾਰ ਕਰਨੀ।
ਲੜਾਕੀ	ਮਿਰਚ
ਚਲਾਕਣ	ਸੂਈ
ਸਿਰ ਖਿੰਡੀ	ਸ਼ੱਕਰ
ਸਿਰ ਜੋੜ	ਗੁੜ
ਜਹਾਜ਼	ਭਾਵ ਉਨ੍ਹਾਂ ਦਾ ਗੱਡਾ
ਭੂਤਨੀ	ਰੇਲ ਬੱਸ ਜਾਂ ਕਾਰ
ਖੋਤੀ ਬੁੰਘਣੀ	ਹੁੱਕਾ ਜਾਂ ਸਿਗਰਟ ਪੀਣ ਨੂੰ ਕਹਿੰਦੇ ਹਨ।
ਸਿਰੀ ਸਾਹਿਬ	ਕ੍ਰਿਪਾਨ
ਸਲੋਤਰ ਸਿੰਘ	ਸੋਟਾ
ਰੂਪਾ ਜਾਂ ਰੋੜੂ ਪ੍ਰਸਾਦ	ਗੰਢਾ।
ਬਦਾਮਾਂ ਦੀ ਦਾਲ	ਛੋਲਿਆਂ ਦੀ ਦਾਲ।
ਮੋਰਚਾ ਫਤਿਹ ਕਰਨਾ	ਭਾਵ ਕਿਸੇ ਕੰਮ ਨੂੰ ਮੁਕਾ ਲੈਣ ਤੋਂ ਹੁੰਦਾ ਹੈ।
ਲੰਗਰ ਮਸਤ ਹੋਣਾ	ਘਰ ਵਿਚ ਖਾਣ ਦੇ ਲਈ ਕੁਝ ਨਾ ਹੋਣਾ। ਫ਼ਾਕੇ ਵਿਚ ਹੋਣਾ।
ਕਿਸੇ ਚੀਜ਼ ਦਾ ਵਧ ਜਾਣਾ	ਭਾਵ ਖ਼ਤਮ ਹੋ ਜਾਣਾ। ਮੁੱਕ ਜਾਣਾ।
ਭੁਚੰਗੀ, ਭੁਚੰਗਣ	ਮੁੰਡਾ, ਕੁੜੀ
ਸਿੰਘ ਜਾਂ ਸਰੀਰ	ਇਕ ਦੂਸਰੇ ਨੂੰ ਸਿੰਘ ਜਾਂ ਸਰੀਰ ਕਹਿ ਕੇ ਗਿਣਦੇ ਹਨ।

Sri Satguru Jagjit Singh Ji Elibrary NamdhariElibrary@gmail.com

ਜੋੜਾ	ਜੁੱਤੀ।
ਚੰਡੀ ਚੜ੍ਹਨੀ	ਗੁੱਸਾ ਆ ਜਾਣਾ।
ਸਵਾਇਆ ਗੱਫਾ	ਥੋੜ੍ਹੀ ਮਾਤ੍ਰਾ ਵਿਚ।
ਦਮੜਾ	ਰੁਪਿਆ।
ਪੰਜ ਇਸ਼ਨਾਨਾ ਕਰਨਾ	ਹੱਥ, ਪੈਰ ਅਤੇ ਮੂੰਹ ਧੋਣਾ।
ਚੰਦ ਕੁਰ	ਲਾਲਟੈਣ
ਅੜਿੰਗ ਬੜਿੰਗ ਹੋ ਜਾਣਾ	ਧਰਤੀ ਤੇ ਸੌਣਾ।
ਹਰਨ ਹੋਣਾ	ਨੱਸ ਜਾਣਾ।
ਦੇਗਾਂ ਮਸਤਾਨੀਆਂ ਹੋਣੀਆਂ	ਦੇਗਾਂ ਖ਼ਾਲੀ ਹੋ ਜਾਣੀਆਂ, ਲੰਗਰ ਮੁੱਕ ਜਾਣਾ।
ਬਸੰਤ ਕੁਰ	ਮੱਕੀ।
ਫਿਰਰੀ ਦੀ ਸਵਾਰੀ ਕਰਨੀ	ਚੱਕੀ ਪੀਹਣੀ।
ਯਮ ਰਾਜ ਦੀ ਧੀ	ਨੀਂਦ ।
ਖ਼ੁਸ਼ਕ ਪਲਾਓ	ਭੁੱਜੇ ਹੋਏ ਦਾਣੇ।
ਲੱਖ-ਨੇਤਰਾ	ਕਾਣਾ
ਸੂਰਮਾ	ਅਨ੍ਹਾਂ
ਚੜ੍ਹਦੀ ਕਲਾ ਵਿਚ ਹੋਣਾ	ਪੂਰੇ ਜਲਾਲ ਵਿਚ ਹੋਣਾ।
ਉਗਰਾਹੀ ਕਰਨੀ	ਮੰਗ ਕੇ ਲਿਆਣਾ।
ਉਜਾਗਰ	ਦੀਵਾ

Sri Satguru Jagjit Singh Ji Elibrary NamdhariElibrary@gmail.com

ਅਕਲਦਾਨ	ਡੈਂਡਾ।
ਅਫਲਾਤੂਨ	ਰਜ਼ਾਈ।
ਸੁੱਕਮਾਂਜ	ਭੁੱਖਾ।
ਸੁਚਾਲਾ	ਲੰਗੜਾ।
ਸੁੰਦਰੀ	ਬਹੁਕਰ।
ਹਰਨੀ	ਮੱਖੀ।
ਹੰਕਾਰਿਆ ਹੋਇਆ	ਲੀਰਾਂ ਲੀਰਾਂ ਹੋਇਆ। ਪਾਟਿਆ ਹੋਇਆ।
ਕੁਤਬਦੀਨ	ਕੁੱਤਾ।
ਖੁਰਮਾ	ਬੇਰ
ਗੁਪਤਾ	ਗੁੰਗਾ
ਚੁਬਾਰੇ ਚੜ੍ਹਿਆ	ਬੋਲਾ
ਥਾਣੇਦਾਰ	ਖੋਤਾ
ਲਵੇਰਾ	ਖੋਦਾ
ਤਨਖਾਹ ਲਾਉਣੀ	ਸਜ਼ਾ ਦੇਣੀ
ਚੋਰ ਹੋਣਾ	ਮੁਜ਼ਰਮ ਹੋਣਾ, ਮੁਲਜ਼ਮ ਹੋਣਾ।

Sri Satguru Jagjit Singh Ji Elibrary NamdhariElibrary@gmail.com

ਪਸ਼ੂਆਂ ਦੇ ਵਿਉਪਾਰੀਆਂ/ ਦਲਾਲਾਂ ਦੀ ਸ਼ਬਦਾਵਲੀ

ਪਸ਼ੂਆਂ ਦੀਆਂ ਮੰਡੀਆਂ ਵਿਚ ਦਲਾਲ ਅਤੇ ਵਿਉਪਾਰੀ ਸਾਧਾਰਨ ਲੋਕਾਂ ਤੋਂ ਚੋਰੀ ਛਿਪੇ ਗੱਲ ਬਾਤ ਕਰਨ ਦੇ ਲਈ ਆਪੋ ਵਿਚ ਕੁਝ ਖ਼ਾਸ ਸ਼ਬਦਾਵਲੀ ਵਰਤਦੇ ਹਨ। ਇਸਦਾ ਵੇਰਵਾ ਇੰਝ ਹੈ।

ਬੁੱਟ	ਅਣਜਾਣ ਵਚੇਣ ਜਾਂ ਪਸ਼ੂ ਖ਼ਰੀਦਣ ਵਾਲੇ ਨੂੰ ਕਹਿੰਦੇ ਹਨ।
ਨਕਾਤੀ	ਭੇਦ ਨਾ ਖੋਲਣ ਲਈ ਕਹਿਣਾ ਹੋਵੇ ਤਾਂ ਕਹਿੰਦੇ ਹਨ।
ਸਪਲਾਈ ਕਰਨੀ	ਪਸ਼ੂ ਮਾਲਕ ਨੂੰ ਚੁੱਕ ਦੇਣੀ, ਫੂਕ ਦੇਣੀ
ਮਾਂਡ ਹੋਣਾ	ਜਿਵੇਂ ਕਹਿਣਾ ਹੋਵੇ ਬੁੱਟ ਮਾਂਡ ਹੈ।
ਸੁਧਾ ਲਵੇ ਜਾਂ ਘਾੜੋ	ਹੱਥ ਮਾਰ ਲਵੇ। ਸੌਦਾ ਕਰ ਲਵੇ। ਨਬੇੜ ਲਵੇ।
ਸੁਧ ਜਾਓ	ਜਾਣ ਦੇਵੋ/ਛੱਡੋ ਪਰੇ, ਚਲੇ ਜਾਵੋ।
ਨਕਾਤ ਰਹੋ	ਚੁੱਪ ਰਹੋ
ਸ਼ਾਮਲਾ	ਬੁੱਗ
ਚਾਪਣੇ ਘਾੜਣੇ, ਚਾਪਣੇ ਸੁਧੇ ਹੋਣੇ	ਦੰਦ ਕਢਣੇ, ਹੱਸਣਾ
ਖਾਮ	ਥੋੜਾ ਹੋਣਾ, ਘੱਟ ਹੋਣਾ

Sri Satguru Jagjit Singh Ji Elibrary NamdhariElibrary@gmail.com

ਜੇਤ	ਵਧ ਹੋਣਾ
ਸਿਪਲਾ	ਵਾਹਵਾ ਚੰਗੀ ਚੀਜ਼
ਨਕਾਤਲਾ ਜਾਂ	
ਖਾਪਲਾ	ਮਾੜੀ ਜਾਂ ਘਟੀਆ ਚੀਜ਼।
ਟਿੱਪਣਾ	ਛੋੜਨਾ
ਡੀਕਾ, ਡੀਕੀ	ਕੱਟਰੂ, ਵੱਛਰੂ।
ਝਾਕਣੀ	
ਨਕਾਤੀ	ਕਾਣੀ ਜਾਂ ਕਾਣਾ।
ਨਖਰਾਵਾ	ਦਲਾਲ
ਨਖਰਾਵੀ	ਦਲਾਲੀ
ਜੋਡੇ	ਪੁਲੀਸ ਵਾਲੇ, ਜਾਂ ਅਫਸਰ ਲਈ
ਕੋਲ	ਇਕ
ਜਾਜ	ਦੋ
ਦਲਾ	ਤਿੰਨ
ਰਵ੍ਹਾ	ਚਾਰ
ਖ਼ਸਮ	ਪੰਜ
ਠਿੱਸਾਂ	ਛੇ
ਪੌਤਾਂ	ਸੱਤ
ਅਝੀਆਂ	ਅੱਠ
ਨੋਸਰਾ	ਨੌਂ
ਔਸਰ	ਦਸ
ਕਾਸਰਾਂ	ਗਿਆਰਾਂ
ਜੌਲਾਂ	ਬਾਰਾਂ
ਖਸਮ ਔਸਰ	ਪੰਦਰਾਂ
ਬੋਡੀ	ਵੀਹ (ਕੋੜੀ)
ਖਸਮ ਬੋਡੀ	ਪੰਝੀ
ਤੈਂਗਾਂ	ਤੀਹ
ਖਸਮ ਤੈਂਗਾਂ	ਪੈਂਤੀ
ਜਾਜ ਬੋਡੀ	ਚਾਲੀ

ਕੋਸੀ	ਪੰਜਾਹ
ਲਾਂਗ	ਸੌ
ਖੇੜ	ਡੇਢ
ਪੱਕੀ ਲਾਂਗ	ਹਜ਼ਾਰ
ਨਿਸੀਏ, ਗੋਤੇ ਜਾਂ ਕਗਦੇ	ਰੁਪੈ ਪੈਸੇ
ਫੰਡਰ	ਨਾ ਸੂਣ ਵਾਲੀ
ਤੋਕੜ	ਦੇਰ ਦੀ ਸੂਈ ਹੋਈ
ਤਿੱਲ	ਇੱਕ ਥਣ ਮਰੇ ਵਾਲੀ
ਢੂੱਲ	ਦੋ ਥਣਾਂ ਵਾਲੀ/ਜਾਂ ਜਿਸਦੇ ਦੋ ਥਣ ਹੀ ਹੋਣ ਹੋਰ ਮਰ ਚੁੱਕੇ ਹੋਣ। (ਦੋ ਥਣ ਮਰੇ ਵਾਲੀ)
ਅਵਸਰ ਜਾਂ ਔਸਰ	ਜੇਹੜੀ ਅਜੇ ਗਭਣ ਨਾ ਹੋਈ ਹੋਵੇ। ਅਰਥਾਤ ਝੋਟੀ
ਔਖੜ	ਜੋ ਕਈ ਡੰਗ ਦੀ ਚੋਈ ਹੋਈ ਨਾ ਹੋਵੇ।
ਫਾਂਡਰੂ	ਆਵਾਰਾ ਛਡਿਆ ਹੋਇਆ ਡੰਗਰ
ਫੁਆਰੀ (ਜਾਂ ਪਾਨਕੀ)	ਰੋਟੀ
ਕੌੜਕੀ	ਦਾਲ
ਨਾਨਕੂ	ਪਾਣੀ
ਚੀੜ੍ਹ	ਦੁਧ

Sri Satguru Jagjit Singh Ji Elibrary NamdhariElibrary@gmail.com

ਖ਼ੁਸ਼ ਬੋਲੇ

ਸ਼ਬਦ ਦੀ ਚਿੰਨ੍ਹ-ਆਤਮਕਤਾ ਤੋਂ ਕੌਣ ਇਨਕਾਰੀ ਹੈ? ਇਸੇ ਲਈ ਕਿਸੇ ਭੈ-ਭੀਤ ਕਰ ਦੇਣ ਵਾਲੀ ਗੱਲ, ਮੌਤ, ਬੀਮਾਰੀ ਅਤੇ ਹੋਰ ਭੈੜੀ ਗੱਲ ਨੂੰ ਦਰਸਾਉਣ ਵਾਲੇ ਸ਼ਬਦ ਦਾ ਉਚਾਰਨ ਆਮ ਕਰਕੇ ਨਹੀਂ ਕੀਤਾ ਜਾਂਦਾ ਸਗੋਂ ਉਸਨੂੰ ਖ਼ੁਸ਼ ਬੋਲਿਆਂ ਰਾਹੀਂ ਘਟ ਭੈ ਭੀਤ ਬਣਾ ਕੇ ਦਰਸਾਇਆ/ਕਿਹਾ ਜਾਂਦਾ ਹੈ ਜਿਵੇ :-

ਸੱਪ ਦੇ ਡੰਗੇ ਨੂੰ ਕੀੜਾ ਮੂੰਹ ਲਾ ਗਿਆ, ਕੀੜਾ ਸੁੰਘ ਗਿਆ, ਜਾਂ ਬਾਬੇ ਦੀ ਮਿਹਰ ਹੋ ਗਈ। ਚੇਚਕ ਰੋਗ ਨੂੰ ਮਾਤਾ, ਜਾਂ ਫੇਰ ਸ਼ੀਤਲਾ ਵੀ, ਕਿਹਾ ਜਾਂਦਾ ਹੈ।

ਇੱਕ ਫੋੜਾ ਹੈ, ਬਹੁਤ ਦੁਖਦਾਈ, ਜਿਸਦਾ ਅਸਲੀ ਨਾਂ ਤਾਂ ਹੁਣ ਭਾਲਿਆਂ ਵੀ ਨਹੀਂ ਮਿਲਦਾ ਪਰ ਉਸਨੂੰ ਲੋਕੀਂ ਬੁਰਨਾਵਾਂ ਜਾਂ ਬੁਰਾ ਕਹਿ ਕੇ ਦੱਸਦੇ ਹਨ। ਚੰਦਰਾ ਨਿਕਲਿਆ ਹੋਇਆ ਵੀ ਕਹਿੰਦੇ ਹਨ।

ਮਰ ਜਾਣ ਨੂੰ ਕਹਿੰਦੇ ਹਨ—ਪੂਰਾ ਹੋ ਗਿਆ, ਸੁਰਗਵਾਸ ਹੋ ਗਿਆ, ਭਾਣਾ ਵਰਤ ਗਿਆ, ਚੋਲਾ ਛੱਡ ਗਿਆ, ਦੇਹ ਤਿਆਗ ਗਿਆ, ਜੋਤੀ ਜੋਤ ਸਮਾ ਗਿਆ, ਦੇਹ ਦਾ ਉਹਲਾ ਕਰ ਗਿਆ, ਅਤਿ ਆਦਿ।

ਨੇਤਰ ਹੀਣ ਨੂੰ ਸੂਰਮਾ ਸਿੰਘ ਜਾਂ ਸੂਰਦਾਸ
ਸ਼ਰਾਬ ਨੂੰ ਦਾਰੂ
ਮ੍ਰਿਤਕ ਸ਼ਰੀਰ ਨੂੰ—ਮਿੱਟੀ, ਦੇਹ,
ਲਾਸ਼ ਦੇ ਸਿਸਕਾਰ ਲਈ ਕਹਿੰਦੇ ਹਨ—ਮਿੱਟੀ ਕਿਉਂਟਣੀ,
ਲਹੂ ਜਾਂ ਖ਼ੂਨ ਨੂੰ ਮੈਲਾ

Sri Satguru Jagjit Singh Ji Elibrary NamdhariElibrary@gmail.com

ਪਖਾਨੇ ਜਾ ਟੱਟੀ ਜਾਣ ਨੂੰ ਕਹਿੰਦੇ ਹਨ ਜੰਗਲ ਜਾਣਾ, ਮੈਦਾਨੇ ਜਾਣਾ, ਬਾਹਰ ਜਾਣਾ, ਸੁਚੇਤੇ ਜਾਣਾ।

ਪਿਸ਼ਾਬ ਕਰਨ ਨੂੰ ਚੀਤਾ ਕਰਨਾ।

ਲਿੰਗ ਅੰਗ ਨੂੰ ਇੰਦਰੀ।

ਜੰਗ ਵਿਚ ਮਰਨ ਨੂੰ–ਕੰਮ ਆਉਣਾ, ਕੁਰਬਾਨ ਹੋਣਾ, ਸ਼ਹੀਦ ਹੋਣਾ, ਬਿਮਾਰ ਹੋਣ ਨੂੰ ਕਹਿੰਦੇ ਹਨ, ਸ੍ਰੀਰ ਢਿੱਲਾ ਹੋਣਾ, ਜਰਾਂ ਠਰਾਣ ਹੋਣਾ। ਭੂਤ ਨੂੰ ਬਾਹਰ ਦੀ ਹਵਾ।

ਜੁਆਈ ਨੂੰ ਪਰੌਹਣਾ।

ਸਾਲੇ ਨੂੰ ਰਿਸ਼ਤੇਦਾਰ।

ਮਾਸ ਨੂੰ ਮਹਾਂ ਪ੍ਰਸ਼ਾਦ।

ਕਤਲ ਹੋਣ ਤੇ ਕਹਿੰਦੇ ਹਨ ਖ਼ੂਨ ਹੋ ਗਿਆ।

ਇਸ ਤੋਂ ਇਲਾਵਾ ਕੁਝ ਚੰਗੀਆਂ ਵਸਤਾਂ ਲਈ ਵੀ ਖ਼ੁਸ਼ਬੋਲੇ ਹਨ। ਨਜ਼ਰ ਫਜ਼ਰ ਨਾ ਲੱਗ ਜਾਵੇ ਇਸ ਲਈ ਵਰਤੇ ਜਾਂਦੇ ਹਨ।

ਭਰਜਾਈ :- ਬਹੁਤ ਜਾਇਆਂ ਵਾਲੀ। ਬਹੁਤ ਬੱਚੇ ਦੇਣ ਵਾਲੀ। ਭਰਾ ਦੀ ਵਹੁਟੀ ਲਈ ਵਰਤਿਆਂ ਜਾਂਦਾ ਹੈ। ਭਾਵੇਂ ਹੁਣ ਦੋ ਹੀ ਕਾਫ਼ੀ ਹੋਰ ਤੋਂ ਮਾਫ਼ੀ ਦਾ ਨਾਅਰਾ ਪਰਚੱਲਤ ਹੋ ਗਿਆ ਹੈ ਪਰ ਭਰਜਾਈ ਦਾ ਮੁਕਾਮ ਸਥਾਪਤ ਹੈ।

ਚੌਣਾ :-ਅਰਥਾਤ ਚਾਰ ਗੁਣਾ। ਪਿੰਡ ਦੇ ਵੱਗ ਲਈ ਵਰਤਿਆ ਗਿਆ ਹੈ।

ਬਹੁਲੀ :- ਲਵੇਰੇ ਦੀ ਪਹਿਲੇ ਕੁਝ ਦਿਨਾਂ ਦੇ ਦੁਧ ਤੋਂ ਬਣਿਆ ਪਦਾਰਥ ਹੁੰਦਾ ਹੈ। ਸ਼ੁਭ ਸ਼ਗਨ ਵਜੋਂ ਉਹਨੂੰ ਬਹੁਲੀ ਅਰਥਾਤ ਬਹੁਤਾਤ ਵਾਲੀ ਕਹਿੰਦੇ ਹਨ।

ਬਰਕਤ–ਬਹੁਤੇ :-ਕੁਝ ਜੋਖਣਾ ਹੋਵੇ ਤਾਂ ਸ਼ੁਭ ਸ਼ਗਨ ਲਈ ਪਹਿਲੇ ਤੋਲ ਨੂੰ ਇੱਕ ਕਹਿਣ ਦੀ ਥਾਂ ਤੇ ਬਰਕਤ ਕਹਿੰਦੇ ਹਨ ਅਤੇ ਤਿਨ ਦੇ ਅੰਕ ਨੂੰ ਅਸ਼ੁਭ ਮੰਨਣ ਕਰਕੇ ਤੀਜੇ ਤੋਲ ਲਈ ਸ਼ਬਦ ਬਹੁਤੇ ਵਰਤਿਆ ਜਾਂਦਾ ਹੈ।

ਇਸ ਤੋਂ ਇਲਾਵਾ ਵੀ ਜੇ ਕਰ ਕਿਸੇ ਚੰਗੀ ਗੱਲ ਦਾ ਵਰਨਣ ਕਰਨਾ ਹੋਵੇ ਤਾਂ ਉਸਦਾ ਆਰੰਭ ਸੁੱਖ ਨਾਲ ਕਹਿਕੇ ਕੀਤਾ ਜਾਂਦਾ ਹੈ। ਕੋਈ ਭੈੜੀ ਗੱਲ ਕਹਿਣ ਤੋਂ ਪਹਿਲਾਂ ਕਹਿੰਦੇ ਹਨ ਰੱਬ ਨਾ ਕਰੇ।

Sri Satguru Jagjit Singh Ji Elibrary NamdhariElibrary@gmail.com

ਪ੍ਰੇਮੀਆਂ ਦੀ ਸ਼ਬਦਾਵਲੀ

ਪ੍ਰੇਮੀਆਂ ਦੀ ਸ਼ਬਦਾਵਲੀ ਸਾਨੂੰ ਅਲੱਗ ਤਾਂ ਦੇਣੀ ਪਈ ਹੈ ਕਿ ਇਹ ਸ਼ਬਦਾਵਲੀ ਹੁੰਦੀ ਤਾਂ ਆਮ ਸ਼ਬਦਾਵਲੀ ਹੀ ਹੈ, ਪਰ ਜਦੋਂ ਪ੍ਰੇਮੀ ਇਨ੍ਹਾਂ ਦੀ ਵਰਤੋਂ ਕਰਦੇ ਹਨ ਤਾਂ ਕਈ ਵਾਰ ਇਨ੍ਹਾਂ ਸ਼ਬਦਾਂ ਦੇ ਅਰਥ ਮੂਲੋਂ ਹੀ ਹੋਰ ਹੋ ਜਾਂਦੇ ਹਨ। ਹੈਰਾਨੀ ਹੁੰਦੀ ਹੈ ਕਿ ਸ਼ਬਦ ਭਾਵੇਂ ਕੋਈ ਵੀ ਵਰਤੇ ਜਾਣ ਪਰ ਮਨੁੱਖੀ ਮਨ ਆਪਣਾ ਅਸਲ ਪ੍ਰਗਟਾਵਾ ਕਰ ਅਤੇ ਸਮਝ ਹੀ ਲੈਂਦਾ ਹੈ। ਜਿਵੇਂ ਜੇ ਕਰ ਪਿਆਰ ਵਿਗੁੱਤੇ ਸੱਜਣ ਇਕ ਦੂਸਰੇ ਨੂੰ ਨਹੋਰਿਆਂ ਨਾਲ **ਨਿਰਮੋਹੀ, ਨਮੋਹਰਾ, ਨਮੋਹਰੀ, ਬੇਦਰਦੀ, ਬੇਈਮਾਨ, ਬੇਵਫ਼ਾ, ਚੰਦਰਾ, ਵੈਰੀ, ਵੈਰਨ, ਚੰਦਰੀ, ਚਾਕ, ਗੋਲਾ, ਗੋਲੀ, ਬੇਦਰਦਣ, ਦੁਸ਼ਮਣ, ਕਾਫ਼ਰ, ਬੇਰਹਿਮ, ਜ਼ੁਲਮੀ, ਸੰਗਦਿਲ, ਟੂਣੇਹਾਰੀ** ਆਦਿ ਸ਼ਬਦਾਂ ਦੇ ਨਾਲ ਵਾਰ ਵਾਰ ਸੰਬੋਧਨ ਕਰਨ ਤਾਂ ਤੁਸੀਂ ਇਨ੍ਹਾਂ ਸ਼ਬਦਾਂ ਦੇ ਕੀ ਅਰਥ ਕਢੋਗੇ? ਕੀ ਤੁਸੀਂ ਕਦੇ ਨਹੀਂ ਇਹ ਸ਼ਬਦ ਵਰਤੇ? ਜਿਸ ਕਿਸੇ ਨੇ ਪਿਆਰ ਨਹੀਂ ਕੀਤਾ ਉਹ ਇਨ੍ਹਾਂ ਸ਼ਬਦਾਂ ਦੇ ਅਰਥ ਕਿਵੇਂ ਸਮਝ ਸਕੇਗਾ? ਇਨ੍ਹਾਂ ਸ਼ਬਦਾਂ ਦਾ ਆਪਣਾ ਹੀ ਵਿਸਮਾਦ ਹੈ ਜੋ ਪ੍ਰੇਮੀ ਵਰਤ ਵਰਤ ਕੇ ਮਾਣਦੇ ਰਹਿੰਦੇ ਹਨ ਜਿਵੇਂ **ਨਹੋਰਾ, ਨੱਖ਼ਰਾ, ਨਖ਼ਰੋ, ਨਾਜੋ,** (ਜੋ ਅਸਲ ਵਿਚ ਨਾਜ਼ੋ ਹੈ) **ਮਾਹੀ, ਚੰਨ, ਰਾਂਝਾ, ਹੀਰ, ਅਤੇ ਢੋਲਾ** ਜਾਂ **ਢੋਲ** ਆਦਿ।

ਇਕ ਸ਼ਬਦ ਅੰਗਰੇਜ਼ੀ ਦਾ ਵੀ ਪੰਜਾਬੀ ਵਿਚ ਘਰ ਕਰ ਰਿਹਾ ਹੈ, ਉਹ ਸ਼ਬਦ ਹੈ ਡਾਰਲਿੰਗ। ਉਂਝ ਅੰਗਰੇਜ਼ੀ ਪੜ੍ਹੇ ਲੋਕ ਸ਼ਬਦ ਹਨੀ(ਅਰਥਾਤ ਮਾਖਿਉਂ) ਦੀ ਵਰਤੋਂ ਵੀ ਕਰਦੇ ਹਨ।

ਪਿਆਰ ਵਿਚ ਕਹੇ ਗਏ ਸ਼ਬਦ **ਸ਼ੈਤਾਨ, ਬਦਮਾਸ਼, ਨਾਲਾਇਕ, ਗਧਾ** ਜਾਂ **ਖੋਤਾ** ਅਤੇ **ਉੱਲੂ** ਦੇ ਅਰਥ ਸਭ ਜਾਣਦੇ ਹਨ ਬਸ ਜੇ ਕਰ ਨਹੀਂ ਜਾਣਦੇ ਤਾਂ ਸਾਡੇ ਸ਼ਬਦ ਕੋਸ਼ ਹੀ ਨਹੀਂ ਜਾਣਦੇ।

ਉਚਾਰਨ ਵਿਚ ਸ਼ਬਦ ਦਾ ਤਰਲ ਹੋ ਜਾਣਾ

ਬੋਲਦਿਆਂ ਬੋਲਦਿਆਂ ਕਾਹਲੀ ਵਿਚ ਕਈ ਸ਼ਬਦ ਸੁੰਗੜ ਜਾਂਦੇ ਹਨ ਅਤੇ ਅਧਿਕ ਤਰਲ ਰੂਪ ਧਾਰ ਲੈਂਦੇ ਹਨ। ਇੰਝ ਇਨ੍ਹਾਂ ਦਾ ਰੂਪ ਤਾਂ ਬਦਲ ਜਾਂਦਾ ਹੈ ਪਰ ਅਰਥ ਨਹੀਂ ਬਦਲਦੇ। ਸੁਣਨ ਵਾਲਾ ਸਮਝ ਵੀ ਉਸੇ ਤਰ੍ਹਾਂ ਲੈਂਦਾ ਹੈ ਜਿਵੇਂ ਕਿ ਉਹ ਆਪਣੇ ਪੂਰਨ ਰੂਪ ਵਿਚ ਉਚਾਰੇ ਗਏ ਹੋਣ। ਜਿਵੇਂ :-

ਮਖਾ ਜਾਂ ਮਖਾਂ	ਇਹ "ਮੈਂ ਆਖਿਆ" ਦਾ ਤਰਲ ਰੂਪ ਹੈ।
ਦੇਹਤਾਂ	ਇਹ "ਦੇਖ ਤਾਂ" ਦਾ ਤਰਲ ਰੂਪ ਹੈ।
ਕਰਨਾਂ	ਇਹ "ਕਰਦਾ ਹਾਂ" ਦਾ ਤਰਲ ਰੂਪ ਹੈ।
ਚਾਹਨਾਂ	ਇਹ "ਚਾਂਹਦਾ ਹਾਂ" ਦਾ ਤਰਲ ਰੂਪ ਹੈ।
ਇਤਰਾਂ	ਇਹ "ਇਸ ਤਰ੍ਹਾਂ" ਦਾ ਤਰਲ ਰੂਪ ਹੈ।
ਉਤਰਾਂ	ਇਹ "ਉਸ ਤਰ੍ਹਾਂ" ਦਾ ਤਰਲ ਰੂਪ ਹੈ।

ਇੰਝ ਹੀ ਉਚਾਰਨ ਵਿਚ ਧੁਨੀ ਵਰੀਵਰਤਨ ਹੋ ਜਾਣ ਦੇ ਨਾਲ ਸ਼ਬਦ ਦੇ ਅਰਥ ਬਦਲ ਜਾਂਦੇ ਹਨ। ਇਕੋ ਸ਼ਬਦ ਜੇ ਹੌਲੀ ਉਚਾਰਿਆ ਜਾਵੇ ਤਾਂ ਅਰਥ ਆਮ ਹਨ ਪਰ ਜੇ ਕਰ ਉਹੀ ਸ਼ਬਦ ਧੁਨੀ ਤੇ ਜ਼ੋਰ ਦੇ ਕੇ ਉਚਾਰਿਆ ਜਾਵੇ ਤਾਂ ਅਰਥ ਬਦਲ ਜਾਂਦੇ ਹਨ। ਜਿਵੇਂ ਜੇਕਰ ਕਿਸੇ ਨੂੰ ਹੌਲੀ ਜਿਹੇ ਕਿਹਾ ਜਾਵੇ, "ਖੜੋ ਜਾ" ਤਾਂ ਉਹ ਖੜੋ ਜਾਂਦਾ ਹੈ ਕਿ ਦਸੋ ਕੀ ਗੱਲ ਹੈ ਪਰ ਇਸ ਦੇ ਉਲਟ ਜੇ ਕਰ ਉਚਾਰਨ ਤੇ ਜ਼ੋਰ ਦੇ ਕੇ ਕਹੋ "ਖੜੋ ਜਾ" ਤਾਂ ਅਗਲਾ ਖੜੋਂਦਾ ਨਹੀਂ ਸਗੋਂ ਕਿਸੇ ਖ਼ਤਰੇ ਦਾ ਅਲਾਰਮ ਸਮਝ ਕੇ ਨੱਸ ਜਾਂਦਾ ਹੈ। ਜ਼ੋਰ ਦੇ ਕੇ "ਖੜੋ ਜਾ" ਉਚਾਰਨ ਦਾ ਅਰਥ ਹੈ ਕਿ ਉਸਨੂੰ ਖਲੋਣਾ ਨਹੀਂ ਚਾਹੀਦਾ, ਇਸ ਵਿਚ ਕੋਈ ਖ਼ਤਰਾ ਹੈ ਅਤੇ ਨੱਸ ਜਾਣਾ ਚਾਹੀਦਾ ਹੈ।

ਮਾਂ ਮਿਹੱਟਰ ਸ਼ਬਦਾਵਲੀ

ਜਿਸ ਪਰਕਾਰ ਮਾਂ-ਮਹਿਟਰ ਬਾਲ ਹੁੰਦੇ ਹਨ, ਇਸੇ ਤਰ੍ਹਾਂ ਕੁਝ ਸ਼ਬਦ ਵੀ ਮਾਂ-ਮਹਿਟਰ ਹੋ ਜਾਂਦੇ ਹਨ। ਭਾਵ, ਉਨ੍ਹਾਂ ਦਾ ਉਤਪਤੀ ਸੋਮਾ ਜਾਂ ਤਾਂ ਆਪਣੀ ਉਮਰ ਭੋਗ ਕੇ ਮੈਦਾਨ ਛੱਡ ਗਿਆ ਹੁੰਦਾ ਹੈ, ਜਿਸ ਤਰ੍ਹਾਂ ਵੱਡ-ਵਡੇਰੇ ਚਲੇ ਗਏ ਹਨ, ਜਾਂ ਉਨ੍ਹਾਂ ਦਾ ਉਤਪਤੀ - ਸੋਮਾ ਸਾਡੀ ਭਾਸ਼ਾ ਦੇ ਵਿਚ ਹੁੰਦਾ ਹੀ ਨਹੀਂ। ਉਹ ਪਿਉਂਦ ਲਾਉਣ ਵਾਂਗ ਸਾਡੀ ਭਾਸ਼ਾ ਵਿੱਚ ਪਿਉਂਦ ਲੱਗ ਕੇ ਇਕ ਮਿੱਕ ਹੋ ਗਏ ਹੁੰਦੇ ਹਨ। ਜਿਵੇ :-

ਕੌਡੀ :- ਕੌਡੀ ਨੂੰ ਕੌਣ ਨਹੀਂ ਜਾਣਦਾ? ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਇਹ ਕੌਡੀ ਕਦੇ ਅੱਜ ਦੇ ਰੁਪਏ ਪੈਸੇ ਵਾਂਗ ਚਾਲੂ ਮੁਦਰਾ ਸੀ। ਹੁਣ ਇਹ ਚਾਲੂ ਸਿੱਕੇ ਤੋਂ ਹਟ ਕੇ ਕੌਡੀ ਦੀ ਵੀ ਨਹੀਂ ਰਹੀ ਹੈ। ਪਰ ਇਸ ਦੇ ਸਿੱਕਾ ਹੋਣ ਸਮੇਂ ਦੇ, ਭਾਸ਼ਾ ਨੂੰ ਦਿਤੇ ਸ਼ਬਦ ਅਤੇ ਉਪਮਾਵਾਂ ਅਜੇ ਉਸੇ ਤਰ੍ਹਾਂ ਚੱਲ ਰਹੇ ਹਨ। ਜਿਵੇ ਕਿ :-

ਕੌਡੀ ਪੱਲੇ ਨਾ ਹੋਣੀ, ਕਾਣੀ ਕੌਡੀ ਵੀ ਪੱਲੇ ਨਾ ਹੋਣੀ, ਆਲੇ ਕੌਡੀ ਛਿੱਕੇ ਕੌਡੀ ਕਰਨੀ। ਕੌਡੀ ਮੁੱਲ ਨਾ ਪੈਣਾ, ਕੌਡੀ ਕੌਡੀ ਜੋੜਨੀ, ਕੋਡੀ ਕੋਡੀ ਨੂੰ ਤਰਸਨਾ, ਕੌਡੀ ਦਾ ਨਾ ਰਹਿਣਾ, ਆਦਿ।

ਕੌਡੀ ਵਾਲੀ ਹੀ ਦਸ਼ਾ ਧੇਲੇ ਅਤੇ ਟਕੇ ਦੀ ਹੋਈ ਹੈ। ਇਹੋ ਹਾਲ ਪੈਸੇ ਅਤੇ ਆਨੇ ਦਾ ਹੋਇਆ ਹੈ। ਉਪਰੋਕਤ ਉਪਮਾਵਾਂ ਅਤੇ ਅਖਾਣ ਉਨ੍ਹਾਂ ਦੇ ਨਾਲ ਜੋੜਕੇ ਵੀ ਵਰਤੇ ਜਾਂਦੇ ਹਨ।

ਟਕਾ ਆਪ ਤਾਂ ਹੁਣ ਹੈ ਨਹੀਂ, ਪਰ ਟਕੇ ਵਰਗਾ ਜੁਆਬ ਅੱਜ ਵੀ ਦੇ ਦਿੱਤਾ ਜਾਂਦਾ ਹੈ। ਟਕਾ ਸਭ ਤੋਂ ਪਹਿਲਾਂ ਅੰਗਰੇਜ਼ੀ ਈਸਟ ਇੰਡੀਆ ਕੰਪਨੀ

Sri Satguru Jagjit Singh Ji Elibrary NamdhariElibrary@gmail.com

ਨੇ ਚਲਾਇਆ ਸੀ। ਇਹ ਚਾਂਦੀ ਦੇ ਰੁਪਏ ਵਾਂਗ ਹੀ ਭਾਰਾ ਹੁੰਦਾ ਸੀ। ਟਕੇ ਵਰਗੇ ਜੁਆਬ ਵਿਚ ਟਕੇ ਦੀ ਨਿਗੱਰਤਾ ਵੱਲ ਸੰਕੇਤ ਹੈ। ਭਾਵ ਜੁਆਬ ਨਿੱਗਰ, ਅਰਥਾਤ ਮੂੰਹ ਤੋੜਵਾਂ ਮਿਲਿਆ।

ਪਾਈ :- ਨੇ ਵੀ ਕੁਝ ਦਿਨ ਕੌਡੀ ਅਤੇ ਧੇਲੇ ਦੇ ਵਾਂਗ ਰਾਜ ਕੀਤਾ ਹੈ। ਫੇਰ ਜਦੋਂ ਚਲੀ ਗਈ ਤਾਂ ਕੌਡੀ ਅਤੇ ਧੇਲੇ ਵਾਲੀਆਂ ਉਪਮਾਵਾਂ ਤੇ ਅਖਾਣਾ ਨਾਲ ਆਪਣਾ ਸੰਬੰਧ ਛੱਡ ਗਈ।

ਮੋਹਰ :- ਕਦੇ ਸੋਨੇ ਦਾ ਚਾਲੂ ਸਿੱਕਾ ਹੋਇਆ ਕਰਦਾ ਸੀ। ਇਹ ਸਭ ਸਿੱਕਿਆਂ ਨਾਲੋਂ ਕੀਮਤੀ ਹੁੰਦਾ ਸੀ। ਕੁੜੀ ਦੇ ਮੰਗਣੇ ਵੇਲੇ ਲੜਕੇ ਦੀ ਰੋਕ ਲਈ ਆਪਣੀ ਅਮੀਰੀ ਅਤੇ ਵੱਧ ਚੜ੍ਹ ਕੇ ਖ਼ਰਚਾ ਕਰਨ ਦਾ ਸੰਕੇਤ ਦੇਣ ਦੇ ਲਈ ਕੋਈ ਕੋਈ, ਟਾਵਾਂ, ਅਮੀਰ ਵਿਅਕਤੀ ਰੁਪਏ ਦੀ ਥਾਂ ਤੇ ਮੋਹਰ ਦਿਆ ਕਰਦਾ ਸੀ। ਹੁਣ ਮੋਹਰ ਦੇ ਦਿਨ ਵਿਹਾਜ ਗਏ। ਰੁਪਿਆ ਹੀ "ਰਿੰਡ ਪਰਧਾਨ" ਹੈ। ਪਰ **ਮੋਹਰ ਦੇਣ** ਦਾ ਮਾਂ-ਮਹਿਟਰ ਸ਼ਬਦ ਅਜੇ ਚਲਦਾ ਹੈ। ਸੋਨੇ ਦੀ ਡਲੀ ਨੂੰ ਕੁੱਟ ਕੁਟਾ ਕੇ ਰੁਪਏ ਵਰਗੀ ਕਰ ਲੈਂਦੇ ਹਨ ਅਤੇ ਮੰਗਣੇ ਉਤੇ ਮੁੰਡੇ ਦੇ ਪੱਲੇ ਪਾ ਦੇਂਦੇ ਹਨ। ਇਸਨੂੰ ਕਹਿੰਦੇ ਹਨ **ਮੋਹਰ ਦਿਤੀ ਗਈ ਹੈ**। ਭਾਵ ਇਸ ਤੋਂ ਵੀ ਉਹੀ ਕੁਝ ਦਰਸਾਣ ਦਾ ਹੁੰਦਾ ਹੈ, ਜੋ, ਅਸਲ ਮੋਹਰ ਦੇ ਕੇ ਦਰਸਾਉਂਦਾ ਹੋਇਆ ਕਰਦਾ ਸੀ।

ਨੱਥ :- ਇਕ ਜ਼ੇਵਰ ਹੋਇਆ ਕਰਦਾ ਸੀ ਵਹੁਟੀ ਆਪਣੇ ਨੱਕ ਅਤੇ ਖੱਬੇ ਕੰਨ ਦੇ ਵਿਚਕਾਰ ਪਾਇਆ ਕਰਦੀ ਸੀ। ਨਵੀਂ ਨਵੇਲੀ ਵਹੁਟੀ ਦੀ ਨਿਸ਼ਾਨੀ ਇਹ ਨੱਥ ਹੀ ਹੋਇਆਂ ਕਰਦੀ ਸੀ। ਅੱਜ ਇਹ ਨੱਥ ਚਾਲੂ ਜ਼ੇਵਰ ਨਹੀਂ ਰਿਹਾ। ਪਰ ਨੱਥ ਵਾਲੀ ਸ਼ਬਦ ਅਜੇ ਵੀ ਉਸੇ ਗੌਰਵ ਦੇ ਨਾਲ ਕਾਇਮ ਹੈ। ਅੱਜ ਜੇ ਕਰ ਕਿਸੇ ਛੜੇ ਛਾਂਟ ਨੇ ਆਪਣੀ ਲਾ-ਪਰਵਾਹੀ ਦਰਸਾਉਣੀ ਹੁੰਦੀ ਹੈ ਤਾਂ ਕਹਿੰਦਾ ਹੈ "ਸਾਡੀ ਕਿਹੜੀ ਨੱਥ ਵਾਲੀ ਬੈਠੀ ਹੈ, ਜੋ ਸਾਨੂੰ ਕਿਸੇ ਗੱਲ ਦਾ ਜਾਂ ਘਰ ਬਾਰ ਆਦਿ ਦਾ ਫ਼ਿਕਰ ਹੋਵੇ।"

ਕੰਜਰ, ਕੰਜਰੀ, ਪੇਸ਼ਾ :- ਇਹ ਤਿੰਨੇ ਸ਼ਬਦ, ਮਾੜੀ ਕਿਸਮਤ ਵਾਲੇ ਵੇਸ਼ਵਾ ਗਮਨੀ ਦੇ ਬਾਜ਼ਾਰ ਦੀ ਦੇਣ ਹਨ। ਵੇਸ਼ਵਾ-ਗਮਨੀ ਹੁਣ ਕਾਨੂੰਨੀ ਤੌਰ ਤੇ ਖ਼ਤਮ ਹੋ ਗਈ ਹੈ। ਪਰ ਇਹ ਤਿੰਨੇ ਸ਼ਬਦ ਹੁਣ ਵੀ ਗਾਲ੍ਹਾਂ ਦੇ ਰੂਪ ਵਿਚ ਵਰਤੋਂ ਵਿਚ ਆਉਂਦੇ ਹਨ ਅਤੇ ਆਉਂਦੇ ਰਹਿਣਗੇ। ਤਰੀਮਤਾਂ ਦੀਆਂ ਤਾਂ ਇਹ ਬਹੁਤ ਵਡੀਆਂ, ਪਰ ਆਮ ਵਰਤੀਆਂ ਜਾਂਦੀਆਂ, ਗਾਲ੍ਹਾਂ ਹਨ।

ਆਨਾ :- ਇਹ ਸਿੱਕਾ ਵੀ ਆਪਣਾ ਕਰੱਤਵ ਨਿਭਾ ਕੇ ਚਲਦਾ ਬਣਿਆ

Sri Satguru Jagjit Singh Ji Elibrary NamdhariElibrary@gmail.com

ਹੈ। ਪਰ ਇਸਦਾ ਮਾਂ-ਮਹਿੱਟਰ ਸ਼ਬਦ "ਸੋਲ਼ਾਂ ਆਨੇ ਸੱਚ ਹੈ" ਉਸੇ ਤਰ੍ਹਾਂ ਹੈ ਜਿਵੇਂ "ਚਾਲੀ ਸੇਰੀ" ਗੱਲ ਹੈ। ਇਨ੍ਹਾਂ ਤੋਂ ਭਾਵ ਹੈ ਪੂਰਾ ਪੂਰਾ, ਘੱਟ ਨਾ ਵੱਧ । ਬੱਸ ਮੁਕੰਮਲ ਅਤੇ ਠੀਕ।

ਖ਼ਰਗੋਸ਼ :- ਇਹ ਸ਼ਬਦ ਫਾਰਸੀ ਵਿਚੋਂ ਸੰਧੀ ਦੇ ਰੂਪ ਵਿਚ ਆ ਕੇ ਪਿਊਂਦ ਹੋਇਆ ਹੈ। ਫਾਰਸੀ ਵਿਚ ਖ਼ਰ ਖੋਤੇ ਨੂੰ ਅਤੇ ਗੋਸ਼ ਕੰਨਾਂ ਨੂੰ ਕਹਿੰਦੇ ਹਨ। ਅਰਥਾਤ ਖੋਤੇ ਵਰਗੇ ਕੰਨਾਂ ਵਾਲਾ ਇਕ ਜਾਨਵਰ। ਪੰਜਾਬੀ ਵਿਚ ਨਾਂ ਤਾਂ ਖੋਤੇ ਨੂੰ ਖ਼ਰ ਕਹਿੰਦੇ ਹਨ ਅਤੇ ਨਾ ਹੀ ਕੰਨ ਨੂੰ ਗੋਸ਼। ਪਰ ਇਹ ਸ਼ਬਦ ਖ਼ਰਗੋਸ਼ ਐਨ ਪੰਜਾਬੀ ਹੈ।

ਖ਼ਾਕੀ :- ਫਾਰਸੀ ਸ਼ਬਦ ਖ਼ਾਕ ਦਾ ਪੁੱਤਰ ਹੈ। ਖ਼ਾਕ ਦੇ ਅਰਥ ਹਨ ਮਿੱਟੀ। ਪੰਜਾਬੀ ਭਾਸ਼ਾ ਨੇ ਮਿੱਟੀ ਨੂੰ ਤਾਂ ਖ਼ਾਕ ਨਹੀਂ ਕਿਹਾ। ਪਰ ਮਿੱਟੀ ਰੰਗ ਨੂੰ ਖ਼ਾਕੀ ਬਣਾ ਲਿਆ ਹੈ।

ਬਰਾਦਰੀ :- ਪੰਜਾਬੀ ਵਿਚ ਭਾਈਚਾਰੇ ਲਈ ਵਰਤਿਆ ਜਾਂਦਾ ਸ਼ਬਦ ਹੈ। ਇਹ ਫ਼ਾਰਸੀ ਦੇ ਸ਼ਬਦ ਬਰਾਦਰ ਤੋਂ ਜਨਮਿਆ ਹੈ ਪਰ ਪੰਜਾਬੀ ਵਿਚ ਇਸ ਦਾ ਇਹ ਸੋਮਾਂ ਵਰਤਿਆ ਨਹੀਂ ਜਾਂਦਾ। ਹਾਂ, ਬਰਾਦਰੀ ਹੁਣ ਸੋਲਾਂ ਆਨੇ ਪੰਜਾਬੀ ਹੋ ਗਿਆ ਹੈ।

ਮਾਦਰ :- ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਅਰਥ ਹਨ ਮਾਂ। ਪੰਜਾਬੀ ਵਿਚ ਮਾਂ ਨੂੰ ਮਾਦਰ ਨਹੀਂ ਕਿਹਾ ਜਾਂਦਾ। ਪਰ ਜਦੋਂ ਮਾਂ ਦੀ ਗਾਲ੍ਹ ਕੱਢਣੀ ਹੋਵੇ ਤਾਂ ਮਾਂ ਅਲੋਪ ਅਤੇ ਮਾਦਰ ਪ੍ਰਗਟ ਹੋ ਜਾਂਦੀ ਹੈ।

ਬੁਜ਼ਦਿਲ :- ਬੁਜ਼ ਫ਼ਾਰਸੀ ਵਿਚ ਬੱਕਰੀ ਨੂੰ ਕਹਿੰਦੇ ਹਨ। ਪੰਜਾਬੀ ਵਿਚ ਬੁਜ਼ ਕੋਈ ਸ਼ਬਦ ਨਹੀਂ ਹੈ। ਪਰ ਡਰਪੋਕ ਨੂੰ ਪੰਜਾਬੀ ਵਿਚ ਬੁਜ਼ਦਿਲ ਕਹਿੰਦੇ ਹਨ।

ਜਾਸੂਸ :- ਇਸ ਦਾ ਸੋਮਾ ਫ਼ਾਰਸੀ ਦੇ ਸ਼ਬਦ ਤਜਸੱਸ ਵਿੱਚ ਹੈ। ਤਜਸੱਸ ਦੇ ਅਰਥ ਹਨ ਭਾਲ, ਖੋਜ। ਇਹ ਸ਼ਬਦ ਪੰਜਾਬੀ ਦੇ ਸੁਭਾਅ ਦੇ ਨੇੜੇ ਵੀ ਨਹੀਂ ਢੁੱਕ ਸਕਦਾ। ਪਰ ਇਸ ਦਾ ਜਾਇਆ ਜਾਸੂਸ ਆਪਣੀ ਸੇਵਾ ਨਿਭਾ ਰਿਹਾ ਹੈ।

ਜੀਜਾ :- ਪੰਜਾਬੀ ਵਿਚ ਭੈਣ ਦੇ ਪਤੀ ਨੂੰ ਕਹਿੰਦੇ ਹਨ। ਪਰ ਭੈਣ ਨੂੰ ਹਿੰਦੀ ਵਾਲਿਆਂ ਵਾਂਗ ਪੰਜਾਬੀ ਵਿਚ ਜੀਜੀ ਨਹੀਂ ਕਿਹਾ ਜਾਂਦਾ। ਪੰਜਾਬੀ ਜੀਜਾ ਵਿਚਾਰਾ ਛੜਾ ਹੀ ਫਿਰਦਾ ਹੈ, ਮੂਲ ਵਲੋਂ।

ਗੱਭ ਹੋਣਾ :- ਇਸਤ੍ਰੀਆਂ ਜਦੋਂ ਬਾਲਾਂ ਦੀਆਂ ਸ਼ਰਾਰਤਾਂ ਤੋਂ ਤੰਗ ਆ

Sri Satguru Jagjit Singh Ji Elibrary NamdhariElibrary@gmail.com

ਜਾਣ ਤਾਂ ਉਨ੍ਹਾਂ ਨੂੰ ਗੱਡ ਹੋਣੇ ਕਹਿ ਕੇ ਦੁਰਕਾਰਦੀਆਂ ਹਨ। ਉਨ੍ਹਾਂ ਨੂੰ ਇਹ ਕੋਈ ਪਤਾ ਨਹੀਂ ਕਿ ਇਸ ਦੁਰਕਾਰ ਦਾ ਸੋਮਾ ਕੀ ਹੈ।

ਪੁਰਾਣੇ ਸਮਿਆਂ ਵਿਚ ਜਦੋਂ ਕਿਸੇ ਦੋਸ਼ੀ ਨੂੰ ਸਜ਼ਾ ਦੇਣੀ ਹੁੰਦੀ ਸੀ ਤਾਂ ਉਸ ਨੂੰ ਲੱਕ ਤੱਕ ਧਰਤੀ ਵਿੱਚ ਸੰਵਾਰ ਕੇ ਗੱਡ ਦਿੱਤਾ ਜਾਂਦਾ ਸੀ। ਇਸ ਤੋਂ ਬਾਅਦ, ਉਸਦੇ ਦੋਸ਼ ਦੀ ਕਠੋਰਤਾ ਦੇ ਅਨੁਸਾਰ, ਭਾਂਤ ਭਾਂਤ ਦੇ ਦੰਡ ਦਿਤੇ ਜਾਂਦੇ ਸਨ। ਪਰ ਨਾਮ ਇਸ ਦੰਡ ਦਾ ਗੱਡ ਹੋਣਾ ਹੀ ਹੋਇਆ ਕਰਦਾ ਸੀ। ਗੱਡ ਹੋਣੇ ਤੋਂ ਭਾਵ ਸਜ਼ਾ ਦਾ ਭਾਗੀ ਹੈ।

ਕਾਠ ਮਾਰਨਾ :- ਇਹ ਵੀ ਜਾਗੀਰਦਾਰੀ ਦੌਰ ਦੀ ਇਕ ਸਜ਼ਾ ਸੀ। ਜੋ ਕਿ ਈਰਾਨ ਤੋਂ ਸਾਡੇ ਦੇਸ਼ ਵਿਚ ਆਈ। ਦੋਸ਼ੀ ਦੀ ਇੱਕ ਲੱਤ ਅਤੇ ਇਕ ਬਾਂਹ ਨੂੰ ਕਾਠ ਦੇ ਸ਼ਕੰਜ ਵਿਚ ਨੱਪ ਕੇ ਉਸਨੂੰ ਧੁੱਪ ਵਿਚ ਬਿਠਾ ਕੇ ਕਾਠ ਦੇ ਸ਼ਕੰਜੇ ਦੇ ਵਿਚ ਫਸਾਉਣ ਦੀ ਸਜ਼ਾ ਹੈ। ਪਰ ਫੇਰ ਵੀ ਜੇ ਕਰ ਕਿਸੇ ਨੂੰ ਕਿਸੇ ਦੀ ਬਹੁਤ ਉਡੀਕ ਕਰਨੀ ਪਵੇ ਤਾਂ ਉਹ ਕਹਿੰਦਾ ਹੈ, "ਬਈ ਤੂੰ ਚੰਗਾ ਮੈਨੂੰ ਕਾਠ ਮਾਰਿਆ ਅੱਜ, ਐਨੀ ਦੇਰ ਕਰੀ ਦੀ ਐ?"

ਨਾਕ :- ਹਿੰਦੀ ਉਰਦੂ ਵਿਚ ਨੱਕ ਨੂੰ ਕਹਿੰਦੇ ਹਨ। ਪੰਜਾਬੀ ਵਿਚ ਨੱਕ ਨਾਕ ਨਹੀਂ ਕਹਾਉਂਦਾ। ਪਰ ਨਾਕ ਦੀਆਂ ਸੰਧੀਆਂ, ਪਛੇਤਰ ਵਜੋਂ, ਪੰਜਾਬੀ ਨੂੰ ਅਮੀਰ ਕਰ ਰਹੀਆਂ ਹਨ। ਜਿਵੇ ਖ਼ਤਰਨਾਕ, ਖ਼ੌਫ਼ਨਾਕ, ਦਰਦਨਾਕ, ਗ਼ਮਨਾਕ ਅਤੇ ਗ਼ਜ਼ਬਨਾਕ ਆਦਿ।

ਹਮ :- ਉਰਦੂ ਹਿੰਦੀ ਵਿਚ ਮੈਂ ਦਾ ਬਹੁ-ਵਚਨ ਹੈ। ਪੰਜਾਬੀ ਵਿਚ ਮੈਂ ਦਾ ਬਹੁ-ਵਚਨ ਹਮ, ਨਹੀਂ "ਅਸੀਂ" ਹੈ। ਗ਼ੈਰ-ਪੰਜਾਬੀ ਭਾਸ਼ੀ ਵੱਡੇ ਲੋਕ ਆਪਣੇ ਆਪਨੂੰ ਇਸ ਬਹੁ-ਵਚਨ ਨਾਲ ਸੱਦਦੇ ਹਨ। ਮੈਂ ਕਹਿਣ ਦੀ ਥਾਂ ਤੇ ਵਾਰ ਵਾਰ ਆਪ ਨੂੰ ਹਮ ਕਹਿੰਦੇ ਹਨ। ਇਸ ਹਮ ਨੂੰ ਪੰਜਾਬੀ ਨੇ ਮੂੰਹ ਨਹੀਂ ਲਾਇਆ। ਪਰ ਇਸ ਹਮ ਦੇ ਗ਼ਰੂਰ ਅਤੇ ਘੁਮੰਡ ਨੂੰ ਹਮੀ ਸ਼ਬਦ ਦੇ ਰੂਪ ਵਿਚ ਸਾਂਭ ਲਿਆ ਹੈ।

ਸ਼ੀਰਨੀ :- ਇਹ ਫ਼ਾਰਸੀ ਦੇ ਸ਼ਬਦ ਸ਼ੀਰੀਂ ਤੋਂ ਜਨਮਿਆ ਹੈ। ਸ਼ੀਰੀਂ ਦੇ ਅਰਥ ਹਨ ਮਿੱਠਾ। ਪਰ ਪੰਜਾਬੀ ਵਿਚ ਮਿੱਠੇ ਨੂੰ ਸੀਰੀਂ ਕੋਈ ਨਹੀਂ ਕਹਿੰਦਾ। ਹਾਂ, ਮਿਠਿਆਈ ਨੂੰ ਸ਼ੀਰਨੀ ਜ਼ਰੂਰ ਕਹਿ ਦੇਂਦੇ ਹਨ।

ਬੱਤੀ :-ਬਿਜਲੀ ਦੇ ਆ ਜਾਣ ਤੋਂ ਪਹਿਲਾਂ ਤੇਲ ਦੇ ਦੀਵਿਆਂ ਵਿਚ ਰੂੰ ਦੀ ਬੱਤੀ ਵੱਟ ਕੇ ਪਾਇਆ ਕਰਦੇ ਸੀ। ਇਸੇ ਕਰਕੇ ਦੀਵਾ ਬਾਲਣ ਲਈ ਬੱਤੀ ਜਗਾਣ ਦੀ ਉਪਮਾ ਵਰਤੀ ਜਾਂਦੀ ਸੀ। ਪਰ ਅੱਜ ਜੇਕਰ ਬਿਜਲੀ ਦਾ ਬਲਬ

Sri Satguru Jagjit Singh Ji Elibrary NamdhariElibrary@gmail.com

ਐਨ ਕਰਨਾ ਹੋਵੇ ਤਾਂ ਕਹਿੰਦੇ ਹਨ "ਬੱਤੀ ਜਗਾਉਣੀ ਹੈ।"

ਚਾਦਰ ਪਾਉਣੀ :- ਇਹ ਇਕ ਰਸਮ ਸੀ, ਜਦੋਂ ਕੋਈ ਮਰਦ ਕਿਸੇ ਇਸਤਰੀ ਦੇ ਨਾਲ ਕਰੇਵਾ ਕਰਦਾ ਸੀ ਤਾਂ ਦੋਹਾਂ ਉਤੇ ਬਰਾਦਰੀ ਵਿਚ ਬੈਠ ਕੇ ਇੱਕ ਚਾਦਰ ਤਾਣ ਕੇ ਰਸਮ ਅਦਾ ਕੀਤੀ ਜਾਂਦੀ ਸੀ। ਇਹ ਇੱਜ਼ਤ ਦੀ ਸਾਂਝ ਦਾ ਪ੍ਰਤੀਕ ਮਾਤ੍ਰ ਸੀ। ਅੱਜ ਚਾਦਰ ਕੋਈ ਨਹੀਂ ਤਾਣੀ ਜਾਂਦੀ, ਨਾ ਪਾਈ ਹੀ ਜਾਂਦੀ ਹੈ। ਪਰ ਕਰੇਵਾ ਕਰਨ ਨੂੰ ਚਾਦਰ ਪਾਉਣੀ ਹੀ ਕਹਿੰਦੇ ਹਨ।

ਸੀਨ ਦੀ ਹੋਣਾ :- ਸੀਨ ਉਰਦੂ ਵਰਣਮਾਲਾ ਦਾ ਅਠਾਰ੍ਹਵਾਂ ਫ਼ਾਰਸੀ ਦਾ ਪੰਦਰਵਾਂ ਅਤੇ ਅਰਬੀ ਦਾ ਬਾਰ੍ਹਵਾਂ ਅੱਖਰ ਹੈ। ਪੰਜਾਬੀ ਵਿਚ ਇਸ ਧੁਨੀ ਦੇ ਉਚਾਰਨ ਦੇ ਲਈ ਸੱਸਾ ਅੱਖਰ ਹੈ। ਇਸਦੇ ਨਾਲ ਹੀ ਇਕ ਹੋਰ ਅੱਖਰ ਹੈ ਸ਼ੀਨ। ਇਹ ਉਰਦੂ ਵਰਣਮਾਲਾ ਦਾ ਉਨ੍ਹੀਵਾਂ, ਫਾਰਸੀ ਦਾ ਸੋਲ੍ਹਵਾਂ ਅਤੇ ਅਰਬੀ ਦਾ ਤੇਰ੍ਹਵਾਂ ਅੱਖਰ ਹੈ। ਪੰਜਾਬੀ ਵਿਚ ਇਸ ਦੀ ਧੁਨੀ ਉਚਾਰਨ ਦੇ ਲਈ ਸੱਸੇ ਦੇ ਪੈਰੀਂ ਬਿੰਦੀ ਲਾ ਕੇ ਸਾਰ ਲਿਆ ਗਿਆ ਹੈ। ਸੀਨ ਦੀ ਹੋਣੀ ਅਸਲ ਵਿਚ **ਸੀਨ ਦੀ ਸ਼ਰਾਬ** ਤੋਂ ਬਣਿਆ ਹੈ। ਇਹ ਸ਼ਰਾਬ ਅਸਲ ਵਿਚ ਅਰਬੀ ਸ਼ਬਦ ਹੈ ਅਤੇ ਸ਼ੀਨ ਅਰਥਾਤ ਸੱਸੇ ਦੇ ਪੈਰੀਂ ਬਿੰਦੀ ਨਾਲ ਲਿਖਿਆ ਜਾਂਦਾ ਹੈ ਨਾ ਕਿ ਸੀਨ ਨਾਲ। ਇਸ ਦਾ ਮੂਲ ਇੰਝ ਹੈ ਕਿ ਕੋਈ ਪੇਂਡੂ ਕਿਸੇ ਕਾਜ਼ੀ ਪਾਸ ਡਾਲੀ ਵਜੋਂ, ਆਪਣੇ ਭੋਲੇਪਣ ਵਿਚ, ਸ਼ਰਾਬ ਲੈ ਗਿਆ। ਸ਼ਰਾਬ ਇਸਲਾਮ ਵਿੱਚ ਹਰਾਮ ਸ਼ੈਅ ਹੈ। ਪਰ ਵਿਚਾਰਾ ਪੇਂਡੂ ਕੀ ਜਾਣੇ ਹਰਾਮ ਹਲਾਲ ਦਾ ਅੰਤਰ। ਕਾਜ਼ੀ ਹੋਰਾਂ ਦੇ ਪੁੱਛਣ ਤੇ ਆਪਣੇ ਗ੍ਰਾਮੀਨ ਉਚਾਰਨ ਵਿਚ ਸ਼ਰਾਬ ਨੂੰ ਸਰਾਬ ਕਹਿੰਦਿਆਂ ਦੱਸ ਦਿੱਤਾ ਕਿ ਇਹ ਸਰਾਬ ਹੈ। ਮੁਫ਼ਤ ਦਾ ਮਾਲ, ਅਤੇ ਉਹ ਵੀ ਸ਼ਰਾਬ, ਦੇਖ ਕੇ ਕਾਜ਼ੀ ਜੀ ਨੇ ਇਸ ਹਰਾਮ ਚੀਜ਼ ਨੂੰ ਹਲਾਲ ਸਿਧ ਕਰਦਿਆਂ ਦੇਰ ਨਾ ਲਾਈ ਅਤੇ ਡੂੱਚਰ ਛੱਡ ਦਿੱਤੀ ਕਿ ਸ਼ੀਨ ਨਾਲ ਲਿਖੇ ਉਚਾਰੇ ਜਾਣ ਵਾਲੀ ਹਰਾਮ ਹੈ। ਸੀਨ ਦੀ ਨਹੀਂ। ਲਿਆ ਰਖ ਦੇ। ਇਸ ਹਕਾਇਤ ਤੋਂ ਹਰ ਮੁਫ਼ਤ ਵਿਚ ਮਿਲੀ ਚੀਜ਼ ਨੂੰ ਪੰਜਾਬੀ ਲੋਕ ਸੀਨ ਦੀ ਕਹਿ ਦੇਂਦੇ ਹਨ।

ਬੇੜੀ :- ਬੇੜੀ ਕਿਸ਼ਤੀ ਨੂੰ ਕਹਿੰਦੇ ਹਨ। ਬੇੜੀ ਵਾਲੇ ਅਖਾਣ ਅਤੇ ਉਪਮਾਵਾਂ ਬਹੁਤ ਪੁਰਾਣੇ ਪਰਤੀਤ ਹੁੰਦੇ ਹਨ। ਇਸ ਦੀ ਚੋਖੀ ਵਰਤੋਂ ਹੁੰਦੀ ਹੈ। ਜਿਵੇ :- ਬੇੜੀ ਬੈਠਣੀ, ਬੇੜੀ ਬਠਾ ਦੇਣੀ, ਬੇੜੀ ਪਾਰ ਲਾਉਣੀ, ਬੇੜੀ ਵਿਚ ਵੱਟੇ ਪਾਉਣੇ।

ਸਾਡੇ ਜੀਵਨ ਵਿੱਚ ਬੇੜੀ ਦੀ ਵਰਤੋਂ ਉਨ੍ਹਾਂ ਸਮਿਆਂ ਵਿਚ ਅਵੱਸ਼ ਹੀ ਇਤਨੀ ਜ਼ਿਆਦਾ ਅਤੇ ਮੁਹੱਤਵਪੂਰਨ ਹੋਵੇਗੀ ਜਦੋਂ ਸਾਡਾ ਵਸੇਬਾ ਨਦੀਆਂ

Sri Satguru Jagjit Singh Ji Elibrary NamdhariElibrary@gmail.com

ਦੇ ਤੱਟਾਂ ਤੀਕ ਹੀ ਸੀਮਤ ਸੀ ਅਤੇ ਬੇੜੀਆਂ ਦੀ ਵਰਤੋਂ ਸੁਭਾਵਕ ਸੀ। ਪਰ ਹੁਣ ਸਾਡੀ ਜ਼ਿੰਦਗੀ ਵਿਚੋਂ ਬੇੜੀ ਲਗਭਗ ਨਿਕਲ ਹੀ ਗਈ ਹੈ। ਪਰ ਇਸ ਦੇ ਮਾਂ-ਮਹਿਟਰ ਸਾਡੀ ਭਾਸ਼ਾ ਦੇ ਪੈਰੀਂ ਬੇੜੀਆਂ ਪਾਈ ਬੈਠੇ ਹਨ। ਇਸ ਤੋਂ ਇਕ ਦੂਜੀ ਬੇੜੀ ਦਾ ਵੀ ਖ਼ਿਆਲ ਆਉਂਦਾ ਹੈ ਕਿ ਪਾਣੀ ਦੀ ਬੇੜੀ ਤਾਂ ਮੰਨੀਂ ਪਰ ਇਕ ਪੈਰਾਂ ਨੂੰ ਜੱਕੜਨ ਵਾਲੀ ਬੇੜੀ ਵੀ ਹੈ। ਇਹ ਕਿਉਂ? ਸੋਚਿਆਂ ਪਤਾ ਲਗਦਾ ਹੈ ਕਿ ਜਿਸ ਤਰ੍ਹਾਂ ਦਰਿਆਂ ਵਿੱਚ ਬੇੜੀ ਨਾਲ ਵੀ ਇਕ ਤਰ੍ਹਾਂ ਨਾਲ ਸਾਡੇ ਪੈਰ ਜੁੱਟੇ ਹੋਏ ਹੀ ਹੁੰਦੇ ਹਨ, ਬੇੜੀ ਤੋਂ ਉਰੇ ਪਰੇ ਨਹੀਂ ਜਾ ਸਕਦੇ। ਇਸ ਨਾਤੇ ਇਸ ਨੂੰ ਵੀ ਬੇੜੀ ਕਿਹਾ ਜਾਂਦਾ ਹੈ।

ਚੌਕੀ :- ਚੌਕੀ, ਬੈਠਣ ਦੇ ਲਈ ਬਣਾਈ ਲੱਕੜ ਦੀ ਪੀੜ੍ਹੀ ਹੁੰਦੀ ਹੈ। ਅੱਜਕਲ੍ਹ ਵਰਤੋਂ ਵਿਚ ਨਹੀਂ ਰਹੀ। ਇਸ ਦੀ ਥਾਂ, ਪਲੰਘ, ਕੁਰਸੀ, ਸੋਫ਼ਾ ਜਾਂ ਫੇਰ ਪੀੜ੍ਹੀ ਨੇ ਲੈ ਲਈ ਹੈ। ਧਾਰਮਕ ਮੁਖੀ, ਸੰਤ ਮਹਾਤਮਾ ਜਾਂ ਧਨੀ ਲੋਕ, ਆਮ ਕਰਕੇ ਚੌਕੀ ਤੇ ਬੈਠਿਆ ਕਰਦੇ ਸਨ ਅਤੇ ਬਾਕੀ ਲੋਕ ਜ਼ਮੀਨ ਤੇ। ਚੌਕੀ ਦਾ ਵੀ ਉਹੋ ਮਰਤਬਾ ਰਹਿ ਚੁੱਕਾ ਹੈ ਜੋ ਬਾਅਦ ਵਿਚ ਗੱਦੀ ਜਾਂ ਕੁਰਸੀ ਦਾ ਹੋਇਆ ਹੈ। ਚੌਕੀ ਤੇ ਬੈਠਣ ਵਾਲਿਆਂ ਦੀ ਸੇਵਾ ਵਿਚ ਜੋ ਲੋਕ ਜ਼ਮੀਨ ਉਤੇ ਬੈਠਦੇ ਸਨ ਉਹ ਉਸਦੀ ਚੌਕੀ ਭਰਦੇ ਕਹੇ ਜਾਂਦੇ ਸਨ। ਅੱਜ ਨਾਂ ਤਾ ਚੌਕੀ ਉਤੇ ਕੋਈ ਬੈਠਦਾ ਹੈ ਅਤੇ ਜੇਕਰ ਕੋਈ ਬੈਠਣ ਦੀ ਮੂਰਖਤਾ ਕਰੇ ਵੀ ਤਾਂ ਹੁਣ ਕੋਈ ਚੌਕੀ ਭਰਨ ਦੀ ਮੂਰਖਤਾ ਨਹੀਂ ਕਰੇਗਾ। ਜ਼ਮਾਨਾ ਬਦਲ ਗਿਆ ਹੈ ਪਰ ਜੇਕਰ ਕੋਈ ਕਿਸੇ ਦੇ ਨਾਲ ਗੱਪ ਸ਼ੱਪ ਮਾਰ ਕੇ ਆਇਆ ਹੋਵੇ ਤਾਂ ਕਹਿੰਦੇ ਹਨ ਕਿ ਫਲਾਣੇ ਦੀ ਚੌਕੀ ਭਰਕੇ ਆਇਆ ਹੈ। ਜਾਂ ਜੇ ਕਿਸੇ ਦਾ ਕਿਸੇ ਪਾਸ ਉਠਣ ਬੈਠਣ ਜ਼ਿਆਦਾ ਹੋਵੇ ਤਾਂ ਕਹਿੰਦੇ ਹਨ ਕਿ "ਉਹ ਤਾਂ ਉਸ ਦੀ ਚੌਕੀ ਭਰਦਾ ਹੈ ਅਜ ਕੱਲ।

ਜੱਲ ਪਾਨ ਕਰਨਾ :- ਜੱਲ ਪਾਣੀ ਨੂੰ ਕਹਿੰਦੇ ਹਨ। ਪਰ ਇਹ ਸ਼ਬਦ ਪਾਣੀ ਦੇ ਲਈ ਆਮ ਵਰਤੋਂ ਵਿਚ ਨਹੀਂ ਆਉਂਦਾ। ਪਾਨ ਖਾਣ ਦਾ ਰਿਵਾਜ ਪੰਜਾਬ ਵਿਚ ਕੁਝ ਕੁ ਸ਼ਹਿਰੀ ਵਸੋਂ ਵਿਚ ਹੈ, ਆਮ ਨਹੀਂ ਹੈ। ਫੇਰ ਵੀ ਜੇ ਕਰ ਕੋਈ ਮਹਿਮਾਨ ਆਦਿ ਆਵੇ ਤਾਂ ਉਸ ਨੂੰ ਜੱਲ ਪਾਨ ਕਰਨ ਲਈ ਕਹਿੰਦੇ ਹਨ। ਜੱਲ ਪਾਨ ਕਰਨ ਤੋਂ ਭਾਵ ਕੁਝ ਖਾਣਾ ਪੀਣਾ ਹੋ ਗਿਆ ਹੈ।

ਲੂਲ੍ਹਾਂ ਵਾਲਾ :- ਪਿਛਲੇ ਸਮਿਆਂ ਵਿਚ ਬਾਲ ਲੜਕਿਆਂ ਦੇ ਤੜਾਗੀ ਪਾਉਣ ਦਾ ਰਿਵਾਜ ਹੁੰਦਾ ਸੀ। ਉਸ ਵਿਚ ਚਾਂਦੀ ਦੇ ਮਣਕੇ ਜਿਹੇ ਵੀ ਹੁੰਦੇ ਸਨ, ਜਿਨ੍ਹਾਂ ਨੂੰ ਲੂਲ੍ਹਾਂ ਕਹਿੰਦੇ ਸਨ। ਅੱਜ ਮੁੰਡਿਆਂ ਨੂੰ ਤੜਾਗੀ ਪਾਉਣ ਦਾ

Sri Satguru Jagjit Singh Ji Elibrary NamdhariElibrary@gmail.com

ਰਿਵਾਜ਼ ਨਹੀਂ ਰਿਹਾ। ਪਰ ਜੇ ਕਰ ਕਿਸੇ ਛੜੇ ਜਾਂ ਬੇ-ਔਲਾਦ ਨੇ ਆਪਣੇ ਨਫੇ ਨੁਕਸਾਨ ਤੋਂ ਲਾਪਰਵਾਹੀ ਦਰਸਾਉਣੀ ਹੋਵੇ ਤਾਂ ਕਹਿੰਦਾ ਹੈ "ਹੋ ਜਾਣ ਦਿਓ ਜੋ ਹੁੰਦਾ ਹੈ, ਜੇ ਕਰ ਕੁਝ ਵਿਗੜ ਵੀ ਜਾਵੇਗਾ ਤਾਂ ਸਾਡੇ ਕਿਹੜਾ ਲੂਲ੍ਹਾਂ ਵਾਲੇ ਰੌਂਦੇ ਨੇ।" ਲੂਲ੍ਹਾਂ ਵਾਲੇ ਤੋਂ ਭਾਵ ਪੁੱਤਰ ਹੈ।

ਪੱਤਰ :- ਪੱਤਰ ਦਾ ਅਰਥ ਹੈ ਪੱਤਾ। ਪੰਜਾਬੀ ਵਿਚ ਚਿੱਠੀ ਲਈ ਵਰਤਿਆ ਜਾਂਦਾ ਹੈ। ਇਕੱਲਾ ਵੀ ਵਰਤਿਆ ਜਾਂਦਾ ਹੈ ਅਤੇ ਚਿੱਠੀ ਸ਼ਬਦ ਦੇ ਨਾਲ ਵੀ, ਜਿਵੇਂ ਚਿੱਠੀ-ਪੱਤਰ। ਪੁਰਾਣੇ ਸਮਿਆਂ ਵਿਚ, ਜਦੋਂ ਕਾਗ਼ਜ਼ ਨਹੀਂ ਸੀ ਹੁੰਦਾ। ਚਿੱਠੀਆਂ ਭੋਜ ਪੱਤਰ ਆਦਿ ਪੱਤਿਆਂ ਤੇ ਲਿੱਖੀਆਂ ਜਾਂਦੀਆਂ ਸਨ। ਇਸ ਲਈ ਭੋਜ ਪੱਤਰ ਤੇ ਲਿਖੀ ਹੋਈ ਚਿੱਠੀ ਨੂੰ ਪੱਤਰ ਕਿਹਾ ਜਾਂਦਾ ਸੀ। ਅੱਜ ਭੋਜ ਪੱਤਰ ਤਾਂ ਅਲੋਪ ਹੈ ਪਰ ਸ਼ਬਦ ਪੱਤਰ ਹਾਜ਼ਰ ਹੈ। ਭਾਵੇਂ ਇਹ ਹੁਣ ਕਾਗ਼ਜ਼ ਤੇ ਹੀ ਹੈ। ਇਸੇ ਤਰ੍ਹਾਂ ਕਿਤਾਬ ਜਾਂ ਕਾਪੀ ਦੇ ਪੰਨਿਆਂ ਨੂੰ ਵੀ ਪੱਤਰੇ ਕਹਿੰਦੇ ਹਨ

ਗਰੰਥ:- ਗਰੰਥ ਦੇ ਅਰਥ "ਗੰਢ ਪਾਉਣੀ" ਜਾਂ "ਧਾਗੇ ਨਾਲ ਬੰਨ੍ਹਣਾ" ਸੀ। ਕੁਝ ਪੱਤਰਾਂ ਤੇ ਲਿਖੇ ਪੰਨਿਆਂ ਨੂੰ ਡੋਰੀ ਨਾਲ ਪਰੋ ਕੇ ਗੰਢਿਆ ਜਾਂਦਾ ਸੀ। ਇਸ ਲਈ ਉਸ ਨੂੰ ਗਰੰਥ ਕਿਹਾ ਜਾਂਦਾ ਸੀ। ਹੁਣ ਹਰ ਪੁਸਤਕ ਹੀ ਗਰੰਥ ਹੈ, ਭਾਵੇਂ ਲਿਖਾਈ ਕਗ਼ਜ਼ ਤੇ ਹੋਣ ਕਾਰਨ ਧਾਗੇ ਵਿੱਚ ਨਹੀਂ ਸਗੋਂ ਜਿਲਦ ਵਿਚ ਬੰਨ੍ਹੀ ਹੁੰਦੀ ਹੈ।

ਦਸਤਾਨਾ :-ਫ਼ਾਰਸੀ ਦਾ ਸ਼ਬਦ ਹੈ ਦਸਤ, ਜਿਸ ਦੇ ਅਰਥ ਹਨ ਹੱਥ। ਹੱਥਾਂ ਨੂੰ ਸਰਦੀ ਆਦਿ ਤੋਂ ਬਚਾਉਣ ਦੇ ਲਈ ਪਹਿਨੇ ਜਾਣ ਵਾਲੇ ਵਸਤਰ ਨੂੰ ਇਸ ਸ਼ਬਦ ਦਸਤ ਕਰਕੇ ਦਸਤਾਨਾ ਕਿਹਾ ਜਾਂਦਾ ਹੈ। ਪੰਜਾਬੀ ਵਿਚ ਹੱਥ ਨੂੰ ਦਸਤ ਨਹੀਂ ਕਿਹਾ ਜਾਂਦਾ। ਪਰ ਇਸ ਤੇ ਪਹਿਨੇ ਜਾਣ ਵਾਲੇ ਵਸਤਰ ਨੂੰ ਦਸਤਾਨੇ ਜ਼ਰੂਰ ਕਿਹਾ ਜਾਂਦਾ ਹੈ।

ਬਾਹੂ-ਬੱਲ :- ਬਾਹੂ ਹਿੰਦੀ , ਸੰਸਕ੍ਰਿਤ ਵਿਚ ਬਾਂਹ ਨੂੰ ਕਹਿੰਦੇ ਹਨ। ਪੰਜਾਬੀ ਵਿਚ ਬਾਹੂ ਨਹੀਂ ਕਿਹਾ ਜਾਂਦਾ। ਪਰ ਬਾਂਹ ਦੀ ਤਾਕਤ ਨੂੰ ਪੰਜਾਬੀ ਵਿਚ ਬਾਂਹ ਦਾ ਬੱਲ ਨਹੀਂ, ਸਗੋਂ ਬਾਹੂ-ਬੱਲ ਹੀ ਕਹਿੰਦੇ ਹਨ।

ਕਿਤਨੇ ਕੁ ਵੱਜੇ :- ਜੇ ਕਰ ਕਿਸੇ ਨੇ ਵਕਤ ਦਾ ਪਤਾ ਕਰਨਾ ਹੋਵੇ ਤਾਂ ਪੁਛਿਆ ਜਾਂਦਾ ਹੈ ਕਿ ਕਿਤਨੇ ਵੱਜ ਗਏ ਹਨ। ਅਗੋਂ ਜਿਤਨਾ ਵਕਤ ਹੁੰਦਾ ਹੈ ਉਤਨੇ ਵੱਜ ਗਏ ਦਾ ਉੱਤਰ ਮਿਲਦਾ ਹੈ। ਪਰ ਕੀ ਵਾਸਤਵ ਵਿਚ ਕੁੱਝ ਵੱਜਦਾ ਵਜਾਂਦਾ ਹੈ? ਆਓ, ਇਸ ਸ਼ਬਦ ਦਾ ਸੋਮਾ ਭਾਲੀਏ। ਪੁਰਾਣੇ ਸਮਿਆਂ ਵਿਚ

Sri Satguru Jagjit Singh Ji Elibrary NamdhariElibrary@gmail.com

ਜਦੋਂ ਅੱਜ ਦੀ ਮਸ਼ੀਨੀ ਘੜੀ ਅਜੇ ਨਹੀਂ ਸੀ ਬਣੀ ਉਦੋਂ ਇਕ ਖ਼ਾਸ ਸੰਚੇ ਦੀ ਮਿੱਟੀ ਦੀ ਮੱਟਕੀ ਜਾਂ ਘੜੀ ਬਣਾਈ ਜਾਂਦੀ ਸੀ। ਉਸ ਘੜੀ ਦੇ ਪੇਂਦੇ ਵਿੱਚ ਇਕ ਨਿਸ਼ਚਿਤ ਸੁਰਾਖ਼ ਕੀਤਾ ਜਾਂਦਾ ਸੀ। ਉਹ ਘੜੀ ਹੌਲੀ ਹੌਲੀ ਪਾਣੀ ਦੇ ਨਾਲ ਭਰਦੀ ਰਹਿੰਦੀ ਸੀ ਅਤੇ ਇੱਕ ਮੁੱਕਰਰ ਵਕਤ ਤੇ ਭਰ ਕੇ ਡੁੱਬ ਜਾਂਦੀ ਸੀ। ਉਸਦੇ ਡੁੱਬਣ ਨਾਲ ਲਕੜੀ ਦਾ ਇੱਕ ਹਥੌੜਾ ਜਿਹੜਾ, ਵਿਉਂਤ ਨਾਲ ਉਸਦੇ ਨਾਲ ਜੋੜਿਆ ਹੋਇਆ ਹੁੰਦਾ ਸੀ। ਇਕ ਘੰਟੀ ਤੇ ਵੱਜਦਾ ਸੀ ਇਸ ਨੂੰ ਇੱਕ ਘੰਟਾ, ਸਮਾਂ ਬੀਤਿਆਂ ਮੰਨਿਆ ਜਾਂਦਾ ਸੀ। ਇਸ ਤਰ੍ਹਾਂ ਹਥੌੜਾ ਵੱਜਣ ਦਾ ਸੰਬੰਧ ਘੰਟੇ ਨਾਲ ਸੀ ਅਤੇ ਉਦੋਂ ਦਾ ਅੱਜ ਤੱਕ ਚਲਿਆ ਆ ਰਿਹਾ ਹੈ ਕਿ -ਕਿਤਨੇ ਵੱਜ ਗਏ। ਅਜੋਕਾ ਸ਼ਬਦ ਘੜੀ ਵੀ ਉਸੇ ਪਾਣੀ ਨਾਲ ਭਰ ਜਾਣ ਵਾਲੀ ਘੜੀ ਵੱਲ ਸੰਕੇਤ ਹੈ।

ਧਰਮ ਪਤਨੀ :- ਹਿੰਦੀ ਵਿਚ ਪਤੀ ਪਤਨੀ ਦੇ ਅਰਥ ਇਸਤਰੀ ਕੰਤ ਦੇ ਹੁਦੇ ਹਨ। ਫੇਰ ਇਹ ਧਰਮ-ਪਤਨੀ ਕਿਥੋਂ ਆਈ? ਇਹ ਧਰਮ ਭਰਾ, ਧਰਮ ਭੈਣ, ਧਰਮ ਪੁੱਤਰ, ਧਰਮ ਦੀ ਧੀ, ਧਰਮ ਪਿਤਾ ਜਾਂ ਧਰਮ-ਮਾਤਾ ਆਦਿ ਦੇ ਟੱਬਰ ਤੋਂ ਵੀ ਵੱਖ ਹੈ। ਅਸਲ ਵਿੱਚ ਇਹ ਉਸ ਸਮੇਂ ਦੀ ਦੇਣ ਹੈ, ਜਦੋਂ ਪੁਰਸ਼ ਵਿਆਹ ਤੋਂ ਬਾਹਰ ਦੀਆਂ, ਹੋਰ ਤ੍ਰੀਮਤਾ ਵੀ, ਘਰ ਵਿਚ ਪਤਨੀ ਦੇ ਰੂਪ ਵਿਚ ਰਖਿਆ ਕਰਦੇ ਸਨ। ਧਾਰਮਕ ਸੰਸਕਾਰਾਂ ਨਾਲ ਲਿਆਂਦੀ ਹੋਈ ਤਰੀਮਤ ਦਾ ਦਰਜਾ ਉੱਚਾ ਰਖਿਆ ਗਿਆ, ਏਥੋਂ ਤਕ ਕਿ ਉਸ ਤੋਂ ਜਨਮੀ ਸੰਤਾਨ ਦਾ ਵੀ। ਉਸ ਪਤਨੀ ਨੂੰ ਦੂਸਰੀਆਂ ਪਤਨੀਆਂ ਨਾਲੋਂ ਵੱਖਰਿਆਉਣ ਦੇ ਲਈ ਧਰਮ-ਪਤਨੀ ਕਿਹਾ ਗਿਆ। ਜੋ ਹੁਣ ਪਤਨੀ ਦੇ ਅਰਥਾਂ ਵਿਚ ਆ ਗਿਆ ਹੋਇਆ ਹੈ।

ਛਾਪਾ ਮਾਰਨਾ :- ਇਹ ਸ਼ਬਦ ਉਦੋਂ ਦਾ ਮਾਂ-ਮਹਿਟਰ ਹੈ ਜਦੋਂ ਜ਼ਮੀਦਾਰੀ ਦਾ ਬੋਲ ਬਾਲਾ ਸੀ। ਜ਼ਿਮੀਦਾਰ ਵੱਲੋਂ ਜਬਰੀ ਲੁੱਟ ਆਮ ਸੀ। ਮੁਜ਼ਾਰਾ ਜਦੋਂ ਫਸਲ ਆਦਿ ਖਰੀ ਕਰ ਕੇ ਬੋਹਲ ਲਾ ਲੈਂਦਾ ਸੀ ਅਤੇ ਇਸ ਤਾਕ ਵਿਚ ਹੁੰਦਾ ਸੀ ਕਿ ਕਿਵੇਂ ਉਸਦਾ ਕੁਝ ਭਾਗ ਇਧਰ ਉਧਰ ਕਰਕੇ ਆਪਣੀ ਹੱਕ - ਰਸੀ ਕਰ ਲਵੇ ਕਿਉਂ ਜੁ ਜ਼ਿਮੀਂਦਾਰ ਉਸਨੂੰ ਇਸ ਵਿਚੋਂ ਪੱਲੇ ਕੁਝ ਨਹੀਂ ਸੀ ਪੈਣ ਦਿਆ ਕਰਦਾ ਹੁੰਦਾ। ਤਾਂ ਉਸ ਸਮੇਂ ਕਿਧਰੋਂ ਜ਼ਿਮੀਦਾਰ ਦੇ ਕਰਿੰਦੇ ਆ ਬਹੁੜਦੇ ਅਤੇ ਇਕ ਉੱਕਰਿਆ ਹੋਇਆ ਠੱਪਾ ਉਸ ਬੋਹਲ ਤੇ ਮਾਰ ਕੇ ਛਾਪ ਜਾਂਦੇ। ਇਸ ਛਾਪ ਨੂੰ ਤੋੜ ਕੇ ਬੋਹਲ ਵਿਚੋਂ ਕੁਝ ਕੱਢਿਆਂ ਪਤਾ ਲਗ ਜਾਂਦਾ ਸੀ। ਅੱਜ ਨਾ ਤਾਂ ਅਜੇਹੇ ਜ਼ਮੀਦਾਰ ਹਨ ਅਤੇ ਨਾਂ ਹੀ ਉਨ੍ਹਾਂ ਦੀਆਂ ਮਨਮਾਨੀਆਂ ਹਨ। ਫੇਰ ਵੀ ਇਹ ਸ਼ਬਦ ਛਾਪਾ ਮਾਰਨਾ ਅਜੇ ਉਹਨਾਂ ਦਾ ਕਾਇਮ ਹੈ।

Sri Satguru Jagjit Singh Ji Elibrary NamdhariElibrary@gmail.com

ਅਜ ਜੇ ਕਰ ਕੋਈ ਅਚਾਨਕ ਕੁਝ ਕਰਦਾ ਫੜਿਆ ਜਾਵੇ ਤਾਂ ਕਹਿੰਦੇ ਹਨ ਕਿ ਛਾਪਾ ਮਾਰ ਕੇ ਫੜਿਆ ਹੈ। ਪੁਲੀਸ ਅਤੇ ਆਬਕਾਰੀ ਵਾਲਿਆਂ ਦੇ ਅਚਾਨਕ ਆ ਜਾਣ ਨੂੰ ਵੀ ਛਾਪਾ ਪੈਣਾ ਜਾਂ ਛਾਪਾ ਮਾਰਨਾ ਕਿਹਾ ਜਾਂਦਾ ਹੈ।

ਛਾਪੇ ਦੇ ਨਾਲ ਨਾਲ ਜ਼ਿਮੀਦਾਰੀ ਦੇ ਦੱਬਦਬੇ ਵਾਲੇ ਅਰਥ ਵੀ ਅਜੇ ਕਾਇਮ ਹਨ। ਜੇਕਰ ਕਿਸੇ ਜ਼ੋਰਾਵਰ ਦਾ ਦੱਬਦਬਾ ਲੋਕ ਮੰਨਦੇ ਹੋਣ ਤਾਂ ਕਹਿੰਦੇ ਹਨ ਕਿ ਇਲਾਕੇ ਵਿੱਚ ਉਸ ਦਾ ਛਾਪਾ ਹੈ।

Sri Satguru Jagjit Singh Ji Elibrary NamdhariElibrary@gmail.com

ਖਾ ਕੇ ਗੋਤ ਨੂੰ ਨਾਲ ਮਿਲਾ ਲੈਂਦੀਆਂ ਹਨ। ਇਸ ਰਸਮ ਦਾ ਨਾਂ ਗੋਤ ਕਨਾਲਾ ਹੋਇਆ ਕਰਦਾ ਸੀ। ਹੁਣ ਇਹ ਰਸਮ ਹੀ ਨਹੀਂ ਰਹੀ ਤਾਂ ਨਾਂ ਨੇ ਕੀ ਰਹਿਣਾ ਸੀ। ਹੁਣ ਤਾਂ ਵਿਆਹ ਆਪਣੇ ਹੀ ਗੋਤ ਵਿਚ ਕਰ ਲਏ ਜਾਣ ਤੱਕ ਨੌਬਤ ਪੁੱਜੀ ਹੋਈ ਹੈ।

ਮਦਰਸਾ :- ਹੁਣ ਸਕੂਲ ਹੈ।

ਢੀਂਗਰੀ :- ਚੜਸ ਤੋਂ ਪਹਿਲਾਂ ਸਿੰਜਾਈ ਦਾ ਸਾਧਨ ਹੋਇਆ ਕਰਦਾ ਸੀ।

ਤੀਰ, ਕਮਾਣ, ਧਨੁੱਖ :- ਇਹ ਹਥਿਆਰ ਹੋਇਆ ਕਰਦੇ ਸਨ। ਹੁਣ ਕੇਵਲ ਰਾਮ ਲੀਲੀ ਵਿਚ ਵਰਤੇ ਜਾਂਦੇ ਹਨ।

ਘਰਾਟ, ਅਤੇ ਖ਼ਰਾਸ :- ਆਟਾ ਪੀਹਣ ਦੇ ਸਾਧਨ ਹੋਇਆ ਕਰਦੇ ਸਨ। ਹੁਣ ਇਹ ਕੰਮ ਮਸ਼ੀਨ ਕਰਦੀ ਹੈ। ਹਾਂ, ਚੱਕੀ ਅੱਜੇ ਆਪਣੀ ਥਾਂ ਤੇ ਕਾਇਮ ਹੈ। ਇਥੋਂ ਤੱਕ ਕਿ ਆਟਾ ਪੀਹਣ ਵਾਲੀ ਮਸ਼ੀਨ ਨੂੰ ਵੀ ਚੱਕੀ ਹੀ ਕਹਿੰਦੇ ਹਨ।

ਪੇਂਜਾ :- ਰੂੰ ਪਿੰਜਣ ਵਾਲਾ। ਤਾੜੇ ਨਾਲ ਪਿੰਜਿਆ ਕਰਦਾ ਸੀ, ਹੁਣ ਮਸ਼ੀਨ ਨੇ ਪੇਂਜਾ ਅਤੇ ਉਸਦਾ ਤਾੜਾ , ਦੋਵੇਂ ਖ਼ਤਮ ਕਰ ਦਿੱਤੇ ਹਨ।

ਸੂਬੇਦਾਰ :- ਹੁਣ ਇਸਨੂੰ ਗਵਰਨਰ ਜਾਂ ਰਾਜਪਾਲ ਕਹਿੰਦੇ ਹਨ। ਹਾਂ ਫੌਜ ਵਿਚ ਇੱਕ ਅਹੁਦੇਦਾਰ ਨੂੰ ਸੂਬੇਦਾਰ ਜ਼ਰੂਰ ਕਹਿੰਦੇ ਹਨ।

ਚੰਡਾਲ :- ਇੱਕ ਨੀਚ ਕੌਮ ਹੋਇਆ ਕਰਦੀ ਸੀ ਜਿਸਦੇ ਬੰਦੇ ਮੁਰਦਿਆਂ ਨੂੰ ਸ਼ਮਸ਼ਾਨ ਭੂਮੀ ਤੱਕ ਚੁੱਕ ਕੇ ਲੈ ਜਾਇਆ ਕਰਦੇ ਸਨ ਅਤੇ ਸਿਵੇ ਦੀ ਦੇਖ ਰੇਖ ਕਰਦੇ ਸਨ। ਹੁਣ ਸਕੇ ਸਬੰਧੀ ਆਪ ਚੁੱਕ ਕੇ ਲਿਜਾਣ ਲੱਗ ਪਏ ਹਨ ਅਤੇ ਚੰਡਾਲ ਦੂਸਰੀਆਂ ਦਲਿਤ ਜਾਤੀਆਂ ਵਿਚ ਜਾ ਰਲੇ।

ਸਹਿਣਕ :- ਇਸ ਨੂੰ ਕਨਾਲੀ ਵੀ ਕਹਿੰਦੇ ਸਨ। ਇਹ ਆਟਾ ਗੁੰਨ੍ਹਣ ਦੇ ਲਈ ਮਿੱਟੀ ਦੀ ਪਰਾਤ ਹੋਇਆ ਕਰਦੀ ਸੀ।

ਬੋਥੋ :- ਡੈਣ ਨੂੰ ਕਹਿੰਦੇ ਸਨ।

ਕਾਨੀ :- ਤੀਰ ਨੂੰ ਕਹਿੰਦੇ ਸਨ। ਕਲਮ ਵੀ ਕਾਨੀ ਹੀ ਸੀ।

ਰਕਾਬੀ :- ਹੁਣ ਇਸ ਦੀ ਥਾਂ ਪਲੇਟ ਨੇ ਲੈ ਲਈ ਹੈ।

ਕੜਾਹ :- ਹੁਣ ਹਲਵਾ ਹੈ। ਕੇਵਲ ਗੁਰਦਵਾਰੇ ਵਿਚ ਕੜਾਹ ਪ੍ਰਸ਼ਾਦ ਹੈ ਅਤੇ ਰਹੇਗਾ ਵੀ।

ਪਤੂਹੀ ਜਾਂ ਸਦਰੀ :- ਹੁਣ ਜਾਕਟ ਆ ਗਈ ਹੈ।

Sri Satguru Jagjit Singh Ji Elibrary NamdhariElibrary@gmail.com

ਮਹਾਂ ਪ੍ਰਸ਼ਾਦ :- ਹੁਣ ਮੀਟ ਹੈ।
ਗੱਠਾ ਜਾਂ ਗੰਢਾ :- ਹੁਣ ਪਿਆਜ਼ ਹੈ।
ਬੈਂਗਣ :- ਹੁਣ ਬਤਾਊਂ ਹੈ।
ਪੋਥੀ :- ਹੁਣ ਕਿਤਾਬ ਜਾਂ ਪੁਸਤਕ ਹੈ।
ਧੋਬੀ ਦੀ "ਇਸਤ੍ਰੀ" :- ਹੁਣ ਲੋਹਾ ਹੈ ਜਾਂ ਪ੍ਰੈਸ ਹੈ।

Sri Satguru Jagjit Singh Ji Elibrary NamdhariElibrary@gmail.com

ਸ਼ਬਦ ਵਿਚ ਅੱਖਰ ਲੋਪ

ਹਰ ਭਾਸ਼ਾ ਵਿਚ ਕੁਝ ਸ਼ਬਦਾਂ ਅਤੇ ਸ਼ਬਦਾਂ ਦੀਆਂ ਸੰਧੀਆਂ ਵਿਚ ਇੱਕ ਜਾਂ ਵਧ ਅਖਰ ਲੋਪ ਹੋ ਜਾਂਦਾ ਹੈ। ਪੰਜਾਬੀ ਵਿਚ ਵੀ ਇਹ ਅੱਖਰ ਲੋਪ ਰੋਖੀ ਮਾਤ੍ਰਾ ਵਿਚ ਮੌਜੂਦ ਹੈ। ਜਿਵੇ :-

ਜਦੋਂ ਕੋਈ ਕਹਿਣਾ ਚਾਂਹਦਾ ਹੈ – ਪਾ ਦੇ ਮੈਂ ਆਖਦਾ ਹਾਂ – ਤਾਂ ਅੱਖਰ ਲੋਪ ਕਾਰਨ ਇਹ ਵਾਕ ਕੇਵਲ – ਪਾ ਦੇ ਖਾਂ –ਹੀ ਰਹਿ ਜਾਂਦਾ ਹੈ।

ਨੱਕ-ਕਟਾ–ਨੱਕਟਾ ਹੋ ਜਾਂਦਾ ਹੈ।

ਅਰਬੀ ਦਾ ਸ਼ਬਦ ਇਨਸ਼ਾ ਅਲ੍ਹਾ ਪੰਜਾਬੀ ਵਿਚ ਅੱਖਰ ਲੋਪ ਨਾਲ ਸ਼ਾਲਾ ਬਣ ਜਾਂਦਾ ਹੈ।

ਫ਼ਾਰਸੀ ਦਾ ਖ਼ਰੀਦ-ਦਾਰ--ਖ਼ਰੀਦਾਰ ਹੋ ਜਾਂਦਾ ਹੈ।

ਅਰਬੀ ਦਾ ਵ-ਅਲ੍ਹਾ ਪੰਜਾਬੀ ਵਿੱਚ ਵੱਲਾ ਜਾਂ ਬੱਲਾ ਰਹਿ ਜਾਂਦਾ ਹੈ। ਇਹੋ ਵੱਲਾ ਫੇਰ ਬੱਲੇ ਬੱਲੇ ਬਣ ਜਾਂਦਾ ਹੈ।

ਫਾਰਸੀ ਦਾ ਸ਼ਾਦ-ਬਾਸ਼–ਸ਼ਾਬਾਸ਼ ਹੋ ਜਾਂਦਾ ਹੈ। ਫੇਰ ਇਹੋ ਸ਼ਾਬਾਸ਼ ਸ਼ਾਵਾ ਜਾਂ ਸ਼ਾਬਾ ਬਣ ਜਾਂਦਾ ਹੈ।

ਚਰਮਕਾਰ ਤੋਂ ਚਮਾਰ। ਸਵਰਨਕਾਰ ਤੋਂ ਸੁਨਾਰ। ਕੁੰਭਕਾਰ ਤੋਂ ਕੁੰਭਾਰ ਅਤੇ ਫੇਰ ਕੁਮਹਾਰ ਬਣ ਜਾਂਦਾ ਹੈ। ਇਹ ਕੁਮਹਾਰ ਆਮ ਬੋਲੀ ਵਿਚ ਘੁਮਾਰ ਹੋ ਗਿਆ ਹੋਇਆ ਹੈ।

ਲੋਹਕਾਰ ਤੋ ਲੋਹਾਰ

ਮੈਂ ਆਖਿਆ ਤੋ ਮਖਿਆ

ਇਕ ਵੇਰਾਂ ਤੋ ਕੇਰਾਂ

Sri Satguru Jagjit Singh Ji Elibrary NamdhariElibrary@gmail.com

ਬੀਬੀ ਜੀ ਤੋਂ ਬੀਜੀ
ਅਨਾਜ ਤੋਂ ਨਾਜ
ਅਖੰਡ ਪਾਠ ਤੋਂ ਖੰਡ ਪਾਠ
ਇਕੱਲਾ ਤੋਂ ਕਲਾ
ਮੈਂ ਆਖਦਾ ਹਾਂ ਤੋਂ ਮਖਾਂ
ਇਸ ਤਰ੍ਹਾਂ ਤੋਂ ਏਤਰਾਂ
ਉਸ ਤਰ੍ਹਾਂ ਤੋਂ ਓਤਰਾਂ
ਇੱਕ ਸੌ ਇੱਕ ਤੋਂ -ਕੋਤਰ ਸੌ
ਹੱਥ- ਥੈਲਾ ਤੋਂ ਥੈਲਾ
ਹਥੇਲੀ ਤੋਂ ਥੇਲੀ
ਪਾਦ-ਤਲੀ ਤੋਂ ਪਾਤਲੀ

ਬਰਬਾਦ :- ਫਾਰਸੀ ਦਾ ਸ਼ਬਦ ਬੁਰਦ + ਬਾਦ =ਹਵਾਲੇ ਹਵਾ ਦੇ। ਹਵਾ ਦੇ ਹਵਾਲੇ ਹੋਈ ਚੀਜ਼ ਦਾ ਬਚਦਾ ਕੁਝ ਨਹੀਂ। ਇਸ ਲਈ ਪੂਰਨ ਤਬਾਹੀ ਲਈ ਕਿਹਾ ਜਾਂਦਾ ਹੈ ਕਿ ਬਰਬਾਦ ਹੋ ਗਿਆ। ਇਸ ਵਿਚੋਂ ਬੁਰਦ+ਬਾਦ ਦਾ ਇਕ ਅੱਖਰ ਲੋਪ ਹੋ ਕੇ ਬਰਬਾਦ ਸ਼ਬਦ ਰਹਿ ਗਿਆ ਹੈ।

ਇੱਕਸਾਰ ਧੁਨੀਆਂ ਇਕੱਠੀਆਂ ਆ ਜਾਣ ਨਾਲ ਇੱਕ ਅਖਰ ਉਚਾਰਨ ਤੋਂ ਲੋਪ ਹੋ ਜਾਂਦਾ ਹੈ ਜਿਵੇਂ ਪ੍ਰਕਾਸ਼ ਸਿੰਘ ਵਿਚੋਂ ਸ਼ ਦਾ ਲੋਪ ਹੋ ਕੇ ਪ੍ਰਕਾ ਸਿੰਘ ਹੀ ਰਹਿ ਜਾਂਦਾ ਹੈ। ਲਿਖਿਆ ਭਾਵੇਂ ਪ੍ਰਕਾਸ਼ ਸਿੰਘ ਹੀ ਜਾਂਦਾ ਹੈ।

ਖ਼ੁਆਜਾ-ਸਰਾ :- ਫਾਰਸੀ ਦਾ ਸ਼ਬਦ ਹੈ ਇਹ ਅੱਖਰ ਲੋਪ ਕਾਰਨ ਖ਼ੁਸਰਾ ਹੋ ਕੇ ਰਹਿ ਗਿਆ। ਖੋਦਾ ਵੀ ਇਸੇ ਜਾਤੀ ਦਾ ਸ਼ਬਦ ਹੈ।

Sri Satguru Jagjit Singh Ji Elibrary NamdhariElibrary@gmail.com

ਅਲੋਪ ਹੋ ਰਹੀ ਸ਼ਬਦਾਵਲੀ ਅਤੇ ਉਪਮਾਵਾਂ

ਕੁਝ ਵਸਤੂਆਂ ਸਾਡੇ ਜੀਵਨ ਵਿਚੋਂ ਖ਼ਾਰਜ ਹੋ ਜਾਂਦੀਆਂ ਹਨ ਉਹਨਾਂ ਦੀ ਥਾਂ ਨਵੀਆਂ ਵਸਤੂਆਂ ਲੈ ਲੈਂਦੀਆਂ ਹਨ। ਉਹਨਾਂ ਵਸਤੂਆਂ ਨਾਲ ਸੰਬੰਧਤ ਸ਼ਬਦਾਵਲੀ ਅਤੇ ਉਪਮਾਵਾਂ ਵੀ ਹੌਲੀ ਹੌਲੀ ਭਾਸ਼ਾ ਦੇ ਪਿੜ ਚੋਂ ਅਲੋਪ ਹੋ ਜਾਂਦੀਆਂ।

ਚੜਸ ਅਤੇ ਵੀਂਗਰੀ ਖੇਤਾਂ ਨੂੰ ਪਾਣੀ ਲਾਉਣ ਦਾ ਸਾਧਨ ਨਾ ਰਹੇ ਤਾਂ ਉਹਨਾਂ ਦੇ ਨਾਲ ਹੀ ਉਹਨਾਂ ਦੇ ਨਾਲ ਸੰਬੰਧਤ ਸ਼ਬਦਾਵਲੀ ਵੀ ਗਈ।

ਇਸ ਪਰਕਾਰ ਫ਼ਸਲ ਦੀ ਗਹਾਈ ਹੁਣ ਨਹੀਂ ਹੁੰਦੀ ਮਸ਼ੀਨਾ ਦੀ ਵਰਤੋਂ ਹੁੰਦੀ ਹੈ। ਗਹਾਈ ਦੇ ਕਾਰਜ ਨਾਲ ਸੰਬੰਧਤ ਸ਼ਬਦਾਵਲੀ ਅਲੋਪ ਹੋ ਗਈ ਹੈ।

ਸਿੰਜਾਈ ਦੇ ਕੰਮ ਤੋਂ ਖੂਹ ਅਤੇ ਹਰਟ ਜਾਂ ਹਲਟ ਵੀ ਵੇਹਲੇ ਹੋ ਗਏ ਹਨ। ਉਹਨਾਂ ਨਾਲ ਸੰਬੰਧਤ ਸ਼ਬਦਾਵਲੀ ਅਤੇ ਉਪਮਾਵਾਂ ਵੀ ਗਈਆਂ।

ਤ੍ਰਿੰਜਣ ਗਏ ਤ੍ਰਿਜਣਾ ਨਾਲ ਵਰਤੇ ਜਾਂਦੇ ਸ਼ਬਦ ਵੀ ਗਏ।

ਘਗਰਾ ਪੰਜਾਬੀ ਨਾਰੀ ਦੀ ਪੁਸ਼ਾਕ ਵਿਚੋਂ ਗਿਆ। ਉਸ ਨਾਲ ਸੰਬੰਧਤ ਸ਼ਬਦ ਵੀ ਗਏ।

ਇਸੇ ਪਰਕਾਰ ਜੋ ਕੁਝ ਵੀ ਜਾ ਰਿਹਾ ਹੈ ਉਸਦੀ ਸ਼ਬਦਾਵਲੀ ਵੀ ਜਾ ਰਹੀ ਹੈ।

ਫੇਰ ਵੀ ਅੱਜੇ ਕੁਝ ਸ਼ਬਦ ਅਤੇ ਉਪਮਾਵਾਂ ਹਨ ਜੇਹੜੀਆਂ ਪੈਰ ਮਲ ਰਹੀਆਂ ਹਨ ਜਾਣ ਦੇ ਲਈ ਜਿਵੇ ਖੂਹ ਅਤੇ ਹਰਟ ਤੋ ਖੂਹ ਦਾ ਡੱਡੂ ਹੋਣਾਂ,

ਬੂੜੀਆ ਫਸਵਾ, ਮਾਲ੍ਹ ਵਾਂਗ ਭੂਟਣਾ, ਟਿੰਡਾਂ ਦੇ ਗੇੜ ਵਾਂਗ ਹੋਣਾ, ਨਿੱਤ ਨਵਾਂ ਖੂਹ ਪੁੱਟਣਾ, ਖੂਹ ਖਾਤਾ ਗੰਦਾ ਕਰਨਾ, ਖੂਹ ਨੂੰ ਜਾਣਾ।

ਗਡੇ ਤੋਂ – ਪੱਥਾ ਪਾਉਣਾ, ਲੀਹ ਭੰਨਣੀ, ਉਲਾਰ ਹੋਣਾ, ਦੱਬੂ ਹੋਣਾ, ਗਾਡੀ ਰਾਹ, ਧੁਰ, ਆਦਿ।

Sri Satguru Jagjit Singh Ji Elibrary NamdhariElibrary@gmail.com

ਅਲੋਪ ਹੋ ਚੁੱਕੀ ਸ਼ਬਦਾਵਲੀ

ਪੰਜਾਬੀ ਭਾਸ਼ਾ ਵਿਚ ਹੋਰਾਂ ਭਾਸ਼ਾਵਾਂ ਦੇ ਨਿਤਾ ਪ੍ਰਤੀ ਵਰਤੋਂ ਦੇ ਕੁਝ ਸ਼ਬਦ ਇੰਝ ਘਰ ਕਰ ਗਏ ਹਨ ਕਿ ਉਨ੍ਹਾਂ ਨੇ ਪੰਜਾਬੀ ਦੇ ਅਸਲ ਸਮਾਨ-ਅਰਥੀ ਸ਼ਬਦਾਂ ਨੂੰ ਅਖਾੜੇ ਵਿਚੋਂ ਖਦੇੜ ਹੀ ਦਿੱਤਾ ਹੈ। ਜਿਵੇਂ ਕਿ :-

ਕੱਫਣ, ਅਰਬੀ ਭਾਸ਼ਾ ਦਾ ਸ਼ਬਦ ਹੈ, ਮ੍ਰਿਤਕ ਦਾ ਕੱਜਣ। ਹੁਣ ਸੁਵਾਲ ਉਠਦਾ ਹੈ ਕਿ ਕੀ ਅਰਬਾਂ ਜਾਂ ਮੁਸਲਮਾਨਾਂ ਦੇ ਆਗਮਨ ਤੋਂ ਪਹਿਲਾਂ ਪੰਜਾਬੀ ਮ੍ਰਿਤਕ ਦਾ ਸਰੀਰ ਅਣ-ਕੱਜਿਆ ਹੀ ਸੀ ? ਜੇ ਕਰ ਨਹੀਂ ਸੀ ਤਾਂ ਫੇਰ ਉਸ ਕੱਜਣ ਦੇ ਲਈ ਕੇਹੜਾ ਸ਼ਬਦ ਸੀ ਜੋ ਹੁਣ ਅਲੋਪ ਹੋ ਗਿਆ ਹੈ ?

ਇਸੇ ਤਰ੍ਹਾਂ **ਖ਼ੁਸ਼ਾਮਦ, ਚਾਪਲੋਸੀ, ਮੁਕੱਦਮਾ, ਚੱਚਾ, ਬਰਬਾਦ, ਕਾਗ਼ਜ਼, ਪੁਲ, ਪੁਰਜ਼ਾ, ਬਸਤਾ** ਆਦਿ ਫ਼ਾਰਸੀ ਦੇ ਸ਼ਬਦਾਂ ਨੇ ਇਹੋ ਅਰਥ ਦੇਣ ਵਾਲੇ ਪੰਜਾਬੀ ਦੇ ਸ਼ਬਦ ਅਲੋਪ ਕਰ ਦਿੱਤੇ ਹਨ ਅਤੇ :-

ਕੈਂਚੀ (ਤੁਰਕੀ) ਅਲਮਾਰੀ, ਪਰਾਤ, ਬਾਲਟੀ, ਬੋਤਲ, ਅਚਾਰ, ਕਮਰਾ, ਕਾਜ, ਆਦਿ ਪੁਰਤਗਾਲੀ ਸ਼ਬਦਾਂ ਨੇ ਪੰਜਾਬੀ ਵਿਚ ਘਰ ਕਰ ਲਿਆ ਹੈ ਅਤੇ ਪੰਜਾਬੀ ਦੇ ਸਮਾਨ-ਅਰਥੀ ਸ਼ਬਦ ਪਿੜ ਵਿਚੋਂ ਅਲੋਪ ਹੋ ਗਏ ਹਨ। ਹੋਰ ਸ਼ਬਦ ਜਿਹੜੇ ਅਲੋਪ ਤਾਂ ਹੋ ਗਏ ਹਨ ਪਰ ਹੋਏ ਹਨ ਵਰਤੋਂ ਵਿਚ ਨਾਂ ਰਹਿਣ ਕਰਕੇ, ਉਹ ਹੁਣ ਅਗਿਆਤਵਾਸ ਤਿਆਗ ਕੇ ਪਿੜ ਵਿਚ ਆ ਰਹੇ ਹਨ। ਜਿਵੇਂ ਰਾਜ-ਸੱਤਾ ਅਤੇ ਵਿਗਿਆਨਕ ਵਿਸ਼ਿਆਂ ਦੀ ਸ਼ਬਦਾਵਲੀ। ਕਿਉਂਜੋ ਕੌਮ ਨੂੰ ਉਹਨਾਂ ਦੀ ਹੁਣ ਲੋੜ ਪੈ ਗਈ ਹੈ।

ਹਰਾਮੀ :- ਨਾਜਾਇਜ਼ ਸੰਤਾਨ ਦੇ ਲਈ ਵਰਤਿਆ ਜਾਂਦਾ ਹੈ ਅਤੇ ਇਹ ਅਰਬੀ ਭਾਸ਼ਾ ਦਾ ਸ਼ਬਦ ਹੈ ਜੋ ਕਿ ਇਸਲਾਮ ਦੇ ਨਾਲ ਪੰਜਾਬ ਵਿਚ ਆਇਆ

Sri Satguru Jagjit Singh Ji Elibrary NamdhariElibrary@gmail.com

ਹੈ ਪਰ ਕੀ ਇਸਲਾਮ ਦੇ ਆਉਣ ਤੋਂ ਪਹਿਲਾਂ ਨਾਜਾਇਜ਼ ਬੱਚੇ ਨਹੀਂ ਸਨ ਜਨਮਿਆ ਕਰਦੇ ? ਉਹਨਾਂ ਲਈ ਸਾਡੇ ਪਾਸ ਕੀ ਸ਼ਬਦ ਹੋਇਆ ਕਰਦਾ ਸੀ। ਇਸ ਹਰਾਮੀ ਸ਼ਬਦ ਦੇ ਆ ਜਾਣ ਨਾਲ ਸਾਡੀ ਭਾਸ਼ਾ ਦਾ ਸ਼ਬਦ **ਵਰਨ-ਸੰਕਰ** ਵੀ ਅਲੋਪ ਹੋ ਗਿਆ। ਕਿਉਂ ਜੋ ਖ਼ੁਦ ਵਰਨ ਹੀ ਅਲੋਪ ਹੋਣ ਦੇ ਰਾਹ ਪਏ ਹੋਏ ਹਨ।

ਰਕੀਬ :- ਇਹ ਵੀ ਅੰਰਬੀ ਭਾਸ਼ਾ ਦਾ ਸ਼ਬਦ ਹੈ। ਇਸ ਦੇ ਕੋਸ਼ ਦੇ ਅਰਥ ਹਨ ਬਚਾਣ ਵਾਲਾ। ਭਾਵ ਇੱਕ ਪ੍ਰੇਮੀ ਜੋ ਪ੍ਰੇਮਕਾ ਨੂੰ ਦੂਸਰੇ ਪ੍ਰੇਮੀ ਦੇ ਪਾਸੋਂ ਬਚਾ ਕੇ ਰੱਖੇ। ਇਸ ਤਰ੍ਹਾਂ ਇੱਕੋ ਪ੍ਰੇਮਕਾ ਦੇ ਪ੍ਰੇਮੀ ਆਪੋ ਵਿਚ ਰਕੀਬ ਹੋਏ। ਪਰ ਕੀ ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਸਾਡੇ ਦੇਸ਼ ਦੇ ਪ੍ਰੇਮੀਆਂ ਵਿਚ ਇਸ ਪਰਕਾਰ ਦਾ ਪਿਆਰ ਅਨੁਭਵ ਨਹੀਂ ਸੀ ? ਤਾਂ ਫੇਰ ਅਸੀਂ ਰਕੀਬ ਨੂੰ ਕੀ ਕਹਿੰਦੇ ਸੀ ? ਸ਼ਬਦ ਅਲੋਪ ਹੀ ਹੋ ਗਿਆ ਹੈ।

ਹਾੜਾ :- ਭਾਵ ਮਾਪ। ਕਿਸੇ ਵੀ ਵਸਤੂ ਨੂੰ ਹਾੜਿਆ ਜਾ ਸਕਦਾ ਹੈ। ਪਰ ਇਹ ਸ਼ਬਦ ਸ਼ਰਾਬ ਦੇ ਪਿਆਕ ਹੀ ਵਰਤਿਆ ਕਰਦੇ ਸਨ। ਹੁਣ ਇਹ ਸ਼ਬਦ ਮੈਦਾਨ ਵਿਚੋਂ ਅੰਗਰੇਜ਼ੀ ਦੇ ਸ਼ਬਦ ਪੈੱਗ ਨੇ ਖਦੇੜ ਛਡਿਆ ਹੈ।

Sri Satguru Jagjit Singh Ji Elibrary NamdhariElibrary@gmail.com

ਅਣਹੋਣੀਆਂ ਚੀਜ਼ਾਂ ਦੇ ਨਾਵਾਂ ਤੋਂ ਸ਼ਬਦ

ਜੇਕਰ ਕੁਝ ਵਾਸਤਵ ਰੂਪ ਵਿਚ ਹੋਵੇ ਹੀ ਨਾ ਤਾਂ ਉਸਦਾ ਨਾਂ ਕਿਵੇਂ ਹੋ ਸਕਦਾ ਹੈ ? ਇਹ ਜਾਦੂਗਰਾਂ ਅਤੇ ਟੂਣੇ ਫਾਂਡੇ ਕਰਨ ਵਾਲਿਆਂ ਦੀ ਉਸਤਾਦੀ ਹੈ ਕਿ ਉਨ੍ਹਾਂ ਨੇ ਨਾਂ ਰੱਖ ਕੇ ਅਣ-ਹੋਣੀਆਂ ਚੀਜ਼ਾਂ ਨੂੰ ਸ਼ਬਦ ਰੂਪ ਦੇ ਕੇ ਰੂਪਮਾਨ ਕਰ ਲਿਆ ਹੈ। ਜਿਵੇਂ :-**ਪਰੀ, ਜਿੰਨ, ਜਮਦੂਤ, ਜਮਪੁਰੀ, ਦਿਉ, ਅਪਸਰਾ, ਕੋਕੋ, ਪੁਠ-ਪੈਰੀਂ, ਭੂਤ, ਪ੍ਰੇਤ, ਖ਼ਬੀਸ ਰੂਹਾਂ, ਛਲੇਡਾ, ਚੁੜੇਲ, ਫਰਿਸ਼ਤਾ, ਸਿੱਟ ਪੈਣੀ, ਹਾੜ ਬੋਲਣਾ**, ਆਦਿ।

ਜਾਦੂ ਟੂਣੇ ਵਾਲਿਆਂ ਨੇ ਹੋਰ ਸ਼ਬਦ ਵੀ ਭਾਸ਼ਾ ਨੂੰ ਦਿੱਤੇ ਹਨ। ਪੰਜਾਬੀ ਭਾਸ਼ਾ ਹਰ ਨਿਕੰਮੇ ਵਿਸ਼ੇ ਤੋਂ ਕੰਮ ਲੈਣ ਦੀ ਸਮਰਥਾ-ਰੱਖਦੀ ਹੈ। ਜਿਵੇਂ :-

ਖੇਲ੍ਹਣਾ ਜਾਂ ਖੇਡਣਾ :-ਜਦੋਂ ਜਾਦੂਗਰ ਸਿਰ ਮਾਰ ਮਾਰਕੇ ਘੁੰਮਦਾ ਹੈ ਅਤੇ ਜ਼ਾਹਿਰ ਕਰਦਾ ਹੈ ਕਿ ਉਸ ਦੀ ਵੱਸ ਵਿਚ ਕੀਤੀ ਸ਼ੈਅ ਜਾਂ ਸਿਧ ਕੀਤੀ ਹੋਈ ਚੀਜ਼ ਉਸ ਵਿਚ ਆ ਗਈ ਹੈ ਤਾਂ ਉਸ ਕਰਮ ਨੂੰ ਖੇਲ੍ਹਣਾ ਜਾਂ ਖੇਡਣਾ ਕਹਿੰਦੇ ਹਨ।

ਡੋਲੀ :- ਜਿਨ੍ਹਾਂ ਲੋਕਾਂ ਵਿਚ ਭੂਤ ਪ੍ਰੇਤ ਆ ਗਿਆ ਹੋਇਆ ਮੰਨਿਆ ਜਾਂਦਾ ਹੈ ਅਤੇ ਉਹ ਸਿਰ ਪੈਰ ਮਾਰ ਕੇ ਅਬਾ-ਤਬਾ ਬੋਲਣ ਲੱਗ ਜਾਣ ਤਾਂ ਜਾਦੂ ਟੂਣਾ ਕਰਨ ਵਾਲੇ ਉਸਨੂੰ ਡੋਲੀ ਕਹਿੰਦੇ ਹਨ।

ਟੂਣਾਂ ਜਾਂ ਫਾਂਡਾ ਕਰਨਾ, ਜਾਦੂ ਮੰਤ੍ਰ ਜਾਂ ਝਾੜ ਫੂਕ ਮਾਰਨੀ।
ਹੱਥ ਹੌਲਾ ਕਰਨਾ (ਫਾਂਡਾ ਕਰਨਾ)ਜਾਦੂ ਮੰਤ੍ਰ ਨਾਲ ਝਾੜਨਾ।
ਦਮ ਕਰਨਾ, ਮੰਤ੍ਰ ਜਾਂ ਕਲਾਮ ਪੜ੍ਹ ਕੇ ਫੂਕ ਮਾਰਨੀ।
ਸੁੱਖ ਉਤਾਰਨੀ, ਜਾਦੂਗਰ ਜਾਂ ਲੋਕ-ਭਾਸ਼ਾ ਵਿਚ ਸਿਆਣਾ ਹੱਥ ਹੌਲਾ

Sri Satguru Jagjit Singh Ji Elibrary NamdhariElibrary@gmail.com

ਜਾਂ ਫਾਂਡਾ ਕਰਕੇ ਕਹਿ ਦਿੰਦਾ ਹੈ ਕਿ ਫਲਾਣੀ ਧਿਮਕੀ ਚੀਜ਼ ਅਮਕੇ ਥਾਂ ਤੇ ਰੱਖ ਦੇਣੀ। ਆਰਾਮ ਆਉਣ ਤੇ ਜਾਂ ਕਦੇ ਕਦੇ ਪਹਿਲਾਂ ਹੀ। ਇਹ ਚੀਜ਼ਾਂ ਰੱਖ ਕੇ ਆਉਣ ਨੂੰ ਸੁੱਖ ਉਤਾਰੀ ਕਹਿੰਦੇ ਹਨ। ਸੁੱਖਣਾ ਵੀ ਕਹਿ ਦੇਂਦੇ ਹਨ।

ਸਿੱਟ ਪਾਉਣੀ :- ਸਿਆਣੇ ਕੋਲੋਂ ਮੰਤ੍ਰ ਨਾਲ ਦੁਸ਼ਮਨ ਨੂੰ ਨੁਕਸਾਨ ਪਹੁੰਚਾਣ ਲਈ ਕੁਝ ਕਰਨ ਨੂੰ ਕਹਿੰਦੇ ਹਨ।

ਸੈਅ ਹੋਣੀ, ਚੀਜ਼ ਹੋਣਾ, ਬਾਹਰਲੀ ਕਸਰ ਹੋਣੀ – ਇਹ ਕਿਸੇ ਵਿਚ ਭੂਤ ਪ੍ਰੇਤ ਦੇ ਹੋਣ ਦੀ ਹਾਲਤ ਦੇ ਲਈ ਖ਼ੁਸ਼ ਬੋਲੇ ਹਨ।

ਤਵੀਤ :- ਕੁਝ ਮੰਤ੍ਰ ਆਦਿ ਲਿਖ ਦੇਂਦੇ ਹਨ। ਲੈਣ ਵਾਲਾ ਉਸਨੂੰ ਸੋਨੇ ਚਾਂਦੀ ਜਾਂ ਪਿੱਤਲ ਤਾਂਬੇ ਦੇ ਤਾਅਵੀਜ਼ ਵਿਚ ਸੜ੍ਹਵਾ ਕੇ ਗਲ ਪਾ ਲੈਂਦਾ ਹੈ ਜਾਂ ਜਿਵੇਂ ਤਵੀਤ ਕਰਕੇ ਦੇਣ ਵਾਲਾ ਕਹੇ ਉਂਝ ਕਰ ਲੈਂਦੇ ਹਨ। ਇਸਨੂੰ ਕਹਿੰਦੇ ਹਨ ਕਿ ਤਵੀਤ ਕਰਾਇਆ ਹੈ।

ਮੰਤ੍ਰ :- ਜਾਦੂ ਕਰਨ ਸਮੇਂ ਕੁਝ ਮੂੰਹ ਵਿਚ ਫੁਸਫੁਸ਼ਾ ਕੇ ਪੜ੍ਹਦੇ ਹਨ।

ਚਿੱਲਾ ਜਾਂ ਢਿੱਲਾ :- ਕਿਸੇ ਭੂਤ ਆਦਿ ਨੂੰ ਵਸ ਵਿਚ ਕਰਨ ਲਈ ਕੀਤੀ ਸਾਧਨਾ, ਜੋ ਚਾਲੀ ਦਿਨਾਂ ਦੀ ਹੁੰਦੀ ਹੈ।

ਤਾਘਾ ਜਾਂ ਧਾਗਾ :- ਤਾਘੇ ਤੇ ਜਾਦੂ ਪੜ੍ਹ ਕੇ ਗੰਢਾ ਮਾਰ ਕੇ ਦੇਂਦੇ ਹਨ ਅਤੇ ਕਹਿੰਦੇ ਹਨ "ਤਾਘਾ ਕੀਤਾ ਹੈ," ਜਾਂ ਕਰਵਾਇਆ ਹੈ।

Sri Satguru Jagjit Singh Ji Elibrary NamdhariElibrary@gmail.com

ਸ੍ਰੈਣਿਕ ਸ਼ਬਦਾਵਲੀ

ਕਿਸੇ ਇੱਕ ਭੂਗੋਲਿਕ ਖੰਡ ਵਿੱਚ ਇੱਕੋ ਭਾਸ਼ਾ ਹੁੰਦਿਆਂ ਹੋਇਆਂ ਵੀ ਉਸਦੇ ਬੋਲਣ-ਵਾਲਿਆਂ ਦੀ ਭਾਸ਼ਾ ਵਿਚ ਅੰਤਰ ਦਾ ਝਾਉਲਾ ਪੈਂਦਾ ਹੈ। ਉਹ ਝਾਉਲਾ ਸ੍ਰੇਣਕ ਹੱਦ-ਬੰਦੀਆਂ ਦੇ ਕਾਰਨ ਪੈਂਦਾ ਹੈ। ਇੱਕੋ ਪਿੰਡ ਵਿਚ ਵਸਦੇ ਜੱਟ, ਬਾਣੀਏ ਅਤੇ ਕਾਮੇ ਦੀ ਭਾਸ਼ਾ ਵਿਚ ਸ਼ਬਦਾਵਲੀ ਦਾ ਅੰਤਰ ਹੁੰਦਾ ਹੈ। ਏਥੋਂ ਤੱਕ ਕਿ ਉਚਾਰਨ ਅਤੇ ਵਾਕ ਬਣਤਰ ਦਾ ਵੀ। ਜੱਟ ਜੇਕਰ ਕਹੇਗਾ, ਲਿਆਓ ਜਾਂ, ਦਵੋ ਤਾਂ ਬਾਣੀਆਂ ਕਹੇਗਾ ਲਿਆਈਓ ਜਾਂ ਦਈਉ ਆਦਿ। ਜੇਕਰ ਜੱਟ ਕਹੇਗਾ, ਮੈਂ ਤੈਨੂੰ ਮਿਲਣਾ ਹੈ ਤਾਂ ਉਸੇ ਪਿੰਡ ਦਾ ਬਾਣੀਆ ਕਹੇਗਾ ਮੈਂ ਨੇ ਤੈਂ ਨੂੰ ਮਿਲਣਾ ਹੈ.

ਇਸੇ ਤਰ੍ਹਾਂ ਪਿੰਡ ਵਿਚ ਕੰਮ ਕਰਨ ਵਾਲੇ ਹੋਰ ਕਾਮਿਆ, ਤਰਖਾਣਾ, ਲੁਹਾਰਾਂ, ਘੁਮਿਆਰਾਂ, ਸੁਨਿਆਰਾਂ, ਨਾਈਆਂ, ਧੋਬੀਆਂ, ਮੋਚੀਆਂ, ਆਦਿ ਦੀ ਕੁਝ ਸ਼ਬਦਾਵਲੀ ਅਜੇਹੀ ਹੋਵੇਗੀ ਜੇਹੜੀ ਕਿ ਉਹਨਾਂ ਦੇ ਕਿੱਤੇ ਦੇ ਨਾਲ ਸੰਬੰਧਤ ਹੋਵੇਗੀ। ਉਹਨਾਂ ਦੇ ਕਿੱਤੇ ਨਾਲ ਸੰਬੰਧਤ ਖੇਤ੍ਰ ਵਿਚ ਹੀ ਵਰਤੀ ਜਾਂਦੀ ਹੋਵੇਗੀ। ਇਹ ਸ਼ਬਦਾਵਲੀ ਵੀ ਕਹਾਵੇਗੀ ਅਤੇ ਹੋਵੇਗੀ ਵੀ, ਪੰਜਾਬੀ ਹੀ।

ਅੱਜ ਮਸ਼ੀਨਰੀ ਦੀ ਚੜ੍ਹਤ ਦੇ ਨਾਲ ਉਦਯੋਗਿਕ ਧੰਦੇ ਵਧ ਰਹੇ ਹਨ। ਕਾਰਖ਼ਾਨੇ ਉਸਰ ਰਹੇ ਹਨ। ਦਿਨ ਰਾਤ ਮਜ਼ਦੂਰ ਉਹਨਾਂ ਵਿਚ ਕੰਮ ਕਰਦੇ ਹਨ। ਉਹਨਾਂ ਉਦਯੋਗਾਂ, ਕਾਰਖ਼ਾਨਿਆਂ ਅਤੇ ਮਿੱਲਾਂ ਵਿਚ ਹੋ ਰਹੇ ਕੰਮਾਂ ਦੇ ਲਈ ਆਪਣੀ ਆਪਣੀ ਸ਼ਬਦਾਵਲੀ ਹੁੰਦੀ ਹੈ। ਜੋ ਉਨ੍ਹਾਂ ਖੇਤ੍ਰਾਂ ਵਿਚ ਹੀ ਵਰਤੋਂ ਵਿਚ ਆਉਂਦੀ ਹੈ। ਹੈ ਉਹ ਵੀ ਪੰਜਾਬੀ ਹੀ।

ਪੜ੍ਹੇ ਲਿਖੇ ਲੋਕਾਂ ਦੀ ਸ਼ਬਦਾਵਲੀ ਵੀ ਜਨ-ਸਾਧਾਰਨ ਦੀ ਸ਼ਬਦਾਵਲੀ ਨਾਲੋਂ ਵੱਖ ਹੁੰਦੀ ਹੈ। ਉਹ ਬੌਧਕ ਸ਼ਬਦਾਂ ਦੀ ਅਧਿਕ ਵਰਤੋਂ ਕਰਦੇ ਹਨ।

Sri Satguru Jagjit Singh Ji Elibrary NamdhariElibrary@gmail.com

ਇਸ ਤੋਂ ਉਪਰੰਤ ਵੱਖ ਵੱਖ ਵਿਸ਼ਿਆਂ ਦੇ ਵੱਖ ਵੱਖ ਪੜ੍ਹਿਆਂ ਲਿਖਿਆਂ ਦੀ ਸ਼ਬਦਾਵਲੀ ਵਿਚ ਵੀ ਭਿੰਨਤਾ ਹੁੰਦੀ ਹੈ। ਭਿੰਨ ਭਾਅ ਮਾਰਦਿਆਂ ਹੋਇਆਂ ਵੀ ਇਹ ਭਾਸ਼ਾ ਹੁੰਦੀ ਓਹੋ ਪੰਜਾਬੀ ਹੀ ਹੈ। ਇਹ ਅੰਤਰ ਨਾਂ ਮਾਤ੍ਰ ਹੀ ਹੁੰਦਾ ਹੈ।

ਇਸੇ ਤਰ੍ਹਾਂ ਹਰ ਭਾਸ਼ਾ ਵਿਚ ਉੱਪ-ਭਾਸ਼ਾਵਾਂ ਵੀ ਹੁੰਦੀਆਂ ਹਨ ਜਿੰਨ੍ਹਾਂ ਦੀ ਨੁਹਾਰ ਵੱਖ ਪੈਂਦੀ ਹੈ। ਜਿਵੇਂ ਪੰਜਾਬੀ ਦੀਆਂ ਉਪ-ਭਾਸ਼ਾਵਾਂ ਪੋਠੋਹਾਰੀ, ਮਾਝੀ, ਮੁਲਤਾਨੀ, ਝਾਂਗੀ, ਦੁਆਬੀ, ਮੱਲਵਈ, ਪੁਆਧੀ ਅਤੇ ਡੋਗਰੀ-ਪਹਾੜੀ ਸਭ ਪੰਜਾਬੀ ਹੀ ਹਨ। ਹੁਣ ਤਾਂ ਪੰਜਾਬ ਦੀ ਵੰਡ ਤੋਂ ਬਾਅਦ ਪਾਕਿਸਤਾਨੀ ਖੇਤ੍ਰ ਤੋਂ ਆਏ ਪੰਜਾਬੀਆਂ ਦੇ ਭਾਰਤੀ ਪੰਜਾਬ ਵਿਚ ਖਿੰਡੀ ਵਸੋਂ ਕਰ ਕੇ ਇਹ ਸਭ ਉਪ ਭਾਸ਼ਾਵਾਂ ਦਾ ਰਲ-ਗੱਡ ਹੋ ਗਿਆ। ਮਾਝੀ ਦੋਹਾਂ ਪੰਜਾਬਾਂ ਵਿਚ ਵੰਡੀ ਗਈ ਹੈ। ਏਧਰ ਤਾਂ ਹੁਣ ਮਾਲਵਾ ਹੀ ਪੰਜਾਬ ਦੀ ਪ੍ਰਤੀਨਿਧਤਾ ਕਰਦਾ ਹੈ।

ਇਸਦੇ ਨਾਲ ਨਾਲ ਹਰ ਖੰਡ ਵਿਚ ਇਕੋ ਭਾਸ਼ਾ ਬੋਲਣ ਵਾਲੇ ਵੱਖ ਵੱਖ ਸੰਪਰਦਾਵਾਂ ਦੇ ਧਾਰਨੀਆਂ ਦੀਆਂ ਭਾਸ਼ਾਵਾਂ ਵਿਚ ਵੀ ਅੰਤਰ ਹੁੰਦਾ ਹੈ। ਹਿੰਦੂ ਪੰਜਾਬੀ ਦੀ ਸ਼ਬਦਾਵਲੀ ਵਿਚ ਹਿੰਦੀ ਅਤੇ ਸੰਸਕ੍ਰਿਤ ਦਾ ਮਿਸ਼੍ਰਨ ਅਧਿਕ ਹੋਵੇਗਾ। ਮੁਸਲਮਾਨ ਪੰਜਾਬੀ ਦੀ ਸ਼ਬਦਾਵਲੀ ਵਿਚ ਅਰਬੀ ਅਤੇ ਫਾਰਸੀ ਸ਼ਬਦਾਵਲੀ ਅਧਿਕ ਹੋਵੇਗੀ। ਸਿੱਖ ਪੰਜਾਬੀ ਦੀ ਭਾਸ਼ਾ ਵਿਚ ਸਾਧਾਰਨ ਪੰਜਾਬੀ ਸ਼ਬਦਾਵਲੀ ਅਧਿਕ ਹੋਵੇਗੀ ਅਤੇ ਇਸਦੇ ਨਾਲ ਨਾਲ ਅਰਬੀ, ਫਾਰਸੀ, ਹਿੰਦੀ ਅਤੇ ਸੰਸਕ੍ਰਿਤ ਦੀ ਕੁਝ ਕੁਝ ਸ਼ਬਦਾਵਲੀ ਵੀ ਸ਼ਾਮਿਲ ਹੋਵੇਗੀ। ਇਨ੍ਹਾਂ ਤਿੰਨਾਂ ਪੰਜਾਬੀ ਸੰਪਰਦਾਵਾਂ ਦੀ ਭਾਸ਼ਾ ਭਿੰਨ ਹੁੰਦਿਆਂ ਹੋਇਆਂ ਵੀ ਪੰਜਾਬੀ ਹੀ ਰਹੇਗੀ। ਭਾਸ਼ਾ ਵਿਚ ਇਹ ਭਿੰਨਤਾ ਇਸ ਲਈ ਆ ਜਾਂਦੀ ਹੈ ਕਿ ਹਰ ਸੰਪਰਦਾ ਦੀ "ਧਰਮ ਭਾਸ਼ਾ" ਦਾ ਉਸਦੀ ਮਾਤ੍ਰੀ ਭਾਸ਼ਾ ਤੇ ਰੰਗ ਚੜ੍ਹ ਜਾਂਦਾ ਹੈ। ਇਹ ਸੰਪਰਦਾ ਆਪਣੀ ਧਾਰਮਕ ਸ਼ਬਦਾਵਲੀ ਨੂੰ ਮਾਤ੍ਰੀ ਭਾਸ਼ਾ ਵਿਚ ਸ਼ਾਮਿਲ ਕਰਨਾ ਸ਼ੁਭ ਸਮਝਦੇ ਹਨ।

Sri Satguru Jagjit Singh Ji Elibrary NamdhariElibrary@gmail.com

ਮਿਥਿਹਾਸ, ਲੋਕ ਕਹਾਣੀਆਂ ਅਤੇ ਵਿਸ਼ੇਸ਼ ਘਟਨਾਵਾਂ ਤੋਂ ਸ਼ਬਦ

ਭਾਸ਼ਾ ਲੋਕ ਕਹਾਣੀਆਂ ਵਿਚੋਂ, ਮਿਥਿਹਾਸ ਵਿਚੋਂ ਅਤੇ ਵਿਸ਼ੇਸ਼ ਘਟਨਾਵਾਂ 'ਚੋਂ ਕੁਝ ਸ਼ਬਦ ਰਚ ਲੈਂਦੀ ਹੈ।ਇਹ ਸ਼ਬਦ ਉਸ ਲੋਕ ਕਥਾ ਜਾਂ ਵਿਸ਼ੇਸ਼ ਘਟਨਾ ਦਾ ਸਾਰਾਂ ਮੂਲ ਮੁੱਦਾ ਸੰਭਾਲੀ ਬੈਠਾ ਹੁੰਦਾ ਹੈ। ਜਦੋਂ ਵਰਤਿਆ ਜਾਵੇ ਤਾਂ ਸਾਰੀ ਦੀ ਸਾਰੀ ਗੱਲ ਦਿਮਾਗ਼ ਵਿਚ ਘੁੰਮ ਜਾਂਦੀ ਹੈ। ਜਿਸ ਅਸਥਾਨ ਤੇ ਉਹ ਸ਼ਬਦ ਵਰਤਿਆ ਜਾਂਦਾ ਹੈ ਉਸ ਦੀ ਵੀ ਭਲੀ ਪਰਕਾਰ ਸਮਝ ਆ ਜਾਂਦੀ ਹੈ। ਜਿਵੇਂ:-

ਘੁਸ-ਪੈਠ :- ਇਹ ਸ਼ਬਦ ਅਜੋਕੀ ਪ੍ਰਸਥਿਤੀਆਂ ਦੀ ਦੇਣ ਹੈ। ਪਾਕਿਸਤਾਨ ਵਲੋਂ ਸਰਹੱਦ ਪਾਰ ਕਰ ਕੇ ਚੋਰੀ ਛਿਪੇ ਆ ਜਾਣ ਵਾਲਿਆਂ ਲਈ ਵਰਤਿਆ ਜਾਂਦਾ ਹੈ। ਸਭ ਤੋਂ ਪਹਿਲਾਂ ਇਹ ਉਦੋਂ ਵਰਤਿਆ ਗਿਆ ਸੀ ਜਦੋਂ ਪਾਕਿਸਤਾਨ ਨੇ ਕਸ਼ਮੀਰ ਵਿਚ ਆਪਣੇ ਬੰਦੇ ਚੋਰੀ ਛਿਪੇ ਭੇਜੇ ਸਨ। ਇਸ ਚੋਰੀ ਛਿਪੇ ਦੇ ਦਾਖ਼ਲੇ ਨੂੰ ਭਾਸ਼ਾਈ ਸੌਖ ਦੇ ਲਈ ਘੁਸ-ਪੈਠ ਆਖਿਆ ਗਿਆ ਅਤੇ ਘੁਸ ਪੈਠ ਕਰਨ ਵਾਲਿਆਂ ਨੂੰ ਘੁਸ-ਪੈਠੀਏ। ਹੁਣ ਜੇ ਕਰ ਕੋਈ ਕਿਸੇ ਦੇ ਮਾਮਲੇ ਵਿਚ ਖ਼ਾਹ-ਮੁਖ਼ਾਹ ਦਖ਼ਲ ਦੇਵੇ ਜਾਂ ਘਰ-ਖੇਤ ਵਿਚ ਜਾ ਵੜੇ ਤਾਂ ਕਹਿ ਦਿੰਦੇ ਹਨ ਕਿ ਘੁਸ-ਪੈਠ ਕੀਤੀ ਹੈ।

ਟੇਢੀ ਖੀਰ :- ਇਹ ਅਸਲ ਵਿਚ ਉਰਦੂ ਦੀ ਟੇੜ੍ਹੀ - ਖੀਰ ਨੂੰ ਪੰਜਾਬਿਆਇਆ ਗਿਆ ਹੈ। ਇਸਦਾ ਪਿਛੋਕੜ ਇੰਝ ਹੈ। ਕੋਈ ਸੱਜਣ ਕਿਸੇ ਸੂਰਦਾਸ ਅਰਥਾਤ ਨੇਤਰ-ਹੀਣ ਭਾਈ ਜੀ ਨੂੰ ਰੋਟੀ ਵਰਜਣ ਲਈ ਗਿਆ। ਵਰਜਣ ਵਾਲਾ ਗ਼ੀਬੜਾ ਜਿਹ ਬੰਦਾ ਸੀ। ਇਹ ਸੂਰਦਾਸ ਨੂੰ ਪਤਾ ਸੀ। ਅਗੋਂ ਸੂਰਦਾਸ ਨੇ ਪੁਛਿਆ, "ਭਾਈ ਭਗਤਾ ਕੀ ਛਕਾਏਂਗਾ ?" ਉਸਨੇ ਉਤਰ

Sri Satguru Jagjit Singh Ji Elibrary NamdhariElibrary@gmail.com

ਦਿੱਤਾ ਕਿ ਖੀਰ ਬਣਾਈ ਹੈ। ਸੂਰਦਾਸ ਨੇ ਪੁਛਿਆ, "ਭਾਈ ਖੀਰ ਕੇਹੀ ਵਸਤੂ ਹੁੰਦੀ ਹੈ?" ਰੋਟੀ ਵਰਜਣ ਵਾਲੇ ਨੂੰ ਇਸ ਪ੍ਰਸ਼ਨ ਦੀ ਆਸ ਨਹੀਂ ਸੀ। ਉਹ ਘਬਰਾ ਜਿਹਾ ਗਿਆ ਅਤੇ ਕਿਹਾ, "ਭਾਈ ਜੀ ਖੀਰ ਚਿੱਟੀ ਹੁੰਦੀ ਹੈ ਬਗਲੇ ਵਰਗੀ।" ਸੂਰਦਾਸ ਨੇ ਪੁਛਿਆ, "ਭਾਈ ਬਗਲਾ ਕਿਹੋ ਜਿਹਾ ਹੁੰਦਾ ਹੈ? ਤਾਂ ਉਸ ਸੱਜਣ ਨੇ ਆਪਣੀ ਬਾਂਹ ਅਤੇ ਹੱਥ ਬਗਲੇ ਦੀ ਗਰਦਨ ਵਾਂਗ ਮੋੜਦਿਆਂ ਕਿਹ ਕਿ ਬਗਲਾ ਇਸ ਤਰ੍ਹਾਂ ਦਾ ਹੁੰਦਾ ਹੈ। ਸੂਰਦਾਸ ਨੇ ਮੁੜੀ ਹੋਈ ਬਾਂਹ ਤੇ ਹੱਥ ਫੇਰ ਕੇ ਕਿਹਾ ਕਿ ਭਾਈ ਇਹ ਟੇਢੀ ਖੀਰ ਮੈਥੋਂ ਨਹੀਂ ਖਾਧੀ ਜਾਣੀ, ਤੂੰ ਕਿਸੇ ਹੋਰ ਨੂੰ ਰੋਟੀ ਵਰਜ ਲੈ।

ਅੱਜ ਟੇਢੀ ਖੀਰ ਦੇ ਅਰਥ ਹਨ ਮੁਸ਼ਕਿਲ ਕੰਮ।

ਲਾਲ ਬੁੱਝਕੜ :- ਇਹ ਹਿੰਦੀ ਸਾਹਿਤ ਦੀ ਦੇਣ ਹੈ। ਇਸਦੇ ਅਰਥ ਹਨ ਮੂਰਖ ਬੰਦਾ ਜੋ ਆਪਣੇ ਆਪ ਨੂੰ ਅਕਲਮੰਦ ਸਮਝਦਾ ਹੋਵੇ। ਅਰਥਾਤ ਮੂਰਖਾਂ ਦਾ ਵੀ ਸਰਦਾਰ। ਇਸ ਬਾਰੇ ਬੇਅੰਤ ਲੋਕ ਕਥਾਵਾਂ ਹਨ। ਵੰਨਗੀ ਵਜੋਂ ਇੱਕ ਦੇ ਰਹੇ ਹਾਂ ਤਾਂ ਜੋ ਸ੍ਰੀ ਲਾਲ ਬੁੱਝਕੜ ਦਾ ਬਿੰਬ ਸਾਕਾਰ ਹੋ ਸਕੇ।

ਇਕ ਪਿੰਡ ਹੀ ਮੂਰਖਾਂ ਦਾ ਸੀ। ਉਸ ਪਿੰਡ ਵਿਚੋਂ ਇਕ ਵਾਰ, ਰਾਤ ਵੇਲੇ, ਇਕ ਹਾਥੀ ਲੰਘ ਗਿਆ। ਸਵੇਰੇ ਉਸਦੀ ਪੈੜ ਦੇਖ ਕੇ ਸਾਰਾ ਪਿੰਡ ਚਕ੍ਰਿਤ ਰਹਿ ਗਿਆ ਅਤੇ ਘਬਰਾ ਗਿਆ।ਪਤਾ ਨਹੀਂ ਪਿੰਡ 'ਤੇ ਕੀ ਆਫ਼ਤ ਆਣ ਵਾਲੀ ਹੈ ਅਤੇ ਕਿਹੋ ਜਿਹਾ ਕੋਈ ਅਦਭੁਤ ਜਾਨਵਰ ਪਿੰਡ ਵਿਚ ਗੇੜਾ ਮਾਰ ਗਿਆ ਹੈ। ਪਿੰਡ ਦੇ ਸਾਰੇ ਹੀ ਸਿਆਣੇ ਅਰਥਾਤ ਮੂਰਖਾਂ ਨੇ ਇਸ ਬਾਰੇ ਆਪੋ ਆਪਣੀ ਸੋਚ-ਸ਼ਕਤੀ ਤੇ ਜ਼ੋਰ ਪਾਇਆ। ਪਰ ਕੁਝ ਸਮਝ ਨਾ ਆਇਆ। ਆਖ਼ਿਰ ਪਿੰਡ ਦੇ ਸਭ ਤੋਂ ਜ਼ਿਆਦਾ "ਸਿਆਣੇ" ਬੰਦੇ ਸ੍ਰੀ ਲਾਲ ਬੁੱਝਕੜ ਨੂੰ ਸੱਦਿਆ ਗਿਆ। ਉਸ ਨੇ ਵੀ ਹਾਥੀ ਦੀ ਪੈੜ ਦੇਖੀ, ਪੈੜ ਦੇ ਅਗੇ ਪਿਛੇ ਘੁੰਮਿਆ ਫਿਰਿਆ ਅਤੇ ਹੱਸ ਪਿਆ। ਫੇਰ ਬੜੇ ਫਖ਼ਰ ਨਾਲ ਐਲਾਨ ਕੀਤਾ ਕਿ :- ਬੂਝੇ ਇਸ ਕੋ ਲਾਲ ਬੁੱਝਕੜ ਔਰ ਨਾ ਬੂਝੇ ਕੋਇ
ਪਊਂ ਮੈਂ ਚੱਕੀ ਬਾਂਧ ਕਰ ਕੋਈ ਹਿਰਨਾ ਕੂਦਾ ਹੋਏ।

ਅੱਜ ਲਾਲ ਬੁਝੱਕੜ ਕਿਸਨੂੰ ਕਹਿੰਦੇ ਹਨ, ਹੋਰ ਵਿਸਥਾਰ ਦੀ ਲੋੜ ਨਹੀਂ ਹੈ।

ਭੀਮ ਹੋਣਾ :- ਭੀਮ ਹੋਣ ਤੋਂ ਅਰਥ ਹਨ ਜਿਸਮਾਨੀ ਤੌਰ ਤੇ ਤਾਕਤਵਾਰ ਹੋਣਾ। ਭੀਮ ਪੰਜਾਂ ਭਾਡੂਆਂ ਵਿਚੋਂ ਇੱਕ ਭਰਾ ਸੀ ਜੋ ਆਪਣੇ ਜ਼ੋਰ ਕਰਕੇ ਪਰਸਿੱਧ ਸੀ।

Sri Satguru Jagjit Singh Ji Elibrary NamdhariElibrary@gmail.com

ਯੁਧਿਸਟਰ :- ਇਹ ਵੀ ਪੰਜਾਂ ਪਾਂਡੂਆਂ ਵਿਚੋਂ ਇਕ ਸੀ। ਉਸਦਾ ਕਦੀ ਵੀ ਝੂਠ ਨਾ ਬੋਲਣ ਦਾ ਪ੍ਰਣ ਸੀ। ਪਰ ਇਕ ਵਾਰ ਉਹ ਵੀ ਸਚਾਈ ਦੇ ਨਾਲ ਹੇਰਾ ਫੇਰੀ ਕਰ ਗਿਆ ਸੀ, ਜਦੋਂ, ਅਸ਼ੋਥਾਮਾ ਦੀ ਮੌਤ ਦੇ ਬਾਰੇ, ਉਸ ਤੋਂ ਪੁਛਿਆ ਗਿਆ ਸੀ।

ਹੁਣ ਕਿਸੇ ਸੱਚਾ ਹੋਣ ਦਾ ਮਾਣ ਕਰਨ ਵਾਲੇ ਨੂੰ ਵਿਅੰਗ ਵਜੋਂ ਕਹਿੰਦੇ ਹਨ ਕਿ "ਬਾਈ ਤੂੰ ਤਾਂ ਯੁਧਿਸ਼ਟਰ ਹੈਂ, ਕਦੇ ਵੀ ਝੂਠ ਨਹੀਂ ਬੋਲਦਾ।"

ਦਰੋਪਦੀ :- ਇਹ ਵੀ ਮਹਾ-ਭਾਰਤ ਦੀ ਇਕ ਨਾਇਕਾ ਹੈ। ਇਹ ਪੰਜਾਂ ਪਾਂਡੂਆਂ ਦੀ ਸਾਂਝੀ ਪਤਨੀ ਸੀ।

ਅਜ ਜੇ ਕਰ ਕੋਈ ਇਸਤਰੀ ਦੇਵਰ ਜਾਂ ਜੇਠ ਨਾਲ ਲਿੰਗ-ਨਾਤਾ ਜੋੜ ਲਵੇ ਤਾਂ ਜਾਣਕਾਰ ਉਸਨੂੰ ਉਨ੍ਹਾਂ ਦੀ ਦਰੋਪਦੀ ਕਹਿਣ ਲੱਗ ਜਾਂਦੇ ਹਨ।

ਬੀੜਾ ਚੁੱਕਣਾ :- ਇਸ ਦੇ ਅਰਥ ਹਨ ਕਿਸੇ ਕੰਮ ਨੂੰ ਨੇਪਰੇ ਚਾੜ੍ਹਨਾ ਆਪਣੇ ਜ਼ੁੰਮੇ ਲੈਣਾ। ਪੱਕਾ ਇਰਾਦਾ ਧਾਰ ਲੈਣਾ।

ਪੁਰਾਣੇ ਸਮਿਆਂ ਵਿਚ ਜਦੋਂ ਕੋਈ ਔਖਾ ਜਾਂ ਭੀੜ ਦਾ ਕੰਮ ਆ ਪੈਂਦਾ ਸੀ ਤਾਂ ਘਰ ਵਿਚ ਜਾ ਸੱਥ ਵਿਚ ਸਾਰਿਆਂ ਅਗੇ ਪਾਨ ਦਾ ਬੀੜਾ ਥਾਲੀ ਵਿਚ ਰੱਖ ਕੇ ਫੇਰਿਆ ਜਾਂਦਾ ਸੀ। ਜੋ ਵੀ ਸੂਰਮਾ ਉਸਨੂੰ ਚੁੱਕ ਲੈਂਦਾ ਸੀ ਉਸਦੇ ਸਿਰ ਉਸ ਕੰਮ ਨੂੰ ਨੇਪਰੇ ਚਾੜ੍ਹਨ ਦੀ ਜ਼ਿੰਮੇਦਾਰੀ ਆ ਪੈਂਦੀ ਸੀ।

ਯੂਸਫ਼ :- ਦੀਨ ਇਸਲਾਮ ਦਾ ਇਕ ਪੈਗ਼ੰਬਰ। ਇਹ ਦੁਨੀਆਂ ਦਾ ਸਭ ਤੋਂ ਵੱਧ ਖ਼ੂਬਸੂਰਤ ਪੁਰਸ਼ ਮਿਥਿਆ ਗਿਆ ਹੈ।

ਅਜ ਖ਼ੂਬਸੂਰਤ ਮਹਿਬੂਬ ਨੂੰ ਯੂਸਫ਼ ਕਿਹਾ ਜਾਂਦਾ ਹੈ। ਕਿਸੇ ਵੀ ਸੋਹਣੇ ਨੂੰ ਯੂਸਫ ਨਾਲ ਤੁਲਨਾ ਦਿੱਤੀ ਜਾਂਦੀ ਹੈ।

ਸ਼ਾਹ ਬਹਿਰਾਮ :- ਲੋਕ-ਕਹਾਣੀ ਦੇ ਇਸ ਪਾਤਰ ਦੇ ਸੁਹੱਪਣ ਤੇ ਦਿਉ ਅਤੇ ਪਰੀਆਂ ਦੋਵੇ ਹੀ ਮੋਹਤ ਹੋ ਗਏ ਸਨ।

ਸ਼ਾਹ ਬਹਿਰਾਮ ਦਾ ਅਰਥ ਹੁਣ ਅਤਿ ਦਾ ਸੋਹਣਾ ਹੈ।

ਆਦਮ ਬੋ ਆਦਮ ਬੋ ਕਰਨਾ :- ਜਦੋਂ ਕੋਈ ਗੁੱਸੇ ਵਿਚ ਮਾਰਦੂੰ ਮਰਜੂੰ ਕਰਦਾ ਫਿਰਦਾ ਹੋਵੇ ਤਾਂ ਕਹਿੰਦੇ ਹਨ ਆਦਮ ਬੋ ਆਦਮ ਬੋ ਕਰਦਾ ਫਿਰਦਾ ਹੈ। ਇਹ ਵੀ ਲੋਕ ਕਹਾਣੀਆਂ ਦੀ ਦੇਣ ਹੈ। ਲੋਕ ਕਹਾਣੀਆਂ ਵਿਚ ਕੋਈ ਜਿੰਨ ਜਾਂ ਦਿਓ ਕਿਸੇ ਪਰੀ ਜਾਂ ਰਾਜਕੁਮਾਰੀ ਨੂੰ ਚੁਕ ਕੇ ਲੈ ਜਾਂਦਾ ਹੈ ਅਤੇ ਉਸਨੂੰ ਜੰਗਲ ਵਿਚ ਆਪਣੀ ਰਖੇਲ ਬਣਾਂਦਾ ਹੈ। ਆਦਮੀਆਂ ਪਾਸੋਂ ਉਸਦੀ

Sri Satguru Jagjit Singh Ji Elibrary NamdhariElibrary@gmail.com

ਰਾਖੀ ਰੱਖਦਾ ਹੈ। ਮਤੇ ਕੋਈ ਆਦਮੀ ਆ ਕੇ ਉਸਨੂੰ ਉੱਡਾ ਲੈ ਜਾਵੇ। ਲੋਕ ਕਹਾਣੀਆਂ ਵਿਚ, ਕਦੇ ਨਾ ਕਦੇ, ਜਰੂਰ ਕੋਈ ਰਾਜਕੁਮਾਰ ਉਸ ਰਾਜਕੁਮਾਰੀ ਨੂੰ ਆ ਟੋਲਦਾ ਹੈ। ਰਾਜ-ਕੁਮਾਰੀ ਉਸਨੂੰ ਮੱਖੀ-ਆਦਿ ਬਣਾ ਕੇ ਅਲੋਪ ਕਰ ਰੱਖਦੀ ਹੈ। ਪਰ ਉਸ ਆਦਮੀ ਦੀ ਗੰਧ ਜਿੰਨ ਜਾਂ ਦਿਓ ਸਾਹਿਬ ਨੂੰ ਆ ਜਾਂਦੀ ਹੈ। ਉਹ ਗੁੱਸੇ ਵਿਚ ਫੁੰਕਾਰੇ ਮਾਰਦਾ ਆਦਮ ਬੋ ਆਦਮ ਬੋ ਕਰਨ ਲੱਗਦਾ ਹੈ। ਅਤੇ ਉਸ ਆਦਮੀ ਦੀ ਭਾਲ ਕਰਨ ਲੱਗਦਾ ਹੈ ਅਤਿ ਆਦਿ।

ਸ਼ੇਖ਼ ਚਿੱਲੀ :- ਹੱਥ ਪੈਰ ਹਿਲਾਏ ਤੋਂ ਬਿਨਾ, ਹਵਾਈ ਕਿਲ੍ਹੇ ਉਸਾਰਨ ਵਾਲੇ ਨੂੰ ਕਹਿੰਦੇ ਹਨ। ਇਹ ਪਾਤਰ ਵੀ ਉਰਦੂ ਲੋਕ-ਕਹਾਣੀਆਂ ਤੋਂ ਆਇਆ ਹੈ। ਇਸ ਪਾਤਰ ਦੇ ਨਾਲ਼ ਵੀ ਅਣਗਿਣਤ ਕਥਾਵਾਂ ਜੁੜੀਆਂ ਹੋਈਆਂ ਹਨ। ਵੰਨਗੀ ਵਜੋਂ ਇਕ ਕਥਾ ਦਿੱਤੀ ਜਾਂਦੀ ਹੈ ਤਾਂ ਜੋ ਸ਼ੇਖ਼ ਸਾਹਿਬ ਦਾ ਬਿੰਬ ਉਭਾਰਿਆ ਜਾ ਸਕੇ।

ਇਕ ਤੇਲੀ ਨੇ ਸ਼ੇਖ਼ ਚਿੱਲੀ ਨੂੰ ਕਿਹਾ ਕਿ, ਸ਼ੇਖ਼ ਜੀ ਤੁਸੀਂ ਆਹ ਮੇਰਾ ਤੇਲ ਦਾ ਕੁੱਪਾ ਸੰਭਾਲਣਾ। ਮੈਂ ਕੱਲ੍ਹ ਨੂੰ ਆਵਾਂਗਾ ਅਤੇ ਲੈ ਜਾਵਾਂਗਾ। ਤੁਹਾਨੂੰ ਇਕ ਟਕਾ ਇਸ ਦੀ ਸੰਭਾਲ ਕਰਨ ਵਜੋਂ ਦਿਆਂਗਾ। ਸ਼ੇਖ਼ ਚਿਲੀ ਮੰਨ ਗਏ ਅਤੇ ਤੇਲ ਵਾਲੇ ਕੁੱਪੇ ਦੇ ਪਾਸ ਬੈਠ ਗਏ। ਬੈਠਿਆਂ ਬੈਠਿਆਂ ਉਹਨਾਂ ਨੇ ਸੋਚਿਆ ਕਿ ਉਹ ਕੋਈ ਨਕੰਮੇ ਆਦਮੀ ਨਹੀਂ ਹਨ। ਉਹ ਇਸ ਟਕੇ ਦਾ ਇਕ ਆਂਡਾ ਲੈਣਗੇ। ਉਸ ਆਂਡੇ ਤੋਂ ਇਕ ਮੁਰਗੀ ਨਿੱਕਲੇਗੀ। ਫੇਰ ਇਸ ਮੁਰਗੀ ਦੇ ਆਂਡਿਆਂ ਤੋਂ ਹੋਰ ਮੁਰਗੀਆਂਹ ਹੋਣਗੀਆਂ। ਫੇਰ ਉਹ ਮੁਰਗੀਆਂ ਵੇਚ ਕੇ ਇਕ ਬੱਕਰੀ ਲਵੇਗਾ। ਉਸ ਬੱਕਰੀ ਤੋਂ ਹੋਰ ਬੱਕਰੀਆਂ ਹੋਣਗੀਆਂ। ਬੱਕਰੀਆਂ ਵੇਚ ਮੱਝ ਲਵੇਗਾ। ਫੇਰ ਉਸ ਮਝ ਤੋਂ ਹੋਰ ਮਝਾਂ ਹੋਣਗੀਆਂ। ਮੁਕੱਦੀ ਗੱਲ ਉਸਨੇ ਖ਼ਿਆਲ ਹੀ ਖ਼ਿਆਲ ਵਿਚ ਉੱਚੇ ਮਹਿਲ ਮਾੜੀਆਂ ਉਸਾਰ ਲਈਆਂ ਅਤੇ ਵਿਆਹ ਕਰਵਾ ਕੇ ਬੱਚੇ ਪੈਦਾ ਕਰ ਲਏ। ਫੇਰ ਕਿਸੇ ਗੱਲ ਤੋਂ ਵਹੁਟੀ ਨਾਲ ਰੁਸ ਗਿਆ। ਵਹੁਟੀ ਮਨਾਣ ਲਈ ਆਈ ਤਾਂ ਉਸਨੇ ਆਕੜ ਵਿਚ ਅੱਗੋਂ ਲੱਤ ਕੱਢ ਮਾਰੀ ਜੋ ਤੇਲ ਵਾਲੇ ਕੁੱਪੇ ਵਿਚ ਵੱਜੀ ਤੇ ਉਹ ਰੁੜ੍ਹ ਗਿਆ। ਅਗਲੇ ਦਿਨ ਤੇਲੀ ਨੇ ਸ਼ੇਖ਼ ਚਿੱਲੀ ਹੋਰਾਂ ਦੇ ਗਲ ਪਰਨਾ ਪਾ ਲਿਆ।

ਰੁਸਤਮ :- ਫਾਰਸੀ ਦੇ ਕਵੀ ਫ਼ਿਰਦੋਸੀ ਦੇ **ਸ਼ਾਹਨਾਮਾ** ਮਹਾ-ਕਾਵਿ ਦਾ ਪਰਸਿਧ ਹੀਰੋ, ਜੋ ਬਹੁਤ ਵੱਡਾ ਪਹਿਲਵਾਨ ਸੀ। ਅੱਜ ਤਾਕਤਵਰ ਬੰਦੇ ਲਈ ਵਿਸ਼ੇਸਨ ਵਜੋਂ ਵਰਤਿਆਂ ਜਾਂਦਾ ਹੈ।

ਮੱਖੀ ਚੂਸ :- ਅੰਤਾਂ ਦੇ ਕੰਜੂਸ ਨੂੰ ਕਹਿੰਦੇ ਹਨ। ਇਸ ਸ਼ਬਦ ਦਾ ਪਿਛੋਕੜ

Sri Satguru Jagjit Singh Ji Elibrary NamdhariElibrary@gmail.com

ਇੰਝ ਹੈ।

ਇਕ ਸਿਰੇ ਦੇ ਕੰਜੂਸ ਨੂੰ ਇਕ ਵਾਰ ਦੁੱਧ ਪੀਣ ਦਾ ਖਿਆਲ ਆ ਗਿਆ। ਉਸ ਨੇ ਅੱਧੀ ਛਟਾਂਕ ਦੁੱਧ ਹਲਵਾਈ ਤੋਂ ਖ਼ਰੀਦ ਲਿਆ। ਉਸ ਦੁੱਧ ਵਿਚ ਇੱਕ ਮੱਖੀ ਆ ਡਿੱਗੀ। ਕੰਜੂਸ ਨੇ ਉਂਗਲ ਨਾਲ ਜਦੋਂ ਮੱਖੀ ਦੁੱਧ ਵਿਚੋਂ ਕਢੀ ਤਾਂ ਉਹ ਦੁੱਧ ਨਾਲ ਲਤ ਪਤ ਸੀ। ਉਹ ਦੁਧ, ਜਿਸਦੇ ਕਿ ਪੈਸੇ ਉਸਨੇ ਹਲਵਾਈ ਨੂੰ ਦਿਤੇ ਹੋਏ ਸਨ, ਇੰਜ ਅਕਾਰਥ ਜਾਵੇ, ਕੰਜੂਸ ਸਾਹਿਬ ਸਹਿਣ ਨਾ ਕਰ ਸਕੇ। ਇਸ ਲਈ, ਸੁੱਟ ਦੇਣ ਤੋਂ ਪਹਿਲਾਂ, ਉਹਨਾਂ ਨੇ ਉਹ ਮੱਖੀ ਮੂੰਹ ਵਿੱਚ ਲੈ ਕੇ ਆਪਣਾ ਦੁੱਧ ਉਸ ਤੋਂ ਚੂਸ ਲਿਆ ਅਤੇ ਮੱਖੀ ਚੂਸਦੀ ਉਪਮਾ ਭਾਸ਼ਾ ਨੂੰ ਦਿੱਤੀ।

ਬਾਂਦਰ ਵੰਡ :- ਇਸ ਤੋਂ ਭਾਵ ਹੈ ਵੰਡ ਕਰਨ ਵਿਚ ਹੇਰਾਫੇਰੀ ਅਤੇ ਮਨ ਮਰਜ਼ੀ ਦੀ ਵੰਡ ਕਰਨੀ।

ਇਸਦਾ ਪਿਛੋਕੜ ਇੰਝ ਹੈ। ਦੋ ਬਿੱਲੀਆਂ ਦੀ ਕਿਸੇ ਖਾਣ ਵਾਲੀ ਵਸਤੂ ਦੀ ਵੰਡ ਵਡਾਈ ਤੇ ਤਕਰਾਰ ਹੋ ਗਈ। ਉਧਰੋਂ ਬਾਂਦਰ ਆ ਗਿਆ। ਉਸਨੇ ਦੋਹਾਂ ਵਿਚ ਨਿਯਾਂਪੂਰਨ ਵੰਡ ਕਰ ਦੇਣ ਲਈ ਆਪਣੀ ਸੇਵਾ ਪੇਸ਼ ਕੀਤੀ। ਤੱਕੜੀ ਲਿਆ ਕੇ ਛੁਰੀ ਨਾਲ ਉਸ ਚੀਜ਼ ਦੇ ਇਸ ਤਰ੍ਹਾਂ ਨਾਲ ਦੋ ਟੁਕੜੇ ਕੀਤੇ ਕਿ ਇੱਕ ਵੱਡਾ ਹੋ ਗਿਆ ਅਤੇ ਇਕ ਨਿੱਕਾ। ਤੱਕੜੀ ਦੇ ਪਲੜੇ ਅਸਾਵੇਂ ਹੋਣੇ ਹੀ ਸਨ। ਇਸ ਤੇ ਬਾਂਦਰ ਨੇ ਵਡੇ ਟੁਕੜੇ ਚੋ ਇੰਝ ਚੱਕ ਮਾਰਿਆ ਕਿ ਉਹ ਦੂਸਰੇ ਟੁਕੜੇ ਨਾਲੋਂ ਨਿਕਾ ਹੋ ਗਿਆ। ਬਿੱਲੀਆਂ ਤਾਕਦੀਆਂ ਰਹੀਆਂ। ਫੇਰ ਦੂਸਰੇ ਪਲੜੇ ਵਿਚੋਂ ਇੰਝ ਚੱਕ ਮਾਰਿਆ ਕਿ ਪਹਿਲਾ ਪਲੜਾ ਭਾਰੀ ਹੋ ਗਿਆ। ਇੰਝ ਸਾਰੀ ਵਸਤੂ ਬਾਂਦਰ ਸਾਹਿਬ ਹੀ ਹੜੱਪ ਕਰ ਗਏ। ਬਿੱਲੀਆਂ ਮੂੰਹ ਦੇਖਦੀਆਂ ਰਹਿ ਗਈਆਂ।

ਡੂਮ ਡਰਾਬੇ :-ਡੂਮ ਕਹਿੰਦੇ ਹਨ ਮਰਾਸੀ ਨੂੰ। ਜੋ ਇਕ ਭੋਲੀ, ਮਖੌਲੀਆ ਅਤੇ ਡਰੂ ਕੌਮ ਹੈ। ਇਕ ਵਾਰੀ ਦੋ ਮਰਾਸੀਆਂ ਨੇ ਆਪਣੇ ਟੱਟੂ ਜੱਟ ਦੇ ਛੋਲਿਆਂ ਦੇ ਖੇਤ ਵਿਚ ਰਜਾਣ ਦਾ ਪ੍ਰੋਗਰਾਮ ਬਣਾਇਆ। ਜੱਟ ਨੂੰ ਡਰਾਣ ਦੇ ਲਈ ਦੋਹਾਂ ਨੇ ਪਠਾਣਾਂ ਵਾਲੇ ਵਸਤਰ ਪਾ ਕੇ ਉਹਨਾਂ ਵਾਂਗ ਹੀ ਪਗੜੀਆਂ ਬੰਨ੍ਹ ਲਈਆਂ। ਇੰਝ ਪਠਾਣ ਬਣ ਕੇ ਟੱਟੂ ਲੈ ਕੇ ਦੋਵੇ ਜਣੇ ਜੱਟ ਦੇ ਖੇਤ ਵਿਚ ਚਾਰਨ ਜਾ ਲੱਗੇ। ਉਧਰੋ ਜੱਟ ਵੀ ਡਾਂਗ ਲੈ ਕੇ ਆ ਪੁੱਜਾ। ਦੋ ਪਠਾਣ ਦੇਖ ਕੇ ਕੁਝ ਝਿਜਕਿਆ। ਉਸਨੇ ਹਿੰਮਤ ਕਰਕੇ ਪਹਿਲੇ ਮਰਾਸੀ ਨੂੰ ਪੁਛਿਆ ਕਿ ਉਹ ਕੌਣ ਹੈ ? ਤਾਂ ਮਰਾਸੀ ਨੇ ਮੁੱਛ ਤੇ ਹੱਥ ਫੇਰ ਕੇ ਕਿਹਾ ਕਿ ਉਹ ਪਠਾਣ

Sri Satguru Jagjit Singh Ji Elibrary NamdhariElibrary@gmail.com

ਹੈ। ਜੱਟ ਨੇ ਕਿਹਾ ਕਿ ਭਾਈ ਤੂੰ ਤਾਂ ਠੀਕ ਪਠਾਣ ਹੈਂ ਪਰ ਇਹ ਦੂਜਾ ਕੌਣ ਹੈ ? ਤਾਂ ਮਰਾਸੀ ਨੇ ਉਤਰ ਦਿੱਤਾ ਕਿ ਪ੍ਰਭਾ ਇਹ ਵੀ ਮਰਾਸੀ ਹੀ ਹੈ। ਬਸ ਫੇਰ ਕੀ ਸੀ ਜੱਟ ਨੇ ਦੋਹਾਂ ਡੂਮਾਂ ਦੀ ਡਾਂਗ ਨਾਲ ਮੁਰੰਮਤ ਕੀਤੀ। ਆਦਿ।

ਮਗਰਮੱਛ ਦੇ ਹੰਝੂ :- ਝੂਠ ਮੂਠ ਦਾ ਪਛਤਾਵਾ ਜਾਂ ਹਮਦਰਦੀ ਕਰਨ ਵਾਲੇ ਲਈ ਕਹਿੰਦੇ ਹਨ। ਇਸ ਦਾ ਪਿਛੋਕੜ ਇੰਝ ਹੈ। ਇਕ ਦਰਿਆ ਦੇ ਕੰਢੇ ਤੇ ਇਕ ਮਗਰਮੱਛ ਰਹਿੰਦਾ ਸੀ ਅਤੇ ਇਕ ਬਾਂਦਰ ਵੀ। ਬਾਂਦਰ ਉਸ ਮਗਰਮੱਛ ਨੂੰ ਰੋਜ਼ ਜਾਮਣਾਂ ਤੋੜ ਕੇ ਸੁੱਟਿਆ ਕਰਦਾ ਸੀ। ਇਸ ਤਰ੍ਹਾਂ ਦੋਵੇਂ ਗੂੜ੍ਹੇ ਮਿੱਤਰ ਸਨ। ਇਕ ਦਿਨ ਮਗਰਮੱਛ ਦਾ ਮੰਨ ਉਸ ਬਾਂਦਰ ਨੂੰ ਹੀ ਖਾਣ ਤੇ ਆ ਗਿਆ ਅਤੇ ਬਾਂਦਰ ਨੂੰ ਕਹਿਣ ਲੱਗਾ, "ਭਾਈ ਬਾਂਦਰ ਮੈਂ ਰੋਜ਼ ਤੇਰੀ ਭਰਜਾਈ ਨੂੰ ਤੇਰੇ ਸੁਟੇ ਜਾਮਣ ਖਵਾਂਦਾ ਹਾਂ। ਉਹ ਤੈਨੂੰ ਬਹੁਤ ਯਾਦ ਕਰਦੀ ਰਹਿੰਦੀ ਹੈ। ਅੱਜ ਉਸਨੇ ਤੈਨੂੰ ਰੋਟੀ ਵਰਜੀ ਹੈ ਅਤੇ ਮੈਂ ਤੈਨੂੰ ਲੈਣ ਲਈ ਆਇਆ ਹਾਂ।" ਬਾਂਦਰ ਆਪਣੇ ਮਿੱਤਰ ਦੀ ਗੱਲ ਮੰਨ ਗਿਆ ਅਤੇ ਉਸਦੀ ਪਿਠ ਤੇ ਬੈਠ ਕੇ ਚੱਲ ਪਿਆ। ਨਦੀ ਦੇ ਅੱਧ ਵਿਚ ਜਾ ਕੇ ਮਗਰਮੱਛ ਹਸ ਪਿਆ ਅਤੇ ਬਾਂਦਰ ਨੂੰ ਆਪਣੇ ਮਨ ਦੀ ਗੱਲ ਦਸ ਦਿੱਤੀ ਕਿਉਂ ਜੋ ਹੁਣ ਉਸ ਦੇ ਨੱਸ ਜਾਣ ਦਾ ਕੋਈ ਰਾਹ ਨਹੀਂ ਸੀ। ਇਸ ਤੇ ਬਾਂਦਰ ਝੂਠ ਮੂਠੀ ਨਰਾਜ਼ ਹੋਇਆ ਕਿ ਉਸਦੇ ਮਿੱਤਰ ਨੇ ਇਹ ਗੱਲ ਉਸ ਨੂੰ ਪਹਿਲਾਂ ਕਿਉਂ ਨਾ ਦਸੀ। ਕਿਉਂਜੋ ਆਪਣਾ ਦਿਲ ਤਾਂ ਉਹ ਜਾਮਣ ਤੇ ਹੀ ਰੱਖ ਆਇਆ ਹੈ। ਅਤੇ ਦਿਲ ਹੀ ਤਾਂ ਇਕ ਸਵਾਦਿਸ਼ਟ ਚੀਜ਼ ਹੁੰਦੀ ਹੈ ਸਰੀਰ ਵਿਚ ਖਾਣ ਵਾਲੀ। ਯਾਰ ਦੋਸਤ ਨਾਲੋਂ ਦਿਲ ਕਿਤੇ ਚੰਗਾ ਸੀ? ਹੁਣ ਘਰ ਭਰਜਾਈ ਮੇਰੇ ਬਾਰੇ ਕੀ ਸੋਚੇਗੀ ਕਿ ਦਿੱਲ ਤਾਂ ਲੈ ਕੇ ਹੀ ਨਹੀਂ ਆਇਆ।ਜੇ ਭਲਾ ਮਾਨਸ ਹੈਂ ਤਾਂ ਪਿੱਛੇ ਨੂੰ ਮੁੜ, ਚਲ ਦਿਲ ਲੈ ਕੇ ਆਈਏ। ਮਗਰਮੱਛ ਉਸ ਦੀ ਚਾਲ ਵਿਚ ਆ ਗਿਆ ਅਤੇ ਬਾਂਦਰ ਨੂੰ ਮੁੜ ਕੰਢੇ ਤੇ ਜਾਮਣ ਦੇ ਰੁੱਖ ਪਾਸ ਲੈ ਆਇਆ। ਬਾਂਦਰ ਟਪੂਸੀ ਮਾਰ ਕੇ ਜਾਮਣ ਤੇ ਜਾ ਚੜ੍ਹਿਆ ਅਤੇ ਮਗਰਮੱਛ ਦੀ ਮੂਰਖਤਾ ਤੇ ਹੱਸਣ ਲੱਗਾ। ਮਗਰਮੱਛ ਨੂੰ ਵੀ ਸਮਝ ਪਈ ਅਤੇ ਹੰਝੂ ਵਗਾਣ ਲੱਗਾ ਕਿ ਤੂੰ ਤਾਂ ਮੇਰਾ ਯਾਰ ਹੈਂ। ਐਵੇਂ ਮੇਰੇ ਮਖ਼ੌਲ ਨੂੰ ਸੱਚ ਮੰਨ ਲਿਆ ਹੈ, ਕਾਹਦੀ ਯਾਰੀ ਹੋਈ। ਇਤਆਦਿ।

ਗਪੌੜ ਸੰਖ :- ਗੱਪੀ ਨੂੰ ਕਹਿੰਦੇ ਹਨ ਜੋ ਦੇਵੇ ਲਵੇ ਤਾਂ ਕੁਝ ਵੀ ਨਾ ਪਰ ਦਮਗਜੇ ਸਭ ਕੁਝ ਦੇਣ ਦੇ ਮਾਰਦਾ ਰਹੇ। ਇਸਦਾ ਪਿਛੋਕੜ ਇੰਝ ਹੈ।

ਕਿਸੇ ਲਾਲਚੀ ਬੰਦੇ ਨੇ ਧੰਨ ਦੇ ਲਾਲਚ ਵਸ ਹੋ ਕੇ ਕਿਸੇ ਦੇਵਤੇ ਦੀ

ਅਰਾਧਨਾ ਕੀਤੀ। ਦੇਵਤੇ ਨੇ ਵੀ ਮਖੌਲ ਵਿਚ ਉਸਦੀ ਇਸ ਅਰਾਧਨਾ ਦੇ ਉਤਰ ਵਿਚ ਇਕ ਸੰਖ ਉਸ ਨੂੰ ਵਰਦਾਨ ਵਜੋਂ ਦਿਤਾ।ਅਤੇ ਕਿਹਾ, ਜ਼ਾਹ ਭਗਤਾ ਜਿੱਤਨੀ ਮਾਇਆ ਇਸ ਪਾਸੋਂ ਮੰਗੇਂਗਾ ਇਹ ਉਸਤੋਂ ਦੂੱਗਣੀ ਤੈਨੂੰ ਦੇਵੇਗਾ। ਭਗਤ ਬਹੁਤ ਖੁਸ਼ ਹੋਇਆ। ਘਰ ਆਇਆ ਤਾਂ ਪਤਨੀ ਨੂੰ ਕਹਿਣ ਲੱਗਾ, ਧੀ ਦੇ ਵਿਆਹ ਦੇ ਤਿਆਰੀ ਕਰੋ। ਪੈਸੇ ਦੀ ਕੋਈ ਚਿੰਤਾ ਨਹੀਂ। ਮੈਂ ਪ੍ਰਬੰਧ ਕਰ ਲਿਆ ਹੈ। ਪਤਨੀ ਨੂੰ ਪਰਬੰਧ ਦਾ ਪਤਾ ਦਸਣ ਦੇ ਲਈ ਨਹਾ ਧੋ ਕੇ ਸੰਖ ਤੋਂ ਸੌ ਰੁਪਿਆ ਮੰਗਿਆ। ਸੰਖ ਨੇ ਉੱਤਰ ਦਿੱਤਾ ਦੋ ਸੌ ਲੈ ਲੈ। ਉਸਨੇ ਕਿਹਾ ਚੰਗਾ ਦੋ ਸੌ ਹੀ ਦੇਹ। ਸੰਖ ਕਹਿਣ ਲੱਗਾ, ਦੋ ਸੌ ਕੀ ਕਰੇਂਗਾ, ਚਾਰ ਸੌ ਲੈ। ਉਸ ਨੇ ਕਿਹਾ, ਭਾਈ ਚਾਰ ਸੌ ਹੀ ਦੇਹ। ਉਹ ਖ਼ੁਸ਼ੀ ਨਾਲ ਪਤਨੀ ਦੇ ਸਾਹਮਣੇ ਗੱਦ ਗੱਦ ਹੋ ਰਿਹਾ ਸੀ। ਤਾਂ ਸੰਖ ਮਹਾਰਾਜ ਬੋਲੇ ਚਾਰ ਸੌ ਦਾ ਕੀ ਹੈ, ਅੱਠ ਸੌ ਲਵੋ। ਉਸ ਨੇ ਕਿਹਾ ਅੱਛਾ ਜੀ ਅੱਠ ਸੌ ਹੀ ਦੇਵੋ। ਤਾਂ ਸੰਖ ਨੇ ਕਿਹਾ, ਅੱਠ ਸੌ ਕੀ ਹੁੰਦੇ ਹਨ ਸੋਲਾਂ ਸੌ ਲਵੋ। ਭਾਵ ਇਹ ਕਿ ਜਿਤਨੇ ਉਹ ਮੰਗਦਾ ਜਾਂਦਾ ਸੰਖ ਦੂੱਗਣੇ ਲੈਣ ਲਈ ਕਹੀ ਜਾਂਦਾ। ਅੰਤ ਤੰਗ ਆ ਕੇ ਉਸ ਨੇ ਸੰਖ ਨੂੰ ਪੁੱਛ ਹੀ ਲਿਆ ਕਿ ਦੇਵੇਂਗਾ ਵੀ ਕਿ ਨਹੀਂ। ਇਸ ਤੇ ਸੰਖ ਨੇ ਕਿਹਾ ਮਹਾਰਾਜ ਦੇਣ ਲੈਣ ਲਈ ਸਾਡੇ ਪਾਸ ਕੁਝ ਨਹੀਂ ਹੈ ਅਸੀਂ ਤਾਂ ਗੱਪੜ ਸੰਖ ਹਾਂ। ਦੇਵਾਂਗੇ ਦੂੱਗਣੇ, ਜਿਤਨੇ ਮੰਗੋਗੇ।

ਨਾਰਦ ਮੁਨੀ :- ਲਾਈ ਬੁਝਾਈ ਕਰਨ ਵਾਲੇ ਨੂੰ ਕਹਿੰਦੇ ਹਨ। ਇਹ ਮਿਥਿਹਾਸ ਦਾ ਇੱਕ ਪਾਤਰ ਹੈ ਜੋ ਇਹ ਕੁਝ ਕਰਨ ਵਿਚ ਮਾਹਰ ਮੰਨਿਆ ਜਾਂਦਾ ਹੈ।

ਸਰਵਣ ਪੁੱਤ੍ਰ :- ਆਗਿਆਕਾਰੀ ਪੁੱਤਰ ਲਈ ਵਰਤਿਆ ਜਾਂਦਾ ਹੈ। ਇਹ ਮਿਥਿਹਾਸ ਦਾ ਇਕ ਪਾਤਰ ਹੈ ਜੋ ਆਪਣੇ ਮਾਪਿਆਂ ਨੂੰ, ਵਹਿੰਗੀ ਵਿਚ, ਚੁੱਕ ਕੇ ਤੀਰਥ ਯਾਤਰਾ ਵਾਸਤੇ ਲਈ ਫਿਰਦਾ ਰਿਹਾ ਹੈ। ਉਂਝ ਵਿਅੰਗ ਵਿਚ ਨ਼ਲਾਇਕ ਪੁੱਤਰਾਂ ਨੂੰ ਵੀ ਕਹਿੰਦੇ ਹਨ, ਸਰਵਣ ਪੁੱਤਰ।

ਸਤੀ ਸਵਿੱਤਰੀ :- ਮਿਥਿਹਾਸ ਵਿਚ ਪਤੀ ਪ੍ਰੇਮ ਦੀ ਮੂਰਤ ਮੰਨੀ ਜਾਂਦੀ ਹੈ ਜੋ ਆਪਣੇ ਪਤੀ ਨੂੰ ਜਮਰਾਜ ਪਾਸੋਂ ਵੀ, ਆਪਣੇ ਪਿਆਰ ਦੀ ਤਾਕਤ ਦੇ ਨਾਲ, ਮੋੜ ਲਿਆਈ ਸੀ।

ਇਹ ਸ਼ਬਦ ਵੀ ਹੁਣ ਵਿਅੰਗ ਵਿਚ ਆਚਰਨ ਤੋਂ ਡਿੱਗੀ ਹੋਈ ਪਤਨੀ ਦੇ ਲਈ ਵਰਤਿਆ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

ਭਾਸ਼ਾ ਵਿਗਿਆਨ ਦਾ ਦੂਜੇ ਵਿਗਿਆਨਾਂ ਅਤੇ ਗਿਆਨ ਸਾਸ਼ਤਰਾਂ ਦੇ ਨਾਲ ਸੰਬੰਧ

ਭਾਸ਼ਾ ਵਿਗਿਆਨ ਦਾ ਮੁੱਖ ਸਬੰਧ ਮਨੁੱਖ ਨਾਲ ਹੈ। ਇਸ ਲਈ ਇਸ ਦਾ ਸੰਬੰਧ ਮਨੁੱਖ ਨਾਲ ਸੰਬੰਧਤ ਦੂਸਰੇ ਵਿਗਿਆਨਾਂ ਅਤੇ ਗਿਆਨ ਸਾਸਤਰਾਂ ਦੇ ਨਾਲ ਹੋਣਾ ਸੁਭਾਵਕ ਹੀ ਹੈ। ਵਿਸ਼ੇਸ਼ ਕਰ ਕੇ ਮਨੋ-ਵਿਗਿਆਨ, ਮਾਨਵ-ਵਿਗਿਆਨ, ਇਤਿਹਾਸ ਅਤੇ ਭੂਗੋਲ ਦੇ ਨਾਲ। ਇਨ੍ਹਾਂ ਵਿਸ਼ਿਆਂ ਅਤੇ ਵਿਗਿਆਨਾਂ ਦਾ ਗਿਆਨ ਭਾਸ਼ਾ ਵਿਗਿਆਨੀ ਦੇ ਗਿਆਨ ਦੇ ਲਈ ਜ਼ਰੂਰੀ ਹੈ। ਇਨ੍ਹਾਂ ਵਿਸ਼ਿਆਂ ਦੇ ਗਿਆਨ ਦੇ ਲਈ ਵੀ ਭਾਸ਼ਾ ਵਿਗਿਆਨ ਦਾ ਗਿਆਨ ਅਤਿ ਹੀ ਗੁਣਕਾਰੀ ਹੈ। ਕਈ ਵਾਰ ਤਾਂ ਕੇਵਲ ਭਾਸ਼ਾ ਵਿਗਿਆਨ ਹੀ ਹੁੰਦਾ ਹੈ, ਜੋ ਇਨ੍ਹਾਂ ਦੇ ਗਿਆਨ ਦੀ ਪਰਾਪਤੀ ਦੇ ਲਈ ਸਹਾਈ ਹੁੰਦਾ ਹੈ। ਆਰੀਆਂ ਜਾਤੀ ਦਾ ਮੁੱਢਲਾ ਗਿਆਨ ਸਾਡੇ ਪਾਸ ਭਾਸ਼ਾ ਅਤੇ ਸ਼ਬਦਾਂ ਰਾਹੀਂ ਹੀ ਪੁੱਜਿਆ ਹੈ। ਜੇਕਰ ਭਾਸ਼ਾ ਅਤੇ ਸ਼ਬਦ ਸਾਨੂੰ ਵਿਰਸੇ ਵਿਚ ਨਾ ਮਿਲਦੇ ਤਾਂ ਸਾਨੂੰ ਆਰੀਆ ਜਾਤੀ ਦੇ ਮੁੱਢਲੇ ਜੀਵਨ, ਧਰਮ, ਸਮਾਜ ਅਤੇ ਵਾਸ-ਅਸਥਾਨ ਬਾਰੇ ਅਨੁਮਾਨ ਲਾਉਣਾ ਸੰਭਵ ਨਹੀਂ ਸੀ ਹੋਣ ਲੱਗਾ। ਆਓ, ਹੁਣ ਦੇਖੀਏ ਕਿ ਇਹ ਵਿਗਿਆਨ ਅਤੇ ਗਿਆਨ ਸ਼ਾਸਤਰ ਸਾਨੂੰ ਭਾਸ਼ਾ ਵਿਗਿਆਨ ਦੇ ਗਿਆਨ ਦੇ ਲਈ ਕਿਵੇਂ ਸਹਾਈ ਹੁੰਦੇ ਹਨ।

1. ਮਨੋ-ਵਿਗਿਆਨ :- ਭਾਸ਼ਾ ਤਾਂ ਕੇਵਲ ਸੰਕੇਤ ਮਾਤਰ ਹੈ। ਅਸਲ ਵਸਤੂ ਤਾਂ ਮਨੁੱਖ ਦੇ ਮਨੋ-ਭਾਵ ਹਨ। ਜਿੰਨ੍ਹਾਂ ਦੇ ਪ੍ਰਗਟਾਵੇ ਦੇ ਲਈ ਇਹ ਚਿੰਨ੍ਹ ਆਤਮਕ ਸੰਕੇਤ ਉਚਾਰਨ ਅੰਗਾਂ ਰਾਹੀਂ ਵਰਤੇ ਜਾਂਦੇ ਹਨ। ਵਿਚਾਰ ਪਹਿਲਾਂ ਮਨ ਵਿਚ ਉਤਪੰਨ ਹੁੰਦੇ ਹਨ ਫੇਰ ਮਨੁੱਖ ਉਨ੍ਹਾਂ ਵਿਚਾਰਾਂ ਦੇ ਪਰਗਟਾਵੇ ਦੇ

Sri Satguru Jagjit Singh Ji Elibrary NamdhariElibrary@gmail.com

ਲਈ ਢੁਕਵੇਂ ਅਤੇ ਠੀਕ ਠੀਕ ਸ਼ਬਦਾਂ ਦੀ ਭਾਲ ਕਰਦਾ ਹੈ ਅਤੇ ਉਚਾਰਦਾ, ਵਰਤਦਾ ਹੈ। ਮਨੁੱਖ ਦੀ ਮਨੋ-ਅਵਸਥਾ ਦਾ ਪ੍ਰਗਟਾਵਾ ਹੀ ਭਾਸ਼ਾ ਹੈ। ਇਸ ਲਈ ਮਨ ਦੇ ਵਿਗਿਆਨ ਦਾ ਗਿਆਨ ਭਾਸ਼ਾ-ਵਿਗਿਆਨੀ ਦੇ ਲਈ ਬਹੁਤ ਜ਼ਰੂਰੀ ਹੈ। ਮਨੋ-ਵਿਗਿਆਨ ਅਤੇ ਭਾਸ਼ਾ-ਵਿਗਿਆਨ ਦਾ ਬਹੁਤ ਹੀ ਨਿਕਟ-ਵਰਤੀ ਰਿਸ਼ਤਾ ਹੈ। ਦੋਹਾਂ ਵਿਗਿਆਨਾਂ ਦਾ ਗਿਆਨ ਨਾਲੋ ਨਾਲ ਚਲਦਾ ਹੈ।

2. ਮਾਨਵ-ਵਿਗਿਆਨ :- ਇਹ ਵਿਗਿਆਨ ਇਹ ਖੋਜਦਾ ਹੈ ਕਿ ਮਨੁੱਖ ਨੇ ਆਦਿ-ਕਾਲ ਤੋਂ ਹੁਣ ਦੀ ਆਪਣੀ ਅਵਸਥਾ ਤਕ ਕਿਸ ਕਿਸ ਤਰ੍ਹਾਂ ਵਿਕਾਸ ਦੇ ਪੌੜੇ ਤੈਅ ਕੀਤੇ ਹਨ। ਹੁਣ ਤੱਕ ਇਸਦਾ ਰਹਿਣ-ਸਹਿਣ ਕਿਵੇਂ ਦਾ ਰਿਹਾ, ਖਾਂਦ ਪੀਂਦਾ ਕੀ ਰਿਹਾ। ਸਮਾਜਕ ਜੀਵਨ ਕਿਵੇਂ ਸੀ। ਬੋਲਦਾ ਕਿਵੇਂ ਸੀ ਆਦਿ। ਭਾਸ਼ਾ ਵਿਗਿਆਨੀਆਂ ਨੇ ਭਾਸ਼ਾ ਅਤੇ ਲਿੱਪੀ ਦੀ ਲੜੀ ਨੂੰ ਫੜ ਕੇ ਪਿੱਛੇ ਵੱਲ ਨੂੰ ਮੁੜਨਾ ਸ਼ੁਰੂ ਕੀਤਾ ਅਤੇ ਚਲਦਿਆਂ ਚਲਦਿਆਂ ਅੱਜ ਮੋਹਜੋਦੜ੍ਹ ਦੀ ਪੂਰਬ-ਆਰੀਆ ਕਾਲ ਦੀ ਲਿੱਪੀ ਪੜ੍ਹ ਲਈ ਹੈ। ਇਸ ਤੋਂ ਉਸ ਵੇਲੇ ਦੇ ਮਾਨਵ-ਵਿਗਿਆਨ ਵਿਚ ਅੰਤਾਂ ਦੀ ਸਹਾਇਤਾ ਮਿਲੇਗੀ। ਅਤੇ ਭਾਸ਼ਾ ਵਿਗਿਆਨ ਵੀ ਅੱਗੇ ਵਧੇਗਾ।

3. ਇਤਿਹਾਸ :- ਭਾਸ਼ਾ ਦੀ ਸ਼ਬਦਾਵਲੀ ਵਾਸਤਵ ਵਿਚ ਆਪਣੀ ਲਪੇਟ ਵਿਚ ਸਾਰਾ ਪੂਰਬ-ਇਤਿਹਾਸ ਸੰਭਾਲੀਂ ਹੁੰਦੀ ਹੈ। ਇਸਦਾ ਵਿਸ਼ਲੇਸ਼ਨ ਦਰਸਾਂਦਾ ਹੈ ਕਿ ਕਿਹੜਾ ਸ਼ਬਦ ਕਦੋਂ ਅਤੇ ਕਿਸ ਜਾਤੀ ਦੇ ਆਉਣ ਦੇ ਨਾਲ ਆਇਆ ਹੈ। ਉਸ ਸਮੇਂ ਦੇਸ਼ ਦੀ ਹਾਲਤ ਕੀ ਸੀ ਜਾਂ ਫੇਰ ਕਿਹੜਾ ਸ਼ਬਦ ਕਿਸ ਵਿਸ਼ੇਸ਼ ਘਟਨਾ ਦੇ ਵਾਪਰਨ ਦੇ ਨਾਲ ਉਤਪੰਨ ਹੋਇਆ। ਜਾਂ ਪੰਜਾਬੀ ਭਾਸ਼ਾ ਵਿਚ ਕਦੋਂ ਫ਼ਾਰਸੀ - ਅਰਬੀ - ਤੁਰਕੀ - ਅੰਗਰੇਜ਼ੀ ਆਦਿ ਭਾਸ਼ਾਵਾਂ ਦੀ ਸ਼ਬਦਾਵਲੀ ਦਾ ਪ੍ਰਵੇਸ਼ ਹੋਇਆ। ਇਹ ਵੀ ਇਤਿਹਾਸ ਦੇ ਪੰਨੇ ਹੀ ਦਸਣਗੇ। ਜੇਕਰ ਇਤਿਹਾਸ ਇਹ ਸਭ ਗੁਵਾ ਦੇਵੇ ਤਾਂ ਇਹ ਖੱਪਾ ਫੇਰ ਭਾਸ਼ਾ ਦੀ ਸ਼ਬਦਾਵਲੀ ਪੂਰਾ ਕਰੇਗੀ।

ਕਦੋਂ ਅਤੇ ਕੇਹੜੀ ਭਾਸ਼ਾ ਪੰਜਾਬ ਦੀ ਰਾਜ ਭਾਸ਼ਾ ਬਣੀ? ਇਹ ਵੀ ਇਤਿਹਾਸ ਹੀ ਦੱਸ ਸਕਦਾ ਹੈ। ਜਾਂ ਕਦੋਂ ਅਤੇ ਕੌਣ ਪੰਜਾਬ ਤੇ ਰਾਜ ਕਰਦਾ ਸੀ, ਇਹ ਸੰਕੇਤ ਭਾਸ਼ਾ ਵਿਗਿਆਨ ਦੇ ਸਕਦਾ ਹੈ। ਇਸ ਲਈ ਇਤਿਹਾਸ ਦਾ ਭਾਸ਼ਾ ਵਿਗਿਆਨ ਦੇ ਨਾਲ ਗੂੜ੍ਹਾ ਸੰਬੰਧ ਹੈ।

Sri Satguru Jagjit Singh Ji Elibrary NamdhariElibrary@gmail.com

ਕਿਸੇ ਭਾਸ਼ਾ ਦੀ ਸ਼ਬਦਾਵਲੀ ਉਸ ਭਾਸ਼ਾ ਦੇ ਬੋਲਣ ਵਾਲਿਆਂ ਦੇ **ਸਮਾਜਿਕ ਇਤਿਹਾਸ** ਦਾ ਸ਼ੀਸ਼ੀ ਹੁੰਦੀ ਹੈ। ਉਦਾਹਰਨ ਵਜੋਂ, ਸਾਡੀ ਭਾਸ਼ਾ ਵਿਚ ਨਜਾਇਜ਼ ਸੰਤਾਨ ਦੇ ਲਈ ਕੋਈ ਸ਼ਬਦ ਨਹੀਂ ਹੈ। ਇਸ ਤਰ੍ਹਾਂ ਵਿਧਵਾ ਦੇ ਵਿਪ੍ਰੀਤ ਕੋਈ ਸ਼ਬਦ ਨਹੀਂ ਹੈ ਕਿਉਂਜੁ ਮਰਦ ਦੀਆਂ ਤਾਂ ਇਸਤ੍ਰੀਆਂ ਹੀ ਕਈ ਕਈ ਹੋਇਆ ਕਰਦੀਆਂ ਸਨ ਇਸ ਲਈ ਉਸ ਲਈ ਸ਼ਬਦ ਰੰਡਾ ਬਹੁਤ ਬਾਅਦ ਵਿਚ ਪਰਚਲਤ ਹੋਇਆ ਹੈ। ਨਾਲੇ ਮਰਦ ਕੇਹੜਾ ਵਿਧਵਾ ਵਾਂਗ ਸਤੀ ਹੋਣਾ ਹੁੰਦਾ ਸੀ। ਹੋਰ ਵਿਆਹ ਕਰ ਲੈਂਦਾ ਸੀ। ਸ਼ਬਦਾਵਲੀ ਸਾਡੇ ਸਭਿਆਚਾਰਕ ਇਤਿਹਾਸ ਤੇ ਵੀ ਰੋਸ਼ਨੀ ਪਾ ਸਕਦੀ। ਸਾਡੀ ਭਾਸ਼ਾ ਵਿਚ ਸਭਾ ਪਤੀ ਤਾਂ ਹੈ ਪਰ ਇਸਦਾ ਇਸਤਰੀ ਲਿੰਗ ਨਹੀਂ ਹੈ।

ਪੰਜਾਬੀ ਵਿਚ ਪੀਰਾਂ ਦਿੱਤਾ, ਸਾਈਂ ਦਿੱਤਾ, ਦਾਤਾ ਬਖ਼ਸ਼, ਰੋਸ਼ਨ, ਨਾਜ਼ਰ, ਗੁਲਜ਼ਾਰ, ਇਕਬਾਲ, ਨੌਬਤ ਰਾਏ, ਬਖ਼ਸ਼ੀਸ਼ ਸਿੰਘ, ਸ਼ਮਸ਼ੇਰ ਸਿੰਘ, ਬਖਤੌਰ ਸਿੰਘ, ਮੁਖ਼ਤਿਆਰ ਸਿੰਘ ਕੁਝ ਨਾ ਕਦੋਂ ਪੰਜਾਬੀ ਹਿੰਦੂ, ਮੁਸਲਮਾਨ ਅਤੇ ਸਿਖ ਵਸੋਂ ਦੇ ਸਾਂਝੇ ਹੋ ਗਏ ? ਇਹ ਵਿਚਾਰ ਸਾਡੇ ਸਾਹਮਣੇ ਇਤਿਹਾਸ ਦੇ ਪੰਨੇ ਖੋਲ੍ਹ ਦੇਣਗੇ।

4. **ਭੂਗੋਲ** :- ਭਾਸ਼ਾ ਦਾ ਸੰਬੰਧ ਮਨੁੱਖ ਦੇ ਉਚਾਰਨ ਅੰਗਾਂ ਦੇ ਨਾਲ ਹੈ। ਉਚਾਰਨ ਅੰਗਾਂ ਦੀ ਬਣਤਰ ਅਤੇ ਕਿਰਿਆ ਵੱਖ ਵੱਖ ਭੂਗੋਲਕ ਖੰਡਾਂ ਵਿਚ ਵੱਖ ਵੱਖ ਹੁੰਦੀ ਹੈ। ਪੌਣ ਪਾਣੀ ਦਾ ਪਰਭਾਵ ਇਸ ਦੀਆਂ ਬਣਤਰਾਂ ਤੇ ਪੈਂਦਾ ਹੈ। ਜਿਵੇਂ ਰੇਤ-ਥਲਾਂ ਵਿਚ ਗਰਮੀ ਕਾਰਨ ਜ਼ਿਆਦਾ ਮੂੰਹ ਖੁਲ੍ਹ ਸਕਦਾ ਹੈ। ਇਸ ਲਈ ਅਰਬੀ ਦਾ ਉਚਾਰਨ ਅਧਿਕ ਮੂੰਹ ਖੋਲ੍ਹਿਆਂ ਹੁੰਦਾ ਹੈ। ਪਹਾੜ ਵਿਚ ਠੰਡ ਅਧਿਕ ਹੋਣ ਕਰਕੇ, ਮੂੰਹ ਜ਼ਿਆਦਾ ਖੋਲ੍ਹਣਾ ਔਖਾ ਹੋਣ ਕਰਕੇ ਭਾਸ਼ਾ ਤਰਲ ਜਹੀ ਹੁੰਦੀ ਹੈ। ਅਰਬੀ ਬੋਲਣ ਵਾਲੇ ਮਨੁੱਖ ਉਚਾਰਨ ਲਈ ਮੂੰਹ ਟਡ ਕੇ ਉਚਾਰਨਗੇ। "ਆਦਮ"। ਪਹਾੜ ਵਾਸੀ ਤਰਲਤਾ ਜਿਹੀ ਵਿਚ ਉਚਾਰੇਗਾ "ਮਾਣੂ"।

ਪੰਜਾਬੀ ਦੇ ਘ, ਢ, ਧ, ਝ ਅਤੇ ਭ ਆਦਿ ਦਾ ਉਚਾਰਨ ਸ਼ਾਇਦ ਹੀ ਹੋਰ ਕਿਸੇ ਭਾਸ਼ਾ ਵਿਚ ਹੋਵੇ। ਇਸੇ ਤਰ੍ਹਾਂ ਹਰ ਭਾਸ਼ਾ ਵਿਚ ਕੁਝ ਵਿਸ਼ੇਸ਼ ਭਿੰਨ ਉਚਾਰਨ ਹੁੰਦੇ ਹਨ ਅਤੇ ਕੁਝ ਨਹੀਂ ਹੁੰਦੇ। ਦੁਆਬਿਆਂ, ਘਾਟੀਆਂ, ਸਾਗਰ ਤੱਟਾਂ, ਰੇਗਸਤਾਨਾਂ ਅਤੇ ਪਹਾੜਾਂ ਦੇ ਵਾਸੀਆਂ ਦੀ ਭਾਸ਼ਾ ਤੇ ਉਨ੍ਹਾਂ ਖੰਡਾ ਦੀ ਭਿੰਨਤਾ ਕਰਕੇ ਭਿੰਨ ਪ੍ਰਭਾਵ ਹੁੰਦਾ ਹੈ। ਭੂਗੋਲ ਦਾ ਗਿਆਨ ਸਾਡੀ ਇਸ ਖੇਤਰ

Sri Satguru Jagjit Singh Ji Elibrary NamdhariElibrary@gmail.com

ਵਿਚ ਸਹਾਇਤਾ ਕਰਦਾ ਹੈ।

ਮੌਸਮ ਅਤੇ ਪੌਣ ਪਾਣੀ ਦਾ ਪਰਭਾਵ ਉਨ੍ਹਾਂ ਖੰਡਾਂ ਦੇ ਵਾਸੀਆ ਦੇ ਰਹਿਣ ਸਹਿਣ ਅਤੇ ਭੋਜਨ ਪੋਸ਼ਣ ਤੇ ਪੈਂਦਾ ਹੈ ਇਸ ਸਭ ਕੁਝ ਦਾ ਭਾਸ਼ਾ ਤੇ। ਸਿੱਧ ਹੋਇਆ ਕਿ ਇਹ ਦੋਵੇਂ, ਭੂਗੋਲ ਅਤੇ ਭਾਸ਼ਾ-ਵਿਗਿਆਨ ਇਕ ਦੂਜੇ ਤੇ ਨਿਰਭਰ ਕਰਦੇ ਹਨ।

Sri Satguru Jagjit Singh Ji Elibrary NamdhariElibrary@gmail.com

ਸੰਦਰਭ ਪੁਸਤਕ - ਸੂਚੀ

ਅੰਗਰੇਜ਼ੀ

1. Modern linguists by Neil Smith and Deidre
2. The story of Language by C.L. Barber
3. Our Language by Simeon Potter
4. Semantics by Geoffery Leach
5. Phonetics by J.D. O'Connor
6. An Inquiry into Meaning and Truth By Bertrand Russell
7. Courses in General Languistics by Ferdinand De Saussure
8. Sociolinguistics, An Introduction By Peter Trudgill
9. Words and Their Ways in English Speech By James Bradstreet Greenough & George Lyman Kitterdge.
10. The English Language By Logan Pearsall Smith
11. Aspects of the Theory of Syntax By N. Chomsky.
12. Sounds and Signs By A. Kondratov
13. The Brahui Language By M.S. Andronov
14. Essays on Linguistics By Progres Publishers Moscow
15. From Proverb to Folk-Tale By G.L. Permyakov.
16. Shahpuri Kangri Glossary By J. Wilson

Sri Satguru Jagjit Singh Ji Elibrary NamdhariElibrary@gmail.com

17. Multani Glossary By B.E. O'Briev
18. An English Panjabi Dictionary By T. Grahame Baily
19. The Random House Dictionary of the English Language.
20. The Panjabi Dictionary By. Maya Singh
21. Indo-Iranian and Hindi By Suniti Kumar Chatterjee.
22. Grierson on Panjabi By Langugage Deptt. Pb. PTA.
23. An Introduction to Comparative Philology By P.D. Gune
24. Dialectics of Nature By F. Engels
25. Select Papers By S.K. Chatterjee.

ਪੰਜਾਬੀ

1. ਮੈਂ ਧਰਤੀ ਪੰਜਾਬ ਦੀ–ਨਰਿੰਦਰ ਧੀਰ
2. ਪੰਜਾਬੀ ਭਾਸ਼ਾ ਦਾ ਵਿਕਾਸ਼ – ਦੁਨੀ ਚੰਦ
3. ਪੰਜਾਬੀ ਸ਼ਬਦਾਰਥ ਦੀ ਰੂਪ ਰੇਖਾ-ਸੁਰਜੀਤ ਖ਼ੁਰਸੀਦੀ
4. ਭਾਸ਼ਾ ਵਿਗਿਆਨ–ਡਾ. ਆਤਮ ਸਿੰਘ
5. ਪੰਜਾਬੀ ਬੋਲੀ ਤੇ ਭਾਸ਼ਾ ਵਿਗਿਆਨ – ਸੋਹਨ ਸਿੰਘ ਜੋਸ਼
6. ਪੰਜਾਬ ਤੇ ਪੰਜਾਬੀ ਉਤੇ ਪਏ ਬਦੇਸੀ ਪ੍ਰਭਾਵ–ਪ੍ਰੀਤਮ ਸਿੰਘ
7. ਪੰਜਾਬੀ ਨਿਰੁਕਤੀ – ਜੀ. ਐਸ. ਰਿਆਲ
8. ਰੁਪਾਂਤਰੀ ਵਿਆਕਰਨ –ਡਾ. ਹਰਕੀਰਤ ਸਿੰਘ
9. ਮੁਹਾਵਰਾ ਤੇ ਅਖਾਣ ਕੋਸ਼ – ਤਾਰਨ ਸਿੰਘ, ਦਰਸ਼ਨ ਸਿੰਘ ਆਵਾਰਾ
10. ਸ਼ਬਦਾਂ ਦੀ ਪੈੜ–ਜੀ. ਐਸ. ਰਿਆਲ
11. ਸਹੁਜ ਪ੍ਰਬੋਧ–ਡਾ. ਸੋਹਿੰਦਰ ਸਿੰਘ ਬੇਦੀ (ਵਣਜਾਰਾ ਬੇਦੀ)
12. ਪੰਜਾਬੀ ਤੇ ਹੋਰ ਭਾਸ਼ਾਵਾਂ (ਸੰਗ੍ਰਹਿ) ਭਾਸ਼ਾ ਵਿਭਾਗ, ਪੰਜਾਬ
13. ਸ਼ਬਦ ਚਮਤਕਾਰ ਅਰਥਾਤ ਭਾਸ਼ਾ ਵਿਗਿਆਨ –ਗਿ. ਰਾਮ ਸਿੰਘ
14. ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ–ਪ੍ਰੇਮ ਪ੍ਰਕਾਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com

15. ਪੰਜਾਬੀ ਭਾਸ਼ਾ ਵਿਗਿਆਨ—ਕਾਲਾ ਸਿੰਘ ਬੇਦੀ
16. ਪੰਜਾਬੀ ਬੋਲੀ ਦਾ ਇਤਿਹਾਸ — ਪਿਆਰਾ ਸਿੰਘ ਪਦਮ
17. ਪੰਜਾਬੀ ਬੋਲੀ ਦੀ ਵਿਸ਼ੇਸ਼ਤਾ — ਪੰ. ਕਰਤਾਰ ਸਿੰਘ ਦਾਖਾ
18. ਸ਼ਬਦ-ਜੋੜ ਅੰਕ-ਪੰਜਾਬੀ ਦੁਨੀਆਂ (ਮਾਸਕ) ਭਾਸ਼ਾ ਵਿਭਾਗ ਪੰਜਾਬ
19. ਗੁਰਸ਼ਬਦ ਰਤਨਾਕਰ—ਮਹਾਨ ਕੋਸ਼—ਡਾ. ਕਾਨ੍ਹ ਸਿੰਘ ਨਾਭਾ

ਉਰਦੂ

1. ਲੁਗ਼ਾਤ-ਏ-ਕਿਸ਼ੋਰੀ—ਨਵਲ ਕਿਸ਼ੋਰ ਪ੍ਰੈਸ
2. ਤਲਮੀਹਾਤ—ਮਹਿਮੂਦ ਨਿਆਜ਼ੀ
3. ਪੰਜਾਬ ਮੈਂ ਉਰਦੂ — ਮਹਿਮੂਦ ਸ਼ੀਰਾਨੀ
4. ਸਰਗੁਜ਼ਸਤ-ਏ-ਅਲਫ਼ਾਜ਼—ਅਹਿਮਦ ਦੀਨ
5. ਉਰਦੂ ਮੁਹਾਵਰੇ—ਫ਼ਖ਼ਰ-ਉ-ਦੀਨ ਸੱਦੀਕੀ
6. ਕਹਾਵਤ ਔਰ ਕਹਾਣੀ—ਡਾ. ਪ੍ਰੇਮੀ ਸੈਫ਼ੀ
7. ਦਿੱਲੀ ਕੀ ਬੈਗਮਾਤੀ ਜ਼ੁਬਾਨ — ਮਹੀ-ਉ-ਦੀਨ ਹਸਨ
8. ਹਮਾਰੇ ਮੁਹਾਵਰੇ —ਡਾ. ਪ੍ਰੇਮੀ ਸੈਫ਼ੀ
9. ਪਾਕਿਸਤਾਨ ਕੀ ਕੌਮੀਅਤੇਂ—ਯੂਰੀ ਗੇਗੋਂਵਸਕੀ
10. ਕੈਫ਼ੀਆ—ਬ੍ਰਿਜਮੋਹਨ ਦਤਾਤਰੀਆ ਕੈਫ਼ੀ
11. ਹਿੰਦੁਸਤਾਨੀ ਲਿਸਾਨੀਆਤ - ਡਾ. ਮ.ਕ. ਜ਼ੋਰ
12. ਮਨਸ਼ੂਰਾਤ-ਏ-ਕੈਫ਼ੀ - ਬ੍ਰਿਜਮੋਹਨ ਦਤਾਤਰੀਆ ਕੈਫ਼ੀ
13. ਜਾਮੇਅਉਲ ਲੁਗਾਤ
14. ਫ਼ੀਰੋਜ਼ਉਲ ਲੁਗਾਤ
15. ਆਬ-ਏ-ਹਿਆਤ - ਮੁਹਮਦ ਹਸਨ ਆਜ਼ਾਦ
16. ਸੁਖ਼ਨਦਾਨ-ਏ-ਫ਼ਾਰਸ - ਮੁਹਮਦ ਹਸਨ ਆਜ਼ਾਦ
17. ਲਿੱਸਾਨੀਆਤੀ ਜਾਇਜ਼ੇ - ਡਾ. ਇਸਮਤ ਜਾਵੇਦ

Sri Satguru Jagjit Singh Ji Elibrary NamdhariElibrary@gmail.com

ਸ਼ਬਦ ਵੇਰਵਾ (ਇੰਡੈਕਸ)

ੳ

ਉਡਣਾ 38
ਉਸਤਾਦ 40
ਉੱਲੂ 81
ਉਮੀਦਵਾਰ 90

ਅ

ਅਮਲ 31
ਆਵਾਗੌਣ 33, 42, 106
ਅਖ਼ਬਾਰ 34
ਅਭਿਆਸ 35
ਅੰਬ 36
ਅੱਕ 36
ਆਕੜ 36
ਅੱਖ 37
ਅੰਗੂਰ 38
ਅਲਗ਼ਰਜ਼ 43
ਅੰਤਰਲੀਨ 46
ਅਪੀਲ 46
ਆਰਡਰ 46
ਅਰਬੀ 46
ਅਲਾਰਮ 55
ਅੱਲ 55
ਆਸ ਮੁਰਾਦ 56
ਅੱਖ, ਤੌਂ 67
ਅੱਡੀ, ਤੌਂ 68
ਆਵਾ 74
ਅਦਾਲਤ 91
ਔਤ ਪ੍ਰੇਤ 106
ਅਰਦਾਸ 106
ਅਖਾੜਾ 112
ਆਸਣ 113
ਆਨਾ 132

ੲ

ਇਲਤ 42
ਈਸੀਤਾਰ 78
ਈਸਾਈ 105
ਇਸਤੰਜਾ 114

Sri Satguru Jagjit Singh Ji Elibrary NamdhariElibrary@gmail.com

ਇੰਦਰੀ 128
ਇਤਿਹਾਸ 161

ਸ

ਸਾਲਾ 31
ਸੂਰਦਾਸ 31
ਸਿਆਣਾ 31
ਸਾਹਿਬ 32
ਸ਼ੀਰਨੀ 33, 134
ਸਿਆਹੀ 34
ਸਰਫ਼ਾ 35
ਸ਼ਹਿਬਾਲਾ 35
ਸਿੱਟਾ 36
ਸੁਰ 36
ਸ਼ਲੋਕ ਸੁਣਾਉਣੇ 40
ਸ਼ੋਅ 41
ਸ਼ਮਸ਼ਾਨ 51
ਸਭਿਅਤਾ 51
ਸਬਜ਼ੀ 52
ਸ਼ਾਵਾ 54
ਸਫਲਤਾ 54
ਸੰਤ 59, 113
ਸ਼ਲਵਾਰ 70
ਸਿਹਰਾ 70
ਸੁਨਿਆਰੇ 76
ਸੁਹਾਗਾ 76
ਸਿੰਗ ਫਸਾਉਣੇ 76
ਸੇਹ 82
ਸਾਹਿਬ 106
ਸਾਹਿਬਜ਼ਾਦਾ 106
ਸੋਧ 113
ਸੁਵਰਗਵਾਸ 127
ਸੂਰਮਾ ਸਿੰਘ 127
ਸਿਸਕਾਰ 127
ਸੀਨ ਦੀ ਹੋਣੀ 135
ਸਾਹਿਬ ਸਲਾਮ 141
ਸੂਬੇਦਾਰ 142
ਸਹਿਣਕ 142
ਸਿੱਟ ਪਾਉਣੀ 151
ਸ਼ੋਅ ਹੋਣੀ 151
ਸ਼ਾਹ ਬਹਿਰਾਮ 156
ਸ਼ੇਖ਼ ਚਿੱਲੀ 157
ਸਤੀ ਸਾਵਿੱਤਰੀ 160
ਸਮਾਜਕ ਇਤਿਹਾਸ 163

ਹ

ਹਵਾ 36
ਹਜ਼ਰਤ 40
ਹਾਈਬਰਿਡਇਜ਼ਮ 45
ਹਵਾਲਾਤੀ 49
ਹਲਵਾ 51
ਹਲਵਾਈ 51
ਹੂਰਾਂਪਰੀ 56
ਹਾਂਡੀ 86
ਹੜਤਾਲ 89
ਹਜ਼ੂਰ 106
ਹੱਮ 134
ਹਾੜ੍ਹਾ 141
ਹਰਾਮੀ 148

Sri Satguru Jagjit Singh Ji Elibrary NamdhariElibrary@gmail.com

ਕ

ਕੁਰਸੀ	30
ਕਤਲ	34, 37
ਕਲਮ	37
ਕਮਰਕੱਸਾ	70
ਕਰਤਾ	70
ਕੱਟਾ	85
ਕੋਇਲ	83
ਕੂੰਜਾ	87
ਕਬਾਬ	88
ਕੌਡੀ	131
ਕੰਜਰ, ਕੰਜਰੀ	132
ਕਾਠ ਮਾਰਨਾ	134
ਕਾਨੀ	142
ਕੜਾਹ	142
ਕੱਫ਼ਨ	148
ਕੰਜੂਸ	157

ਖ

ਖ਼ੂਨ	37
ਖ਼ੁਸਰਾ	54
ਖ਼ੁਆਜਾ ਸਰਾ	54
ਖੇਤਾ	79
ਖੇਰ	81
ਖੁਰਾ ਖੋਜ	81
ਖਰਤਾ	90
ਖ਼ੰਜਰ	102
ਖ਼ਰਗੋਸ਼	133
ਖ਼ਾਕੀ	133
ਖ਼ਰਾਸ਼	142
ਖ਼ੁਸ਼ਾਮਦ	148

ਗ

ਗੋਦੀ	37
ਗੁਰੂ	40
ਗੁਰਮਤਾ	40
ਗਰੰਥ	53, 137
ਗੋਸ਼ਟੀ	53
ਗੁਲਾਲ	75
ਗਰੰਥੀ	101
ਗਰੰਥ ਸਾਹਿਬ	101
ਗਜਾ	112
ਗੱਡ ਹੋਣਾ	134
ਗੁਦਾਮ	141
ਗੋਤ ਕਨਾਲਾ	141
ਗੰਢਾ	143
ਗਹਾਈ	146
ਗਪੌੜ ਸੰਖ	159

ਘ

ਘੋੜੀ	37, 83, 84
ਘੜੀ	74
ਘੁਮਾਰ	101
ਘਰਾਟ	142
ਘਗਰਾ	146
ਘੁਸ ਪੈਠ	154

Sri Satguru Jagjit Singh Ji Elibrary NamdhariElibrary@gmail.com

ਚ

ਚਾਕ 32
ਚਮਚਾ 32, 86
ਚਕਲਾ 37
ਚਰਾਗ਼ 43
ਚੌਧਰੀ 53
ਚੌਗਿਰਦੇ 73
ਚਾਲ ਚਲਣਾ 75
ਚੌਕੜੀਆਂ 81
ਚਿਮਟਾ 87
ਚੱਪਣੀ 87
ਚਾਕੂ 102
ਚਾਹਟਾ 113
ਚੀਤਾ 128
ਚਾਦਰ ਪਾਉਣੀ 135
ਚੌਕੀ 136
ਚੜਸ 141
ਚੰਡਾਲ 142

ਛ

ਛਕਣਾ 33
ਛਾਤੀ, ਤੋਂ 68
ਛਿੱਤਰ 71
ਛਾਣ-ਬੀਣ 87
ਛਾਪਾ ਮਾਰਨਾ 138

ਜ

ਜੈਂਟਰ ਮੈਨ 41
ਜ਼ੋਰਾ ਜ਼ਰਬੀ 57
ਜੀਭ 66
ਜ਼ਬਾਨ 66
ਜੁਰਮ 92
ਜੈਨ 105
ਜਟਾਂ 112
ਜੱਲਧਾਰਾ 112
ਜੁਆਈ 128
ਜਸੂਸ 133
ਜੀਜਾ 133
ਜਲਪਾਨ 136
ਜਾਂਘੀਆ 141

ਝ

ਝੋਕਾ 75
ਝੁਰਲੂ 77

ਟ

ਟੀ ਪਾਰਟੀ 38
ਟੈਕਸੀ 43
ਟਿਕਟ ਘਰ 57
ਟੌਹਰਾ 72
ਟਕਾ 96
ਟੇਢੀ ਖੀਰ 154

ਠ

ਠੇਕਾ 37

ਡ

ਡਰਨਾ 38
ਡਿੱਸ਼ 44

Sri Satguru Jagjit Singh Ji Elibrary NamdhariElibrary@gmail.com

ਡਾਇਰੀ 43
ਡੱਬਾ 55
ਡਬਲ ਰੋਟੀ 57
ਡੁੱਕਣਾ 74
ਡੰਗ ਮਾਰਨਾ 81
ਡੋਲੀ 150
ਡੂਮ ਡਰਾਬੇ 158

ਢ

ਢਿਡ, ਤੋਂ 68
ਢਕਣ 87, 71
ਢੀਂਗਰੀ 125, 129

ਤ

ਤੇਲ 32, 52
ਤਿਕੋਨ 53
ਤੀਰਥ 54
ਤਹਿਮਦ 56, 141
ਤੀਰ 77, 115
ਤਮਾਕੂ 79
ਤਾਂਘੜਨਾ 81
ਤੱਕਾਲਾ 82
ਤਿੱਲ 85
ਤੋੜੀ 82
ਤਫ਼ਤੀਸ਼ 92
ਤਲਾਸ਼ੀ 92
ਤਨਕੀਅ 92
ਤਲਵਾਰ 102
ਤਵਾ 141
ਤ੍ਰਿੰਜਣ 146
ਤਵੀਤ 151

ਥ

ਥਾਣੇ 76

ਦ

ਦਲਾਲ 30
ਦੇਗ 43, 86
ਦੀਵਾ 34
ਦੰਮ 38
ਦਫ਼ਣਾ ਦੇਣੀ 40
ਦਮੜੀ 53
ਦੰਦਾਂ, ਤੋਂ 68
ਦਾੜ੍ਹੀ, ਤੋਂ 68
ਦੁਪੱਟੇ 71
ਦੱਦ 96
ਦਾਰੂ 127
ਦਸਤਾਨਾ 137
ਦਰੋਪਦੀ 156

ਧ

ਧਾਰ 36
ਧਰਮਸ਼ਾਲਾ 51
ਧੋਬੀ ਪਟਕਾ 101
ਧਰਮ ਪਤਨੀ 138

ਨ

ਨਕਸ਼ੇ-ਨਜ਼ਰ 38
ਨਿਗਾਹ 38
ਨਿਰੁਕਤੀ 50

Sri Satguru Jagjit Singh Ji Elibrary NamdhariElibrary@gmail.com

ਨੰਨਦ 52
ਨਿਪੁੰਨ 52
ਨੈਣ ਨਕਸ਼ 56
ਨੂੰਹ 56, 116
ਨੌਹ ਪਾਲਿਸ਼ 57
ਨਮਾਣੀ ਟਪਾਣੀ 79
ਨਿਆਣਾ 84
ਨੱਥ 132
ਨਾਰਦਮੁਨੀ 160

ਪ

ਪੂਰਬੀਆ 29
ਪੂਰਬਣ 29
ਪੇਸ਼ਾ 41
ਪਤਿਆਉਣਾ 34
ਪੱਟੀ ਮੇਸਣੀ 37, 90
ਪੀਰ 39
ਪਰਜਾ ਪੱਤ 39
ਪੈਂਠ 43
ਪਗੜੀ 52, 57
ਪਰਵੀਨ 52
ਪੱਤਰ 53, 137
ਪੱਖਾ 54
ਪੱਤਨ 54
ਪੰਜਵਾਂ ਕਾਲਮ 57
ਪੋਰ 58, 57
ਪੈਰਾਂ, ਤੋਂ 68
ਪਹਿਰਾਵੇ 70
ਪੱਤੇਬਾਜ਼ 73
ਪੇਈਏ 78
ਪਤੀਲਾ 86
ਪੱਟੀ ਪੜ੍ਹਾਉਣੀ 90
ਪਾਠੀ 101
ਪਾਖੰਡੀ 105
ਪਨਾਹਗੀਰ 109
ਪਰੌਹਣਾ 38, 128
ਪਾਈ 132, 140
ਪੇਜਾ 142
ਪੜ੍ਹਹੀ 142
ਪੱਖਾ ਪਾਉਣਾ 147

ਫ

ਫੁੱਲ 37
ਫੱਕਰ 42
ਫਾਰਮੀ 42
ਫੀਮ 52
ਫ਼ਿਲਮ 98
ਫ਼ਾਉਲ 107
ਫ਼ਾੜੀ 107

ਬ

ਬੁਆਏ 30
ਬਾਲਮੀਕੀ 31
ਬਜ਼ੁਰਗ 31
ਬੰਦਾ 34
ਬੁਧੂ 34
ਬਾਬਾ ਗੁਰੂ 40
ਬੀਬੀ 42
ਬੋਤਲ 43
ਬਾਬਾ 44

ਬੂਝੜ 54
ਬੂੱਚੜ 101
ਬੱਤੀ 32, 134
ਬਰਬਾਦ 55, 145
ਬਾਘ, ਬਘਿਆੜ 82
ਬੋਤੇ ਦਾ ਬੁਲ੍ਹ 68
ਬਰਕਤ 128
ਬਹੁਤੇ 128
ਬਰਾਦਰੀ 133
ਬੁਜ਼ਦਿਲ 133
ਬੋਤੀ 135
ਬਾਹੂਬੱਲ 137
ਬੋਕੇ 142
ਬੂੜੀਆ 147
ਬੀੜਾ ਚੁੱਕਣਾ 156
ਬਾਂਦਰ ਵੰਡ 158

ਭ

ਭਈਆ 30
ਭਾਈ ਜੀ 32
ਭੀੜ 37
ਭਾੜਾ 37
ਭੇਡਚਾਲ 81
ਭੈਣ ਜੀ 94
ਭਬੂਤੀ 112
ਭਰਜਾਈ 128
ਭੋਜ ਪੱਤਰ 121
ਭੀਮ 155
ਭੂਗੋਲ 163

ਮ

ਮੁੰਡੂ 29
ਮਾਮਾ 31
ਮਜ਼ਹਬੀ 31
ਮਹਿਲ 32
ਮੰਦਰ 32
ਮਾਸਟਰ 34
ਮਿਹਤਰ 39
ਮੇਮ ਸਾਹਿਬ 42
ਮਿਥਿਆ 59
ਮੱਥੇ, ਤੋਂ 67
ਮੂੰਛ, ਤੋਂ 68
ਮਿੱਟੀ ਪਾਉਣੀ 73
ਮਿੱਟੀ ਪੁੱਟਣੀ 73
ਮੋਮ ਬੱਤੀਆਂ 75
ਮਜਾਵਰ 79
ਮੱਖੀਆਂ ਮਾਰਨੀਆਂ 81
ਮਿਰਗ ਨੈਣੀ 82
ਮੱਕੜਾ ਮਾਰਨਾ 84
ਮਸਾਲਾ 88
ਮੁਖ਼ਬਰ 92
ਮਕਤਬ 93
ਮਰਾਸੀ 101
ਮੁਸਲਮਾਨ 105
ਮੀਰੀ 107
ਮਹਾਂਪਰਸ਼ਾਦ 128, 143
ਮਾਂ-ਮਹਿਟਰ 131
ਮੋਹਰ 132

Sri Satguru Jagjit Singh Ji Elibrary NamdhariElibrary@gmail.com

ਮਾਦਰ 133
ਮੁਨਸ਼ੀ 141
ਮਦਰਸਾ 142
ਮੱਖੀ ਚੂਸ 157
ਮਗਰਮੱਛ ਦੇ ਹੰਝੂ 159
ਮਨੋ ਵਿਗਿਆਨ 161
ਮਾਨਵ ਵਿਗਿਆਨ 162

ਯ

ਯੁਧਿਸ਼ਟਰ 156
ਯੂਸਫ 156

ਰ

ਰਖੇਲ 32
ਰਾਜਾ 39
ਰਿਸ਼ਤੇਦਾਰ 43, 128
ਰੰਨ ਮੁਰੀਦ 57
ਰੁਮਾਲ 70
ਰੁੱਖੜਾ 76
ਰਕਾਬੀ 87, 142
ਰਵਾਨਾ 92
ਰਪਟ 92
ਰਾਮ ਕਹਾਣੀ 105
ਰਾਮ ਰੌਲਾ 106
ਰਿਕਾਰਡ 107
ਰਕੀਬ 149
ਰੁਸਤਮ 157

ਲ

ਲੜਕੀ 30
ਲਾਣਾ 55
ਲਹੂ, ਤੌਂ 68
ਲੰਗੋਟ 71
ਲਫਾਫ਼ਾ 74
ਲਫਾਫ਼ਾ ਬਜ਼ੀਆਂ 74
ਲੀਹ 74
ਲਾਠੀ 12
ਲਾਸ਼ 111
ਲੂਲ੍ਹਾਂ ਵਾਲਾ 136
ਲਾਲ ਬੁੱਝਕੜ 155

ਵ

ਵੀਰ 43
ਵਰਸ਼ 53
ਵਕੀਲ 92
ਵਿਰਾਗਣ 112

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com